GR Video Production



Where precious moments are captured

Gurinder Purewal

Videographer/Photographer

grvideoproduction01@gmail.com

www.grvideoproduction.com

For bookings, Call (510) 921-6626 or Kash Fabrics (510) 538-1138



ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 35

December 2, 2015

Postal Address 5101 Doe Hollow Pl, Antelope, CA-95843

www.deshdoaba.com

www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600

Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਪ੍ਰੀ-ਨਿਰਵਾਣ ਦਿਵਸ 'ਤੇ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ।

## ਰਾਜਨੀਤਿਕ ਬਦਲਾਅ ਦੇ ਦੌਰ ਵਿਚੋਂ ਲੰਘ ਰਿਹਾ ਹੈ ਪੰਜਾਬ

# ਕੈਪਟਨ ਨੂੰ ਦੁਬਾਰਾ ਕਪਤਾਨੀ ਮਿਲਣ ਤੋਂ ਬਾਅਦ ਸਿਆਸਤ ਵਿਚ ਆਈ ਗਰਮੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਚ ਇਸ ਵਕਤ ਸਮਾਜਿਕ, ਧਾਰਮਿਕ ਤੋਂ ਇਲਾਵਾ ਰਾਜਨੀਤਿਕ ਤੌਰ ਤੇ ਵੀ ਬਦਲਾਅ ਦਾ ਦੌਰ ਚੱਲ ਰਿਹਾ ਹੈ। ਸਾਲ 2012 ਦੀ ਸ਼ੁਰੂਆਤ ਵਿਚ ਹੀ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਹਨਾਂ ਚੋਣਾਂ ਦਰਮਿਆਨ ਇਸ ਵਾਰ ਨਵਾਂ ਇਹ ਹੋਣ ਜਾ ਰਿਹਾ ਹੈ ਕਿ ਬਾਕੀ ਰਵਾਇਤੀ ਪਾਰਟੀਆਂ ਦੇ ਨਾਲ ਇਕ ਤੀਜੀ ਧਿਰ ਆਮ ਆਦਮੀ ਪਾਰਟੀ ਪੂਰੀ ਤਾਕਤ ਨਾਲ ਪੰਜਾਬ ਵਿਚ ਚੋਣਾਂ ਲੜਨ ਲਈ ਵਿਉਂਤਬੰਦੀ ਕਰ ਰਹੀ ਹੈ ਅਤੇ ਆਮ ਆਦਮੀ ਪਾਰਟੀ ਦੀ ਇਸ ਵਿਉਂਤਬੰਦੀ ਦੇ ਕਾਰਨ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਤਿੰਨਾਂ ਰਵਾਇਤੀ ਪਾਰਟੀਆਂ ਦੇ ਅੰਦਰ ਇਕ ਡਰ ਵਾਲਾ ਮਾਹੌਲ ਹੈ। ਪੰਜਾਬ ਵਿਚ ਇਸ ਵਕਤ ਅਕਾਲੀ ਦਲ-ਭਾਜਪਾ ਦੀ ਸਰਕਾਰ ਲਗਾਤਾਰ ਦੂਜੀ ਪਾਰੀ ਵਿਚ ਹੈ ਅਤੇ ਇਹ ਸਰਕਾਰ ਹਾਲ ਦੀਆਂ ਘਟਨਾਵਾਂ ਦੇ ਕਾਰਨ ਕਾਫੀ ਬਦਨਾਮੀ ਵੀ ਖੱਟ ਚੁੱਕੀ ਹੈ। ਬੇਅਦਬੀ ਦੇ ਮਸਲੇ ਦੇ ਉਤੇ ਪੰਜਾਬ ਹੀ ਨਹੀਂ ਸਾਰੀ ਦੁਨੀਆਂ ਵਿਚ ਵੱਸਦੇ ਪੰਜਾਬੀਆਂ ਵਿਚ ਰੋਸ ਦੀ ਲਹਿਰ ਹੈ। ਇਹ ਘਟਨਾਵਾਂ







ਕੌਣ ਕਰਵਾ ਰਿਹਾ ਹੈ, ਇਸ ਤੋਂ ਪਰਦਾ ਉਠਣਾ ਤਾਂ ਬਾਕੀ ਹੈ, ਪਰ ਰੋਸ ਪ੍ਰਦਰਸ਼ਨਕਾਰੀਆਂ ਦੇ ਉਤੇ ਗੋਲੀਆਂ ਚਲਾਉਣਾ ਸਰਕਾਰ ਨੂੰ ਬਹੁਤ ਮਹਿੰਗਾ ਪਿਆ। ਇਸ ਦਰਮਿਆਨ ਹੀ ਮਾਲਵੇ ਦੀ ਕਪਾਹ ਬੈਲਟ ਦੇ ਕਿਸਾਨ ਵੀ ਸੰਗਠਿਤ ਹੋ ਕੇ ਸਰਕਾਰ ਨੂੰ ਸਖਤ ਚੁਣੌਤੀ ਦੇ ਰਹੇ ਹਨ। ਚੋਣਾਂ ਨੇੜੇ ਆਉਣ ਕਾਰਨ ਕਈ ਯੂਨੀਅਨਾਂ ਇਸ ਸਮੇਂ ਨੂੰ ਸਰਕਾਰ ਤੇ ਦਬਾਅ ਬਣਾ ਕੇ ਆਪਣੀਆਂ ਮੰਗਾਂ ਮਨਵਾਉਣ ਲਈ ਢੁਕਵਾਂ ਸਮਾਂ ਸਮਝਦੀਆਂ ਹਨ।

ਅਕਾਲੀ ਦਲ ਦੇ ਵਿਰੋਧ ਵਿਚਕਾਰ ਸਰਬੱਤ ਖਾਲਸਾ ਅਤੇ ਨਵੇਂ ਥਾਪੇ ਜਥੇਦਾਰਾਂ ਨੂੰ ਜੇਲ੍ਹਾਂ ਵਿਚ ਡੱਕਣ ਦੇ ਮੁੱਦੇ ਤੇ ਸਰਕਾਰ ਦੀ ਸਖਤ ਆਲੋਚਨਾ ਹੋ ਰਹੀ ਹੈ, ਪਰ ਇਕ ਵਰਗ ਇਸ ਨੂੰ ਸਿਆਸੀ ਖੇਡ ਵੀ ਮੰਨਦਾ ਹੈ। ਅਕਾਲੀ ਦਲ ਇਸ ਲਈ ਕਾਂਗਰਸ ਨੂੰ ਜ਼ਿੰਮੇਵਾਰ ਕਹਿ ਰਿਹਾ ਹੈ ਅਤੇ ਕਾਂਗਰਸ ਸਫਾਈਆਂ ਦੇ ਰਹੀ ਹੈ। ਇਸ ਦਰਮਿਆਨ ਹੀ ਕਾਂਗਰਸ ਨੇ ਇਕ ਵਾਰ ਫਿਰ ਆਪਣੇ ਪੁਰਾਣੇ ਜਰਨੈਲ ਕੈਪਟਨ ਅਮਰਿੰਦਰ ਸਿੰਘ ਦੇ ਹੱਥ


(ਬਾਕੀ ਸਫਾ 4 ਤੇ)


# ਸੈਨ ਬਰੀਨੈਂਡੋ ਵਿਚ ਅੰਗਹੀਣਾਂ ਦੇ ਸਮਾਜ ਸੇਵਾ ਕੇਂਦਰ ਤੇ ਗੋਲੀਬਾਰੀ

**ਸੈਨ ਬਰੀਨੈਂਡੋ (ਕੈਲੇਫੋਰਨੀਆ)–** ਕੈਲੇਫੋਰਨੀਆ ਦੇ ਸੈਨ ਬਰੀਨੈਂਡੋ ਵਿਚ ਅੰਗਹੀਣ ਲੋਕਾਂ ਦੇ ਲਈ ਬਣਾਏ ਗਏ ਸਮਾਜਿਕ ਸੇਵਾ ਕੇਂਦਰ ਤੇ ਅੰਨ੍ਹੇਵਾਹ ਗੋਲੀਆਂ



ਚਲਾ ਕੇ 14 ਲੋਕਾਂ ਨੂੰ ਮਾਰ ਦਿੱਤਾ ਅਤੇ ਇਸ ਤੋਂ ਜ਼ਿਆਦਾ ਜ਼ਖਮੀ ਹੋਏ ਹਨ। ਬੰਦੂਕਧਾਰੀ ਘਟਨਾ ਸਥਾਨ ਤੋਂ ਇਕ ਕਾਲੀ ਗੱਡੀ ਵਿਚ ਭੱਜ ਗਏ। ਉਹਨਾਂ ਦੇ ਕੋਲ ਲੰਮੀਆਂ ਬੰਦੂਕਾਂ ਸਨ। ਖਬਰ ਲਿਖੇ ਜਾਣ ਤੱਕ ਇਸ ਬਾਰੇ ਸੂਚਨਾ ਨਹੀਂ ਮਿਲ ਸਕੀ ਕਿ ਇਹ ਅੱਤਵਾਦੀ ਹਮਲਾ ਸੀ ਜਾਂ ਨਹੀਂ। ਪੁਲਿਸ ਨੇ ਉਸ ਥਾਂ ਦੀ ਘੇਰਾਬੰਦੀ ਕਰ ਲਈ ਸੀ ਅਤੇ ਦੋਸ਼ੀਆਂ ਦੀ ਭਾਲ ਲਈ ਸਰਗਰਮ ਹੈ।

# ਏਅਰ ਇੰਡੀਆ ਦੀ ਦਿੱਲੀ- ਸੈਨ ਫਰਾਂਸਿਸਕੋ ਨੌਨ-ਸਟਾਪ ਫਲਾਈਟ ਆਰੰਭ

**ਸੈਨ ਫਰਾਂਸਿਸਕੋ–** ਏਅਰ ਇੰਡੀਆ ਨੇ ਦਿੱਲੀ ਅਤੇ ਸੈਨ ਫਰਾਂਸਿਸਕੋ ਵਿਚਕਾਰ ਦੂਰੀਆਂ ਨੂੰ ਸਮੇਟਦਿਆਂ ਦੁਨੀਆਂ ਦੀ ਪਹਿਲੀ ਸਿੱਧੀ ਨੌਨ ਸਟੌਪ ਫਲਾਈਟ 2 ਦਸੰਬਰ ਤੋਂ ਆਰੰਭ ਕਰ ਦਿੱਤੀ ਹੈ। ਇਹ ਫਲਾਈਟ ਹਫਤੇ ਵਿਚ ਤਿੰਨ ਦਿਨ ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ



ਸੈਨਫਰਾਂਸਿਸਕੋ- ਦਿੱਲੀ ਤੋਂ ਚੱਲਿਆ ਕਰੇਗੀ। ਇਸ ਫਲਾਈਟ ਲਈ ਏਅਰ ਇੰਡੀਆ ਨੇ ਆਪਣਾ ਨਵਾਂ ਬੀ 777-200 ਐਲ ਆਰ ਜਹਾਜ਼ ਚੁਣਿਆ ਹੈ। ਹੋਰ ਜਾਣਕਾਰੀ ਲਈ ਏਅਰ ਇੰਡੀਆ ਨਾਲ ਸੰਪਰਕ ਕਰੋ।


Raja SWEETS & CATERING



ITEMS SERVING

Authorized Caterer for Major 5-Star Hotels

All Kinds of Sweets, Snacks, Chaat Stall, North Indian Cuisine, Flude Kulfi Stall, On Site Tandoon

Additional Services

Warmers, Chaffing Dishes, Chind & Silverware, Linen Rental, Walters, Barlenders

Catering Services

Wedding Ceremonies, Receptions, Birthday Parties, Corporale Events, Religious Gatherings, Picnic/Bar-B-Que

Contact Us: RAJA SWEETS & CATERING

WORK (510) 489-9100

CELL (510) 715-1619

www.rajasweets.com

Email: msbains@rajasweets.com

AAA AUTO AND BODY WORKS

We Do Complete Engine Transmission, Body and Paint Work We Sell Used Cars at a Good Price



ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

Free Estimates Free Towing



Prop: Jasbir Singh Takhar 510-755-2132

510- 733- 2222

1421 Industrial PKWY West#F Hayward, CA 94544

Harmandeep Singh

TANDOOR Indian Restaurant

27167 Mission Blvd. Hayward, CA 95544

ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

We are open seven days 11 AM to 10 PM

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

Ph. 510-885-1212, Fax. 510-885-1532



RAMESH SUMAN Broker Realtor RCS-D ™

MAJESTIC HOMES

Office (925) 779-1234

Direct (925) 366-3618

Fax (905) 219-3918

DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY



Ram Saroay Broker

ramsaroay@hotmail.com

39039 Paseo Padre Parkway Suite # 205 Fremont, CA 94538

Office: (510) 742-8120, Fax: (510) 742-8121

Amrik Chand (CPA)



Phone : 510-490-8200

Fax : 510-490-8202

Email : achand@pacbell.net

Income Tax Preparation (Individual, Corporation & LLC) Payroll Services & Bookkeeping Services

* We are in this business since 1989. Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



MANDEEP SANDHU msandhu2014@gmail.com

SANDHU IMMIGRATION CONSULTANT

Passports, Visas, Green Cards, Notary, Immigration Forms Citizenship, Study Visas, Family Immigration Visas

SANDHU Tours And Travels

(CST# 2122162-50)

Email: sandhutat@gmail.com.

WE OPEN 7-DAYS A WEEK

Note: I am not an Immigration Attorney.

"We sell International and Domestic Airline Tickets on Low Airfares"

(209-373-3562)

3222 PENELOPE DR. STOCKTON, CA- 95212 (NEAR HWY 99 ON MORADA LANE)

Jaspreet Singh Attorney at Law USA

Over 18 years of Legal Experience

USA Immigration Citizenship, Green Card Deportation defense Political Asylum

Specilized in Detention cases, Artists Singers P3 visas Priest R1 visas

Investor EB 5 visas L1 Business visas Family law Criminal Defense cases.

Offices

New York 37-18 73 Street Suite # 401 Jackson Heights Ny 11372 Phone : 718-533-8444

Fremont 44790 S Grimmer Blvd # 208 Fremont CA 94538 Phone : 510-657-6444

Fresno 4491 W Shaw ave # 131 Fresno CA 93711 Phone : 559-271-5511

Sacramento 2901 W Capitol ave West Sacramento CA 95691 Phone : 916-385-2288



Jaspreet Singh Email : jaspreetsinghlawoffice@gmail.com



INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets

# ਕਰਮਨ ਵਿਖੇ ਗੀਤਕਾਰ ਗੈਰੀ ਢੇਸੀ ਦੇ ਗੀਤਾਂ ਦੀ ਲੱਗੀ ਮਹਿਫਲ

## 'ਚਾਂਦੀ ਦਾ ਛੱਲਾਂ' ਦੀ ਹੋਈ ਘੁੰਡ ਚੁਕਾਈ'



**ਫਰਿਜ਼ਨੋ (ਧਾਲੀਆਂ / ਮਾਛੀਕੇ):** ਸੈਂਟਰਲ ਵੈਲੀ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਸਾਹਿੱਤਕ ਪ੍ਰੇਮੀਆ ਦੀ ਵਿਸ਼ੇਸ਼ ਮਹਿਫਲ ਕਰਮਨ ਵਿਖੇ ਲੱਗੀ। ਜਿਸ ਦੀ ਸੁਰੂਆਤ ਅਵਤਾਰ ਸਿੰਘ ਗਰੇਵਾਲ ਦੇ ਧਾਰਮਿਕ ਗੀਤ ਨਾਲ ਹੋਈ। ਇਸ ਉਪਰੰਤ ਚੱਲਿਆ ਸਮੁੱਚੀ ਮਹਿਫਲ ਵਿੱਚ ਗਾਇਕਾ ਨੇ ਗੈਰੀ ਢੇਸੀ ਦੇ ਗੀਤਾਂ ਨੂੰ ਗਾ ਕੇ ਖੂਬ ਰੰਗ ਬੰਨਿਆਂ। ਇਸੇ ਸਮੇਂ ਗੁਲਬਿੰਦਰ ਗੈਰੀ ਢੇਸੀ ਦੇ ਲਿਖੇ ਗੀਤ 'ਚਾਂਦੀ ਦਾ ਛੱਲਾਂ' ਦੀ ਘੁੰਡ ਚੁਕਾਈ ਦੀ ਰਸਮ ਵੀ ਕੀਤੀ ਗਈ। ਇਸ ਗੀਤ ਨੂੰ ਕੈਲੀਫੋਰਨੀਆਂ ਦੇ ਪ੍ਰਸਿੱਧ ਗਾਇਕ ਧਰਮਵੀਰ ਥਾਂਦੀ ਨੇ ਆਪਣੀ ਸੁਰੀਲੀ ਆਵਾਜ਼ ਰਾਹੀ ਲੋਕ ਰੰਗ ਵਿੱਚ ਗਾ ਕੇ ਸਾਫ-ਸੁੱਥਰੀ ਗਾਇਕੀ ਦੀ ਲੜੀ ਵਿੱਚ ਸਾਮਲ ਕੀਤਾ। ਇਸ ਤੋਂ ਇਲਾਵਾ ਧਰਮਵੀਰ ਥਾਂਦੀ ਨੇ ਹੋਰ ਬਹੁਤ ਸਾਰੇ ਗੀਤਾਂ ਰਾਹੀ ਮਹਿਫਲ ਨੂੰ ਰੰਗੀਨ ਬਣਾਈ ਰੱਖਿਆ। ਗੀਤਕਾਰ ਗੈਰੀ ਢੇਸੀ ਨੇ ਆਪਣੇ ਬਹੁਤ ਸਾਰੇ ਗੀਤ ਹਾਜ਼ਰੀਨ ਨਾਲ ਸਾਂਝੇ ਕੀਤੇ। ਇਸੇ ਸੰਗੀਤਕ ਸਾਮ ਵਿੱਚ ਸੁਰਜੀਤ ਸਿੰਘ ਮਾਛੀਵਾੜਾ, ਗੁਲੂ ਸਿੱਧੂ ਬਰਾੜ ਅਤੇ ਪਾਲਾ ਸਿੰਘ ਢੇਸੀ ਆਦਿਕ ਨੇ ਵੀ ਆਪਣੇ ਗੀਤਾਂ ਰਾਹੀ ਵਾਹ-ਵਾਹ ਖੱਟੀ। ਇਸ ਤੋਂ ਇਲਾਵਾ ਸਿਰਕੱਢ ਗੀਤਕਾਰ ਅਤੇ ਕਵੀ ਸੁੱਖੀ ਧਾਲੀਵਾਲ ਨੇ ਪੰਜਾਬ ਦੇ ਦੁਖਾਂਤ ਅਤੇ ਉੱਥੇ ਦੀ ਭ੍ਰਿਸ਼ਟਾਚਾਰ ਲੀਡਰਸਿਪ 'ਤੇ ਵਿਅੰਗਮਈ ਕਵਿਤਾਵਾ ਰਾਹੀ ਵਤਨ ਦੀ ਯਾਦ ਕਰਵਾਈ। ਪੱਤਰਕਾਰ ਨੀਟਾ ਮਾਛੀਕੇ, ਜਸਵੀਰ ਸਿੰਘ ਸਰੈਣ, ਮਾਸਟਰ ਟਹਿਲ ਸਿੰਘ ਢੇਸੀ, ਹਰਜੀਤ ਸਿੰਘ ਗਰੇਵਾਲ, ਸਤਵੀਰ ਸਿੰਘ ਹੀਰ ਆਦਿਕ ਨੇ ਆਪਣੇ ਵਿਚਾਰ ਸਾਂਝੇ ਕੀਤੇ। ਸਟੇਜ਼ ਸੰਚਾਲਨ ਕੁਲਵੰਤ ਸਿੰਘ ਉੱਭੀ ਨੇ ਬਾਖੂਬੀ ਕੀਤਾ। ਅੰਤ ਵਿੱਚ ਗੈਰੀ ਢੇਸੀ ਨੇ ਸਾਫ-ਸੁਥਰੇ ਗੀਤ ਲਿਖਣ ਦੀ ਵਚਨਬੱਧਤਾ ਪ੍ਰਗਟਾਉਦੇ ਹੋਏ ਸਭ ਹਾਜ਼ਰੀਨ ਦਾ ਵਿੱਚ ਸਾਮਲ ਹੋਣ 'ਤੇ ਧੰਨਵਾਦ ਕੀਤਾ।

# ਫਰਿਜ਼ਨੋ ਵਿਖੇ ਪੰਜਾਬ ਅੰਦਰ ਪ੍ਰੈਸ ਦੀ ਅਜ਼ਾਦੀ ਤੇ ਹੋ ਰਹੇ ਘੋਰ ਅੱਤਿਆਚਾਰ ਦੀ ਨਿਖੇਧੀ



**ਫਰਿਜ਼ਨੋ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ-** ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸਰਕਾਰ ਜਿਸ ਤਰੀਕੇ ਨਾਲ ਪੱਤਰਕਾਰ ਭਾਈਚਾਰੇ ਜਾ ਸ਼ੋਸ਼ਲ ਮੀਡੀਏ ਤੇ ਸਰਗਰਮ ਸੱਜਣਾਂ ਨਾਲ ਜੋ ਧੱਕੇਸ਼ਾਹੀ ਜਾ ਉਹਨਾਂ ਨੂੰ ਜਿਵੇਂ ਤੰਗ ਪ੍ਰੇਸ਼ਾਨ ਕਰ ਰਹੀ ਹੈ, ਉਸ ਸਬੰਧੀ ਇੱਕ ਇਕੱਠ ਫਰਿਜ਼ਨੋਂ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਹੋਇਆ, ਜਿਥੇ ਪੱਤਰਕਾਰ ਬਲਤੇਜ਼ ਪੰਨੂ ਤੇ ਪਾਏ ਗਏ ਬਲਾਤਕਾਰ ਦੇ ਝੂਠੇ ਪਰਚੇ ਦੀ ਬੁਲਾਰਿਆਂ ਨੇ ਕਰੜੇ ਸਬਦਾਂ ਵਿੱਚ ਨਿਖੇਦੀ ਕੀਤੀ। ਬੁਲਾਰਿਆ ਨੇ ਕਿਹਾ ਕਿ ਪੱਤਰਕਾਰਤਾ ਕਿਸੇ ਵੀ ਦੇਸ਼ ਦੇ ਲੋਕਤੰਤਰ ਦਾ ਚੌਥਾ ਥੰਮ ਹੁੰਦਾ ਹੈ ਅਗਰ ਅਸੀ ਉਸ ਥੰਮ ਦੀਆਂ ਨੀਹਾਂ ਖੁਰਚਾਗੇ ਤਾਂ ਇੱਕ ਦਿਨ ਛੱਤ ਵੀ ਸਾਡੇ ਆਪਣੇਂ ਉਤੇ ਹੀ ਡਿਗੇਗੀ। ਬੁਲਾਰਿਆਂ ਨੇ ਕਿਹਾ ਕਿ ਜਿਵੇਂ-ਜਿਵੇਂ ਸਰਕਾਰ ਪ੍ਰਤੀ ਲੋਕ ਰੋਹ ਪ੍ਰਚੰਡ ਹੋ ਰਿਹਾ, ਲੋਕਾਂ ਦਾ ਧਿਆਨ ਵੰਡਣ ਲਈ ਪੰਜਾਬ ਸਰਕਾਰ ਹਰ ਰੋਜ਼ ਨਵੇਂ ਹੱਥ ਕੰਡੇ ਵਰਤ ਰਹੀ ਹੈ, ਪਰ ਹਰ ਚਾਲ ਉਹਨਾਂ ਦੀ ਪੁਠੀ ਪੈ ਰਹੀ ਹੈ ਸ਼ਾਇਦ ਇਸੇ ਬੁਖਲਾਹਟ ਕਰਕੇ ਜਿਹੜਾ ਵੀ ਕੋਈ ਇਹਨਾਂ ਦੀ ਅਲੋਚਨਾਂ ਕਰਦਾ ਉਹ ਇਹਨਾਂ ਦੀ ਅੱਖ ਵਿੱਚ ਰੜਕਦਾ ਤੇ ਫਿਰ ਉਹਦੀ ਅਵਾਜ਼ ਬੰਦ ਕਰਵਾਉਣ ਲਈ ਉਸਤੇ ਪੁਲਿਸ ਤਸੱਦਦ ਅਤੇ ਝੂਠੇ ਮੁਕੱਦਮੇ ਆਦਿ ਦਰਜ਼ ਕਰਕੇ ਉਹਨੂੰ ਐਸਾ ਦਬਕਾਇਆ ਅਤੇ ਧਮਕਾਇਆ ਜਾਦਾ ਜਾ ਉਹਨੂੰ ਜਲੀਲ ਹੀ ਇਸ ਤਰਾਂ ਕੀਤਾ ਜਾਦਾ ਕਿ ਬੋਲਣ ਵਾਲਾ ਮੂੰਹ ਬੰਦ ਰੱਖਣ ਵਿੱਚ ਹੀ ਭਲਾਈ ਸਮਝਦਾ ਹੈ। ਇਸ ਵਰਤਾਰੇ ਲਈ ਬੁਲਾਰਿਆ ਨੇ ਪੰਜਾਬ ਸਰਕਾਰ ਨੂੰ ਖੂਬ ਝਾੜਾ ਪਾਈਆਂ ਅਤੇ ਬਲਤੇਜ ਪੰਨੂ ਤੇ ਹੋ ਰਹੇ ਤਸ਼ੱਦਦ ਸਬੰਧੀ ਬੁਲਾਰਿਆ ਨੇ ਕਨੇਡੀਅਨ ਸਰਕਾਰ ਅਤੇ ਮਨੁਖੀ ਅਧਿਕਾਰ ਸੰਸਥਾਵਾਂ ਨੂੰ ਦਖਲ ਦੇਣ ਦੀ ਬੇਨਤੀ ਵੀ ਕੀਤੀ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਮਹਿੰਦਰ ਸਿੰਘ ਸੰਧਾਵਾਲੀਆ, ਸੁਰਿੰਦਰ ਸਿੰਘ, ਹਾਕਮ ਸਿੰਘ ਢਿੱਲੋਂ, ਗੁਰਦੀਪ ਸ਼ੇਰਗਿੱਲ, ਗੈਰੀ ਢੇਸੀ, ਜਗਰੂਪ ਸਿੰਘ, ਰਾਜਵਿੰਦਰ ਬਰਾੜ, ਹੈਰੀ ਮਾਨ, ਰਣਜੀਤ ਗਿੱਲ ਅਤੇ ਵਿੱਕੀ ਹੀਰ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਸੱਜਣਾਂ ਨੇ ਆਪਣੇ ਵਿਚਾਰ ਰੱਖੇ।

ਗੁਰਨੇਕ ਸਿੰਘ ਬਾਗੜੀ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਪੱਤਰਕਾਰ ਨੀਟਾ ਮਾਛੀਕੇ ਨੇ ਸਟੇਜ਼ ਸੰਚਾਲਨ ਬਾਖੂਬੀ ਕੀਤਾ। ਇਸ ਪ੍ਰੋਗਰਾਮ ਨੂੰ ਪੰਜਾਬੀਆਂ ਨੇ ਵੱਡੀ ਗਿਣਤੀ ਵਿੱਚ ਪਹੁੰਚਕੇ ਕਾਮਯਾਬ ਬਣਾਇਆ।

# ਚਲਾ ਗਿਆ ਫਰਾਲੇ ਦਾ ਹੀਰੋ- ਅਟਵਾਲ ਪਰੀਵਾਰ ਨੂੰ ਸਦਮਾ

**ਸੈਨਹੋਜ਼ੇ, (ਚਰਨਜੀਤ ਸਿੰਘ ਪੰਨੂ)-** ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਪਿੰਡ ਫਰਾਲਾ ਜਿਲ੍ਹਾ ਨਵਾਂ ਸ਼ਹਿਰ ਵਿਚ ਸਤੰਬਰ ਇਕ 1924 ਨੂੰ ਜਨਮੇ, ਕੇਵਲ ਕ੍ਰਿਸ਼ਨ ਸਿੰਘ ਅਟਵਾਲ ਮਿਤੀ 26 ਨਵੰਬਰ 2015 ਨੂੰ ਦਿਮਾਗ਼ ਵਿਚ ਖੂਨ ਦੇ ਰਸਾਓ ਕਾਰਨ ਜ਼ਿਦਗੀ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਜਾਣ ਨਾਲ ਸਮਾਜ ਨੂੰ ਨਾਪੂਰਣਯੋਗ ਘਾਟਾ ਪਿਆ ਹੈ। ਉਨ੍ਹਾਂ ਨੇ ਦੋਆਬਾ ਕਾਲਿਜ ਜਲੰਧਰ ਤੋਂ ਐਮ. ਐਸ. ਸੀ.ਬੀ. ਟੀ. ਤੱਕ ਵਿਦਿਆ ਹਾਸਲ ਕਰ ਕੇ ਸੰਕਰ, ਸਰਹਾਲ ਕਾਜ਼ੀਆਂ, ਫਗਵਾੜਾ, ਬੜਾ ਪਿੰਡ ਆਦਿ ਸਕੂਲਾਂ ਵਿਚ ਬੇਮਿਸਾਲ ਅਧਿਆਪਨ ਕੈਰੀਅਰ ਨਿਭਾਇਆ। ਉਹ 1982 ਵਿਚ ਪਿੰਡ ਵਿਰਕਾਂ ਤੋਂ ਪ੍ਰਿੰਸੀਪਲ ਦੇ ਅਹੁਦੇ ਤੋਂ ਰਿਟਾਇਰ ਹੋਏ। ਨੌਕਰੀ ਦੇ ਨਾਲ ਉਨ੍ਹਾਂ ਨੂੰ ਬਿਜ਼ਨਿਸ ਦਾ ਵੀ ਚੰਗਾ ਸ਼ੌਕ ਤੇ ਤਜਰਬਾ ਸੀ। ਉਨ੍ਹਾਂ 1966 ਵਿਚ ਅਟਵਾਲ ਇੰਡਸਟਰੀ ਫਗਵਾੜਾ ਸ਼ੁਰੂ ਕੀਤੀ। ਜਨਤਾ ਐਕਸਪ੍ਰੈਸ ਬੱਸ ਸਰਵਿਸ ਅਤੇ ਅਟਵਾਲ ਕੋਚ ਨਾਮੀਂ ਬੱਸ ਸਰਵਿਚ ਬੜੀ ਕਾਮਯਾਬੀ ਨਾਲ ਚਲਾਈ। ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ, ਸਵਰਨ ਸਿੰਘ, ਚੌਧਰੀ ਜਗਤ ਰਾਮ, ਅਮਰਜੀਤ ਸਮਰਾ, ਜਿਹੇ ਅਮੀਰਾਂ ਵਜੀਰਾਂ ਨਾਲ ਉਨ੍ਹਾਂ ਦੀ ਨਜ਼ਦੀਕੀ ਸੁਹਬਤ ਸੀ। 1983 ਵਿਚ ਅਮਰੀਕਾ ਪਹੁੰਚ ਕੇ ਵੀ ਉਨ੍ਹਾਂ ਸਮਾਜ ਸੇਵਾ ਦੇ ਨਾਲ ਨਾਲ ਡਾਇਓਨੈਕਸ ਕਾਰਪੋਰੇਸ਼ਨ ਵਿਚ ਲੈਬ ਟੈਕਨੀਸ਼ੀਅਨ ਦੇ ਤੌਰ ਤੇ ਸੇਵਾ ਕਰ ਕੇ ਚੰਗਾ ਨਾਮਨਾ ਖੱਟਿਆ। ਉਨ੍ਹਾਂ ਸੈਨਹੋਜ਼ੇ ਸਿਟੀ ਕਾਲਜ, ਸਿਟੀ ਸਕੂਲ ਤੇ ਖ਼ਾਲਸਾ ਸਕੂਲ ਵਿਚ ਅਲਜਬਰਾ, ਹਿਸਾਬ ਅਤੇ ਅੰਗਰੇਜ਼ੀ ਟਿਊਟਰ ਦੀ ਵਲੰਟੀਅਰ ਸੇਵਾ ਕੀਤੀ। ਆਪਣੀ ਅਣਥੱਕ ਮਿਹਨਤ ਸਦਕਾ ਮਾਊਂਟੇਨਵਿਊ ਕੈਲੀਫੋਰਨੀਆ ਵਿਖੇ ਮੁਮਤਾਜ਼ ਇੰਡੀਅਨ ਕੁਜ਼ੀਨ ਬੜੀ ਕਾਮਯਾਬੀ ਨਾਲ ਚਲਾਇਆ। ਬਹੁਤ ਚੁਸਤ-ਫੁਰਤ ਸਿਹਤ ਦੇ ਮਾਲਕ ਉਹ ਅਖੀਰ ਤੱਕ ਬਿਨ ਨਾਗਾ ਪੰਜ ਮੀਲ ਰੋਜ਼ਾਨਾ ਸੈਰ ਕਰਨ ਦੇ ਆਦੀ ਸਨ। ਉਨ੍ਹਾਂ ਨੂੰ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਨੇ ਮਾਣ ਸਨਮਾਨ ਦੇ ਕੇ ਆਪਣਾ ਮਾਣ ਵਧਾਇਆ। 2007 ਵਿਚ ਡਾਕਟਰ ਦਲਵੀਰ ਸਿੰਘ ਪੰਨੂ ਨੇ ਅਮਰੀਕਾ ਵਿਚ ਸਭ ਤੋਂ ਵਡੇਰੀ ਉਮਰ ਦੇ ਫਰਾਲਵੀ ਪ੍ਰਿੰਸੀਪਲ ਕੇਵਲ ਕ੍ਰਿਸ਼ਨ ਸਿੰਘ 'ਹੀਰੋ ਆਫ਼ ਫਰਾਲਾ' ਨੂੰ ਸਮਰਪਣ 'ਫਰਾਲਾ ਡਾਟ ਕਾਮ' ਵੈੱਬਸਾਈਟ ਬਣਾਈ ਤੇ ਉਨ੍ਹਾਂ ਦੇ ਹੱਥੋਂ ਰੀਲੀਜ਼ ਕੀਤੀ ਗਈ। ਉਨ੍ਹਾਂ ਦੇ ਪੰਜਾਹ ਤੋਂ ਵੱਧ ਪਰਿਵਾਰਕ ਮੈਂਬਰਾਂ ਵਿਚ ਤਿੰਨ ਪੁੱਤਰ, ਦੋ ਬੇਟੀਆਂ, ਦਸ ਪੋਤਰੇ/ਦੋਹਤੇ ਤੇ 13 ਪੜਪੋਤੇ ਸ਼ਾਮਲ ਹਨ। ਇਨ੍ਹਾਂ ਵਿਚ ਕਈ ਮੈਂਬਰ ਚੰਗੇ ਵਿਕਾਰੀ ਰੁਤਬਿਆਂ ਤੇ ਤੈਨਾਤ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਮਿਸ਼ਨ ਹੇਵਰਡ ਸ਼ਮਸ਼ਾਨ ਘਾਟ ਵਿਚ ਪੰਜ ਦਸੰਬਰ 2015 ਸ਼ਨੀਵਾਰ ਸਵੇਰੇ ਦਸ ਵਜੇ ਤੋਂ ਬਾਰਾਂ ਵਜੇ ਤੱਕ ਅਤੇ ਅੰਤਿਮ ਅਰਦਾਸ ਗੁਰਦਵਾਰਾ ਸੈਨਹੋਜ਼ੇ ਵਿਖੇ ਤਿੰਨ ਵਜੇ ਹੋਣੀ ਨੀਯਤ ਹੈ।



# ਕੈਪਟਨ ਦੇ ਪ੍ਰਧਾਨ ਬਣਨ ਨਾਲ ਕਾਂਗਰਸ ਵਿਚ ਨਵੀਂ ਰੂਹ ਫੂਕੀ ਗਈ- ਸਹੋਤਾ, ਗਿੱਲ

**ਫਰਿਜ਼ਨੋਂ (ਕੁਲਵੀਰ ਹੇਅਰ)-** ਕੈਪਟਨ ਅਮਰਿੰਦਰ ਸਿੰਘ ਮੌਜੂਦਾ ਐਮ ਪੀ ਸ੍ਰੀ ਅੰਮ੍ਰਿਤਸਰ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ ਤੇ ਅਮਰੀਕੀ ਕਾਂਗਰਸੀ ਆਗੂਆਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ





ਪਾਰਟੀ ਦਾ ਸਹੀ ਫੈਸਲਾ ਐਲਾਨ ਦੇ ਹੋਏ ਕਾਂਗਰਸ ਵਿਚ ਨਵੀਂ ਰੂਹ ਫੂਕੇ ਜਾਣ ਦਾ ਦਾਅਵਾ ਕੀਤਾ ਹੈ। ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਕ੍ਰਿਪਾਲ ਸਿੰਘ ਸਹੋਤਾ (ਪਾਲ ਸਹੋਤਾ) ਅਤੇ ਜੁਗਰਾਮ ਸਿੰਘ ਗਿੱਲ (ਰਾਣਾ ਗਿੱਲ), ਬੱਬੀ ਟਿਵਾਣਾ, ਸੁੱਖੀ ਘੁੰਮਣ, ਸੁੱਖੀ ਚਾਹਲ, ਬੀ ਐਸ ਸ਼ਰਮਾ ਅਤੇ ਚਰਨ ਸਿੰਘ ਗੁਰਮ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੋਨੀਆਂ ਗਾਂਧੀ ਅਤੇ ਰਾਹੁਲ ਗਾਂਧੀ ਅਸੀਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਨਬਜ਼ ਪਛਾਣਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦਾ ਪ੍ਰਧਾਨ ਥਾਪਿਆ ਹੈ। ਉਹਨਾਂ ਅੱਗੇ ਕਿਹਾ ਕਿ ਪੰਜਾਬ ਦੇ ਪਾਣੀਆਂ ਦੇ ਰਾਖੇ ਅਤੇ ਨਿਡਰ ਨੇਤਾ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਪੰਜਾਬ ਕਾਂਗਰਸ ਦੀ ਕਮਾਂ ਆਉਣ ਨਾਲ ਜਿਥੇ ਪੰਜਾਬ ਦੀ ਧੜੇਬੰਦੀ ਖਤਮ ਹੋਵੇਗੀ ਉਥੇ ਪੰਜਾਬ ਕਾਂਗਰਸ ਦੇ ਹਰ ਵਰਕਰ ਵਿਚ ਖੁਸ਼ੀ ਪਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਬਠਿੰਡਾ ਸਹੁੰ ਚੁੱਕ ਸਮਾਗਮ ਸਬੰਧੀ ਕੀਤੀ ਜਾ ਰਹੀ ਰੈਲੀ ਇਤਿਹਾਸਕ ਹੋਵੇਗੀ। ਉਹਨਾਂ ਕਿਹਾ ਕਿ ਪੰਜਾਬ ਵਿਚੋਂ ਅਕਾਲੀ ਸਰਕਾਰ ਤੋਂ ਹਰ ਵਰਗ ਘੁਟਨ ਮਹਿਸੂਸ ਕਰ ਰਿਹਾ ਹੈ ਅਤੇ ਹੁਣ ਪੰਜਾਬ ਦੇ ਲੋਕਾਂ ਨੂੰ ਆਸ ਬੱਝ ਗਈ ਹੈ ਕਿ ਕੈਪਟਨ ਅਮਰਿੰਦਰ ਸਿੰਘ ਉਹਨਾਂ ਨੂੰ ਅਕਾਲੀ ਭਾਜਪਾ ਦੇ ਚੁੰਗਲ ਵਿਚੋਂ ਛੁਡਾ ਲੈਣਗੇ। ਉਹਨਾਂ ਕਿਹਾ ਕਿ ਹੁਣ ਕਾਂਗਰਸ ਦੀ 2017 ਦੀਆਂ ਚੋਣਾਂ ਵਿਚ ਜਿੱਤ ਯਕੀਨੀ ਹੋ ਗਈ ਹੈ।

# ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਦਾ ਮਸਲਾ ਲੋਕ ਸਭਾ ਵਿੱਚ ਉਠਾਉਣ ਦੀ ਮੰਗ

**ਅੰਮ੍ਰਿਤਸਰ-** ਅੰਮ੍ਰਿਤਸਰ ਵਿਕਾਸ ਮੰਚ ਨੇ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਵਾਉਣ ਦਾ ਮਾਮਲਾ ਲੋਕ ਸਭਾ ਵਿੱਚ ਉਠਾਉਣ ਲਈ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ।ਇਹ ਵੀ ਬੇਨਤੀ ਕੀਤੀ ਹੈ ਕਿ ਉਹ ਇਸ ਮਸਲੇ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਅਸ਼ੋਕ ਗਜਪਥੀ ਰਾਜੂ ਨੂੰ ਵੀ ਮਿਲਣ ਦੀ ਖੇਚਲ ਕਰਨ ਤਾਂ ਜੋ ਘਾਟੇ ਵਿਚ ਜਾ ਰਿਹਾ ਹਵਾਈ ਅੱਡਾ ਲਾਭ ਕਮਾਊ ਪੁੱਤ ਬਣ ਸਕੇ ਅਤੇ ਪੰਜਾਬੀਆਂ ਨੂੰ ਦਿੱਲੀ ਹਵਾਈ ਅੱਡੇ ਦੀ ਖਜ਼ਲ ਖੁਆਰੀ ਤੋਂ ਛੁਟਕਾਰਾ ਮਿਲ ਸਕੇ। ਪ੍ਰੈਸ ਨੂੰ ਜਾਰੀ ਬਿਆਨ ਵਿੱਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਕਿਹਾ ਕਿ ਕਈ ਏਅਰਲਾਇਨਜ਼ ਗੁਰੂ ਦੀ ਇਸ ਨਗਰੀ ਤੋਂ ਸਿੱਧੀ ਉਡਾਣਾਂ ਸ਼ੁਰੂ ਕਰਨੀਆਂ ਚਾਹੁੰਦੀਆਂ ਹਨ ,ਪਰ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਜਾ ਰਹੀ।ਟਰਕਿਸ਼ ਏਅਰ ਲਾਇਨਜ਼ ਦੀ ਇਸ ਸਮੇਂ ਦਿੱਲੀ ਅਤੇ ਮੁਬੰਈ ਤੋਂ ਇਕ ਇਕ ਉਡਾਣ ਹੈ ਤੇ ਇਹ ਹਵਾਈ ਕੰਪਨੀ ਜੁਲਾਈ 2013 ਤੋਂ ਅੰਮ੍ਰਿਤਸਰ ਲਈ ਉਡਾਣ ਦੀ ਮੰਗ ਕਰ ਰਹੀ ਹੈ। ਸਿੱਧੀਆਂ ਉਡਾਣਾਂ ਨਾਲ ਸਵਾਰੀਆਂ ਦੇ ਨਾਲ ਨਾਲ ਪੰਜਾਬ ਅਤੇ ਹਿਮਾਚਲ ਦੀਆਂ ਸਬਜੀਆਂ, ਫਲ, ਡੱਬਾ ਪੈਕ ਆਦਿ ਕਾਰਗੋ ਦਾ ਸਮਾਨ ਵੀ ਜਾ ਸਕਦਾ ਹੈ, ਜੋ ਇਸ ਸਮੇਂ ਨਹੀਂ ਜਾ ਰਿਹਾ।ਇਸ ਨਾਲ ਕਿਸਾਨਾਂ ਤੇ ਵਪਾਰੀਆਂ ਨੂੰ ਲਾਭ ਹੋਵੇਗਾ ਤੇ ਹੋਟਲ ਉਦਯੋਗ ਵੀ ਤਰਕੀ ਕਰੇਗਾ।

ਅੰਮ੍ਰਿਤਸਰ ਤੋਂ ਬਰਮਿੰਘਮ ਤੇ ਟੋਰਾਂਟੋ ਬਰਾਸਤਾ ਲੰਡਨ ਸਿੱਧੀਆਂ ਉਡਾਣਾਂ ਸਨ, 2010 ਵਿੱਚ ਜਦ ਦਿੱਲੀ ਨਵਾਂ ਹਵਾਈ ਅੱਡਾ (ਟਰਮੀਨਲ ਤਿੰਨ) ਬਣਿਆ ਤਾਂ ਇਹ ਉਡਾਣਾਂ ਬਰਾਸਤਾ ਦਿੱਲੀ ਕਰ ਦਿੱਤੀਆਂ ਗਈਆਂ। ਇਸ ਸਮੇਂ ਅੰਮ੍ਰਿਤਸਰ ਤੋਂ ਬਰਾਸਤਾ ਦਿੱਲੀ ਬਰਮਿੰਘਮ ਤੇ ਲੰਡਨ ਉਡਾਣਾਂ ਜਾਂਦੀਆਂ ਹਨ ਜਦ ਕਿ ਅੰਮ੍ਰਿਤਸਰ ਤੋਂ ਟੋਰਾਂਟੋ ਬਰਾਸਤਾ ਦਿੱਲੀ ਉਡਾਣ ਬੰਦ ਕਰ ਦਿੱਤੀ ਗਈ ਹੈ। ਮੰਚ ਵੱਲੋਂ ਇੰਨ੍ਹਾਂ ਉਡਾਣਾਂ ਨੂੰ ਸ਼ੁਰੂ ਕਰਵਾਉਣ ਲਈ ਲਿਖਿਆ ਜਾਂਦਾ ਰਿਹਾ ਹੈ ਪਰ ਭਾਰਤ ਸਰਕਾਰ ਦਾ ਕਹਿਣਾ ਹੈ ਕਿ ਦਿੱਲੀ ਹਬ ਹੈ, ਇਸ ਲਈ ਸਿੱਧੀਆਂ ਉਡਾਣਾਂ ਸ਼ੁਰੂ ਨਹੀਂ ਕੀਤੀਆਂ ਜਾ ਸਕਦੀਆਂ ਪਰ ਹੁਣ 15 ਦਸੰਬਰ ਤੋਂ ਅਹਿਮਦਾਬਾਦ ਤੋਂ ਲੰਡਨ ਲਈ ਏਅਰ ਇੰਡੀਆ ਦੀ ਸਿੱਧੀ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਦਾ ਐਲਾਨ ਪ੍ਰਧਾਨ ਮੰਤਰੀ ਮੋਦੀ ਨੇ ਹਾਲ ਹੀ ਵਿੱਚ ਲੰਡਨ ਫੇਰੀ ਸਮੇਂ ਕੀਤਾ ਸੀ। ਇਸ ਲਈ ਜੇ ਅਹਿਮਦਾਬਾਦ ਤੋਂ ਸਿੱਧੀ ਉਡਾਣ ਸ਼ੁਰੂ ਹੋ ਸਕਦੀ ਹੈ ਤਾਂ ਅੰਮ੍ਰਿਤਸਰ ਤੋਂ ਕਿਉਂ ਨਹੀਂ ਸਿੱਧੀਆਂ ਉਡਾਣਾਂ ਸ਼ੁਰੂ ਹੋ ਸਕਦੀਆਂ? ਸਪੱਸ਼ਟ ਹੈ ਕਿ ਭਾਰਤ ਸਰਕਾਰ ਪੰਜਾਬ ਨਾਲ ਮਤਰੱਈ ਮਾਂ ਵਾਲਾ ਸਲੂਕ ਕਰ ਰਹੀ ਹੈ।

ਜੇ ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਹੋ ਜਾਣ ਤਾਂ ਇਹ ਹਵਾਈ ਅੱਡਾ ਕਰੋੜਾਂ ਰੁਪਏ ਸਾਲਾਨਾ ਕਮਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਏਅਰ ਇੰਡੀਆ ਦੀਆਂ ਲੰਡਨ , ਬਰਮਿੰਘਮ, ਦੀਆਂ ਉਡਾਣਾਂ ਘਾਟੇ ਵਿਚ ਹਨ ਤੇ ਏਅਰ ਇੰਡੀਆ ਦੀਆਂ ਘਾਟੇ ਵਿਚ ਜਾ ਰਹੀਆਂ ਉਡਾਣਾਂ ਲਾਹੇਵੰਦ ਸਾਬਤ ਹੋ ਸਕਦੀਆਂ ਹਨ। ਇਸ ਦਾ ਕਾਰਨ ਹੈ ਇਹ ਹੈ ਕਿ ਹਵਾਈ ਜਹਾਜ਼ ਅੰਮ੍ਰਿਤਸਰ ਤੋਂ ਦਿੱਲੀ ਜਾਂਦਾ ਹੈ ਤੇ ਫਿਰ ਦਿੱਲੀ ਤੋਂ ਅੰਮ੍ਰਿਤਸਰ ਆਉਂਦਾ ਹੈ। ਇਸ ਤਰ੍ਹਾਂ ਉਸ ਨੂੰ ਦੋ ਵਾਧੂ ਫੇਰੇ ਲਾਉਣੇ ਪੈਂਦੇ ਹਨ। ਇਕ ਫੇਰੇ ਦਾ ਖਰਚਾ ਕੋਈ 5 ਲੱਖ ਰੁਪਏ ਦੇ ਕ੍ਰੀਬ ਹੈ। ਬਰਮਿੰਘਮ ਤੇ ਮਾਨਚੈਸਟਰ ਪੰਜਾਬੀਆਂ ਦੇ ਗੜ੍ਹ ਹਨ। ਇਕ ਜਹਾਜ਼ ਰੋਜ਼ਾਨਾ ਅੰਮ੍ਰਿਤਸਰ-ਬਰਮਿੰਘਮ ਆਰਾਮ ਨਾਲ ਆ ਜਾ ਸਕਦਾ ਹੈ।

ਇਸ ਨੂੰ ਦਿੱਲੀ ਤੋਂ ਚਲਾਉਣ ਦੀ ਲੋੜ ਨਹੀਂ। ਇਹ ਅੰਮ੍ਰਿਤਸਰ ਹੀ ਰਹਿ ਤੇ ਇਥੋਂ ਹੀ ਬਰਮਿੰਘਮ ਦੇ ਫੇਰੇ ਲਾਉਂਦਾ ਰਹੇ।ਬਰਮਿੰਘਮ ਤੋਂ ਦਿੱਲੀ ਜਾ ਰਹੀ ਉਡਾਣ ਨੂੰ ਜਦ ਇਸ ਸਾਲ ਧੁੰਦ ਕਾਰਨ ਅੰਮ੍ਰਿਤਸਰ ਉਤਾਰਿਆ ਗਿਆ ਤਾਂ ਜਹਾਜ ਇਥੇ ਹੀ ਖਾਲੀ ਹੋ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਬਰਮਿੰਘਮ ਨੂੰ ਦਿੱਲੀ ਤੋਂ ਜਾਂਦੀ ਉਡਾਣ ਵਿਚ ਕੇਵਲ ਪੰਜਾਬ ਦੀਆਂ ਸਵਾਰੀਆਂ ਹੀ ਹੁੰਦੀਆਂ ਹਨ।

# ਗੁਰੂ ਘਰ ਰਿਓਲਿੰਡਾ ਵਿਖੇ ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਮਨਾਇਆ





**ਸੈਕਰਾਮੈਂਟੋ-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਬੀਤੇ ਦਿਨੀਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਸੰਗਤਾਂ ਵੱਲੋਂ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ।ਗੁਰੂ ਰਵਿਦਾਸ ਜੀ ਦੇ 639ਵੇਂ ਪ੍ਰਕਾਸ਼ ਦਿਹਾੜੇ ਅਤੇ 16ਵੇਂ ਮਹਨ ਨਗਰ ਕੀਰਤਨ ਦੀ ਖੁਸ਼ੀ ਵਿਚ ਅਖੰਡ ਪਾਠਸਾਹਿਬ ਦੀ ਲੜੀ ਵੀ ਆਰੰਭ ਹੋ ਚੁੱਕੀ ਹੈ। ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ



ਭੋਗ ਦਿਨ ਐਤਵਾਰ ਨੂੰ ਪਾਏ ਗਏ। ਜਿਸ ਦੀ ਸੇਵਾ ਸੁਰਜੀਤ ਕੁਮਾਰ ਪਰਿਵਾਰ, ਰਾਜ ਸੂਦ ਪਰਿਵਾਰ ਵੱਲੋਂ ਮਾਤਾ ਸਵਰਗੀ ਸੰਤ ਰਾਏ ਜੀ ਦੀ ਯਾਦ ਵਿਚ ਕੀਤੀ ਗਈ। ਸ: ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਦਿਨ ਡਾ. ਜਸਵੰਤ ਰਾਏ ਵੱਲੋਂ ਲਿਖੀ ਕਿਤਾਬ ਜਿਸ ਨੂੰ ਅਦਾਰਾ "ਦੇਸ਼ ਦੁਆਬਾ" ਨੇ ਪ੍ਰਕ-ਾਸ਼ਿਤ ਕੀਤਾ ਹੈ, ਵੀ ਰਿਲੀਜ਼ ਕੀਤੀ ਗਈ। ਇਹ ਕਿਤਾਬ ਗਦਰੀ ਬਾਬਾ ਹਰਨਾਮ ਸਿੰਘ ਸਾਹਰੀ ਦੀ ਜੀਵਨੀ ਅਤੇ ਸੰਘਰਸ਼ ਤੇ ਆਧਾਰਿਤ ਹੈ। ਗੁਰੂ ਘਰ ਦੇ ਸੇਵਕ ਸ੍ਰੀ ਰਾਮ ਲੋਕ ਜੀ ਨੂੰ ਪੈਟਰਨ ਬਣਨ ਦੀ ਖੁਸ਼ੀ ਵਿਚ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ।

ਜੱਸੀ ਬੰਗਾ ਨੇ ਵੀ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਉਣ ਵਾਲੇ ਨਗਰ ਕੀਰਤਨ ਸਬੰਧੀ ਪ੍ਰੋਗਰਾਮ ਦਾ ਵੇਰਵਾ ਸੰਗਤਾਂ ਨਾਲ ਸਾਂਝਾ ਕੀਤਾ। ਜੀਵਨ ਰੱਤੂ ਨੇ ਕ੍ਰਾਂਤੀਕਾਰੀ ਕਵਿਤਾ ਦੇ ਨਾਲ ਨਾਲ ਸਟੇਜ ਦੀ ਸੇਵਾ ਵੀ ਨਿਭਾਈ। ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ ਅਤੇ ਸਾਥੀਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅੰਤ

ਵਿਚ

ਗੁਰੂ ਕਾ ਲੰਗਰ ਅਤੁੱਟ ਵਰਤਿਆ।ਅਗਲੇ ਹਫਤੇ ਭਾਈ ਜੈਤਾ ਜੀ (ਜੀਵਨ ਸਿੰਘ) ਜੀ ਦਾ ਸ਼ਹੀਦੀ ਦਿਵਸ ਮਨਾਇਆ ਜਾ ਰਿਹਾ ਹੈ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚਣ

ਦੀ

ਕਿਰਪਾਲਤਾ ਕਰਨੀ ਜੀ।ਇਸ ਦਿਨ ਭਾਈ ਜਸਬੀਰ ਸਿੰਘ ਅਤੇ ਉਹਨਾਂ ਦਾ ਜਥਾ (ਅੰਮ੍ਰਿਤਸਰ ਵਾਲੇ) ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਨਗੇ। **(ਜਸਵੰਤ ਸ਼ੀਮਾਰ)**



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਕੈਲੇਫੋਰਨੀਆ ਨੇ ਬੀਤੀ 29 ਨਵੰਬਰ ਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਰਿਓ ਲਿੰਡਾ, ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਦੇਸ਼ ਦੁਆਬਾ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਡਾ. ਜਸਵੰਤ ਰਾਏ ਦੀ ਪੁਸਤਕ ਰਿਲੀਜ਼ ਕੀਤੀ।

# ਪੰਜਾਬੀ ਸਾਹਿਤ ਸਭਿਆਚਾਰ ਨੂੰ ਧਾਰਮਿਕ ਰੁਚੀ ਵੱਲ ਪੁਖਤਾ ਹੁਲਾਰਾ ਦੇਣ ਲਈ ਧਾਰਮਿਕ ਕਵੀ ਦਰਬਾਰ ਸਜਾਏ ਗਏ

**ਪਿਸਟਬਰਗ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਦੇ ਯਤਨਾਂ ਵਿਚ ਗੁਰਦੁਆਰਿਆਂ ਵਿਚ ਹਫਤਾਵਾਰੀ ਸਜਾਏ ਜਾਂਦੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰਾਂ ਵਿਚ ਸੰਗਤਾਂ ਲਈ ਧਾਰਮਿਕ ਰੁਚੀ ਵੱਲ ਪੁਖਤਾ ਰੁਝਾਨ ਬਣਾਉਣ ਲਈ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਦਰਬਾਰੀ ਰਤਨ ਕਵੀਆਂ ਦੀ ਮਹੱਤਤਾ ਮੱਧਮ ਪੈਂਦੀ ਜਾ ਰਹੀ ਹੈ, ਨੂੰ ਮੁੜ ਰੌਸ਼ਨ ਕਰਨ ਲਈ ਕਵੀਆਂ ਵੱਲੋਂ ਯਤਨ ਜਾਰੀ ਹਨ। ਚਲੰਤ ਤਜਰਬਿਆਂ ਵਿਚ ਅਨੁਭਵ ਹੋਇਆ ਕਿ ਸੰਗਤਾਂ ਦੀ ਵੀ ਮੰਗ ਹੈ ਕਿ ਧਾਰਮਿਕ ਕਵੀ ਦਰਬਾਰਾਂ ਨੂੰ ਹੋਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਵਿਚ ਬਰਾਬਰ ਦੀ ਜਗ੍ਹਾ ਮਿਲਣੀ ਚਾਹੀਦੀ ਹੈ ਅਤੇ ਕਵੀਆਂ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸੇ ਮਨੋਰਥ ਵਿਚ ਸਜਾਏ ਜਾ ਰਹੇ ਧਾਰਮਿਕ



ਕਵੀ ਦਰਬਾਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾ ਰੈਸਟਵਿਊ ਡ੍ਰਾਈਵ ਪਿਟਸ-ਬਰਗ ਵਿਖੇ ਸੰਪੰਨ ਹੋਇਆ। 1986 ਵਿਚ ਸਥਾਪਤ ਹੋਏ ਗੁਰਦੁਆਰੇ ਵਿਚ ਚਲਦੇ ਦੀਵਾਨਾਂ ਵਿਚ ਕਵੀ ਦਰਬਾਰ ਲਈ ਵਿਸ਼ੇਸ਼ ਸਮਾਂ ਦਿੱਤਾ ਗਿਆ, ਜਿਸ ਵਿਚ ਕਵੀ ਸ਼ਾਮਲ ਹੋਏ- ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਸੂਰਾਪੁਰੀ, ਜਸਦੀਪ ਸਿੰਘ ਫਰੀਮਾਂਟ, ਮੰਚ ਸੰਚਾਲਨ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਧਾਰਮਿਕ ਟੂਕਾਂ ਅਤੇ ਸੂਫੀ ਸ਼ਾਇਰੀ ਨਾਲ ਬਾਖੂਬ ਨਿਭਾਇਆ ਗਿਆ।

ਸਾਹਿਤਕ ਰਚਨਾਵਾਂ ਕਹੀਆਂ। ਸੰਗਤਾਂ ਨੇ ਬੜੀ ਗੌਰ ਨਾਲ ਪ੍ਰੋਗਰਾਮ ਸਰਵਣ ਕੀਤਾ। ਪ੍ਰਬੰਧਕਾਂ ਵੱਲੋਂ ਕਵੀਆਂ ਦੇ ਇਸ ਉਦਮ ਦੀ ਸ਼ਲਾਘਾ ਕੀਤੀ ਗਈ ਅਤੇ ਸੰਪੰਨ ਹੋਏ ਪ੍ਰੋਗਰਾਮ ਤੇ ਖੁਸ਼ੀ ਪ੍ਰਗਟਾਈ। ਧਾਰਮਿਕ ਕਵੀ ਦਰਬਾਰ ਦਾ ਪ੍ਰਬੰਧ ਕਰਨ ਵਿਚ ਪ੍ਰਬੰਧਕ ਸ਼ਾਮਲ ਸਨ ਸੋਮਨਾਥ ਭਾਟੀਆ, ਸ਼ਿੰਦਰਪਾਲ ਨਰਾਬਟ, ਦਿਲਬਾਗ ਸਿੰਘ, ਜੀਨਾ ਭਾਟੀਆ ਅਤੇ ਜਸਬੀਰ ਕੌਰ ਆਦਿ। ਪ੍ਰਬੰਧਕਾਂ ਵੱਲੋਂ ਆਉਂਦੇ ਵਿਸ਼ੇਸ਼ ਪ੍ਰੋਗਰਾਮਾਂ ਵਿਚ ਇਹਨਾਂ ਕਵੀਆਂ ਨੂੰ ਸੱਦੇ ਦਿੱਤੇ ਜਾਣ ਦੀ ਗੱਲ ਆਖੀ ਗਈ।

# ਸਾਂਝਾ ਸਭਿਆਚਾਰਕ ਮੰਚ ਅਮਰੀਕਾ ਦਾ ਸਾਹਿਤਕ ਸਭਿਆਚਾਰਕ ਪ੍ਰੋਗਰਾਮ ਭਾਰੀ ਸਫਲਤਾ ਨਾਲ ਸੰਪੰਨ

**ਯੂਨੀਅਨ ਸਿਟੀ (ਕੈਲੀਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)-** ਪ੍ਰਸਿੱਧ ਸਾਹਿਤਕਾਰ, ਨਿਰਮਾਤਾ, ਨਿਰਦੇਸ਼ਕ, ਪੱਤਰਕਾਰ ਅਤੇ ਕਲਾਕਾਰ ਡਾ. ਗੁਰਵਿੰਦਰ 'ਅਮਨ' ਦੀ ਅਮਰੀਕਾ ਆਮਦ 'ਤੇ ਮੰਚ ਵੱਲੋਂ ਇਕ ਬਹੁਭਾਂਤੀ ਸਾਰਥਕ ਅਤੇ ਰੋਚਕ ਪ੍ਰੋਗਰਾਮ ਯੂਨੀਅਨ ਸਿਟੀ ਵਿਖੇ ਕਰਵਾਇਆ ਗਿਆ।

ਭਾਵੇਂ ਸਕੂਲ ਵਿਚ ਪਹਿਲਾਂ ਅਮਰੀਕੀ ਭਾਈਚਾਰੇ ਦੇ ਮੇਲੇ ਲੱਗਦੇ ਰਹੇ ਹਨ ਪਰ ਪੰਜਾਬੀ ਸਭਿਆਚਾਰ ਦਾ ਪ੍ਰੋਗਰਾਮ ਪਹਿਲੀ ਵਾਰ ਸੰਪੰਨ ਹੋਇਆ।

ਸਕੂਲ ਦੇ ਪ੍ਰਿੰਸੀਪਲ ਪੰਜਾਬੀ ਅਤੇ ਕਲਾ ਅਧਿਆਪਕਾ ਜੈਨਾ ਪੈਕਾਲਡੋ ਦੇ ਭਰਪੂਰ ਸਹਿਯੋਗ ਨਾਲ ਪ੍ਰੋਗਰਾਮ ਭਾਰੀ ਸਫਲ ਰਿਹਾ। ਸਕੂਲ ਪ੍ਰਬੰਧਕਾਂ ਵੱਲੋਂ ਪ੍ਰੋਗਰਾਮ ਤੇ ਤਸੱਲੀ ਪ੍ਰਗਟਾਈ ਗਈ ਅਤੇ ਇਸ ਪ੍ਰੋਗਰਾਮ ਨੂੰ ਕਰਵਾ ਕੇ ਖੁਸ਼ੀ ਮਹਿਸੂਸ ਕੀਤੀ ਹੈ।

ਪ੍ਰੋਗਰਾਮ ਦਾ ਆਰੰਭ ਬੱਚਿਆਂ ਦੇ 'ਤੂੰ ਹੀ ਸਹਾਏ' ਅਕਾਡਮੀ ਗਰੁੱਪ ਦੇ ਸ਼ਬਦ ਗਾਇਨ ਨਾਲ ਹੋਇਆ, ਜਿਸ ਵਿਚ ਬੱਚਿਆਂ ਨੇ ਇੱਕਜੁਟਤਾ ਨਾਲ ਇਕ ਸੁਰ ਵਿਚ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਉਪਰੰਤ ਪ੍ਰਸਿੱਧ ਲੋਕ ਗਾਇਕ ਜਤਿੰਦਰ ਦੱਤ ਜਿਹਨਾਂ ਨੇ ਦੇਸ਼-ਵਿਦੇਸ਼ ਵਿਚ ਪੰਜਾਬੀ ਮਾਂ ਬੋਲੀ ਦੀ ਆਪਣੀ ਸੁਰੀਲੀ ਆਵਾਜ਼ ਵਿਚ ਸੇਵਾ ਕੀਤੀ ਹੈ ਤੇ ਸਭ ਤੋਂ ਉਪਰ ਅਮਰੀਕਾ ਵਿਚ ਉਹਨਾਂ ਨੇ ਛੋਟੇ ਵੱਡਿਆਂ ਨੂੰ ਪੰਜਾਬ ਦਾ ਲੋਕ-ਨਾਚ (ਭੰਗੜਾ) ਸਿਖਾਇਆ ਹੈ। ਜੋ ਵੱਖ ਵੱਖ ਖਿੱਤਿਆਂ ਵਿਚ ਲੋਕ ਨਾਚ ਰਾਹੀਂ ਪੰਜਾਬੀ ਸਭਿਆਚਾਰ ਦਾ ਪਸਾਰ ਕਰ ਰਹੇ ਹਨ। ਦੱਤ ਵੱਲੋਂ ਆਪਣੀ ਭਾਵ-ਪੂਰਕ ਅਰਥ ਪੂਰਨ ਗਾਇਕੀ ਵਿਚ ਸੂਫੀ, ਸਾਹਿਤਕ ਅਤੇ ਸਭਿਆਚਾਰ ਦਾ ਰੰਗ ਭਰ ਕੇ ਮਹਿਫਲ ਨੂੰ ਗਰਮਾ ਦਿੱਤਾ। ਸਰੋਤੇ ਇੰਨੇ ਮੰਤਰ ਮੁਗਧ ਹੋਏ ਕਿ ਹੋਰ ਸੁਣਨਾ ਚਾਹੁੰਦੇ ਸਨ ਪਰ ਬਾਕੀ ਪ੍ਰੋਗਰਾਮ ਦੇ ਸਮੇਂ ਦਾ ਖਿਆਲ ਕਰਕੇ ਉਹਨਾਂ ਨੇ ਇਜਾਜ਼ਤ ਲਈ।

# ਬਾਬਾ ਸਾਹਿਬ ਇਸਨੂੰ ਜੋੜਨਾ ਚਾਹੁੰਦੇ ਸਨ ਪਰ ਮਾਹੌਲ ਨਹੀਂ ਸੀ: ਖੜਗੇ



ਡਾ. ਅੰਬੇਡਕਰ ਸੈਕੂਲਰ ਅਤੇ ਸੋਸ਼ਲਿਸਟ ਸ਼ਬਦ ਜੋੜਨਾ ਚਾਹੁੰਦੇ ਸਨ। ਉਸ ਵਕਤ ਦੇ ਮਾਹੌਲ ਵਿਚ ਅਜਿਹਾ ਹੋ ਨਾ ਸਕਿਆ। ਜਿਵੇਂ ਕਿ ਹਿੰਦੂ ਕੋਡ ਬਿਲ ਬਾਬਾ ਸਾਹਿਬ ਲਿਆਉਣਾ ਚਾਹੁੰਦੇ ਸਨ। ਪਰ ਉਸ ਵਕਤ ਅਪੋਜ਼ ਕੀਤਾ ਗਿਆ। ਕੀ ਮੈਂ ਉਸਦਾ ਨਾਂ ਦੱਸਾਂ? ਅੰਬੇਡਕਰ ਅਤੇ ਅਸੀਂ ਇਸ ਦੇਸ਼ ਦੇ ਮੂਲ ਨਿਵਾਸੀ ਹਾਂ। ਤੁਹਾਡੇ ਵਰਗੇ ਆਰੀਆ ਬਾਹਰ ਤੋਂ ਆਏ ਲੋਕ ਸਨ। ਅਸੀਂ ਭੱਜਣ ਵਾਲੇ ਨਹੀਂ ਹਾਂ। ਇਸ ਦੇਸ਼ ਨੂੰ ਬਚਾਉਣ ਵਾਲੇ ਲੋਕ ਹਾਂ। ਅਸੀਂ 5 ਹਜ਼ਾਰ ਸਾਲ ਤੋਂ ਮਾਰ ਖਾ-ਖਾ ਕੇ ਇੱਥੇ ਬੈਠੇ ਹਾਂ।

# ਦਲਿਤ ਹੋਣ ਕਾਰਨ ਕੁਮਾਰੀ ਸ਼ੈਲਜਾ ਨੂੰ ਨਹੀਂ ਵੜਨ ਦਿੱਤਾ ਮੰਦਰ ਵਿਚ

**ਨਵੀਂ ਦਿੱਲੀ (ਬਿਊਰੋ)-** ਸੰਸਦ ਦੇ ਸਰਦ ਰੁੱਤ ਸੈਸ਼ਨ ਵਿਚ ਸੋਮਵਾਰ ਨੂੰ ਅਸਹਿਣਸ਼ੀਲਤਾ ਦੇ ਮੁੱਦੇ ਤੇ ਸੱਤਾ ਅਤੇ ਵਿਰੋਧੀ ਧਿਰ ਵਿਚਕਾਰ ਰੱਜ ਕੇ ਬਹਿਸ ਹੋਈ। ਹਾਲਾਂਕਿ ਇਕ ਸਮਾਂ ਉਹ ਵੀ ਆਇਆ ਜਦੋਂ ਰਾਜ ਸਭਾ ਵਿਚ ਆਪ ਬੀਤੀ ਸੁਣਾਉਂਦੇ ਹੋਏ ਕਾਂਗਰਸ ਮੈਂਬਰ ਕੁਮਾਰੀ ਸ਼ੈਲਜਾ ਰੋਣ ਲੱਗੀ। ਉਹਨਾਂ ਨੇ ਦੱਸਿਆ ਕਿ ਇਕ ਵਾਰ ਗੁਜਰਾਤ ਦੇ ਮੰਦਰ ਵਿਚ ਉਹਨਾਂ ਨੂੰ ਸਿਰਫ ਇਸ ਕਾਰਨ ਪ੍ਰਵੇਸ਼ ਨਹੀਂ ਮਿਲਿਆ ਸੀ, ਕਿਉਂਕਿ ਇਹ ਇਕ ਦਲਿਤ ਪਰਿਵਾਰ ਤੋਂ ਆਉਂਦੀ ਹੈ। ਖਾਸ ਇਹ ਹੈ ਕਿ ਉਹਨਾਂ ਦੇ ਨਾਲ ਇਹ ਵਾਕਿਆ ਉਦੋਂ ਹੋਇਆ ਜਦੋਂ ਉਹ ਕੈਬਨਿਟ ਮੰਤਰੀ ਸੀ।



ਸਾਬਕਾ ਕੇਂਦਰੀ ਮੰਤਰੀ ਨੇ ਘਟਨਾ ਦਾ ਜ਼ਿਕਰ ਕਰਦੇ ਹੋਏ ਕਿਹਾ, ਕੈਬਨਿਟ ਮੰਤਰੀ ਰਹਿਣ ਦੇ ਦੌਰਾਨ ਇਕ ਵਾਰ ਮੈਂ ਗੁਜਰਾਤ ਗਈ ਹੋਈ ਸੀ। ਮੇਰੇ ਦਲਿਤ ਹੋਣ ਦੇ ਕਾਰਨ ਉਥੇ ਦੁਆਰਕਾ ਸਥਿਤ ਇਕ ਮੰਦਰ ਵਿਚ ਮੈਨੂੰ ਪ੍ਰਵੇਸ਼ ਦੀ ਆਗਿਆ ਨਹੀਂ ਮਿਲੀ ਸੀ। ਉਚ ਸਦਨ ਵਿਚ ਇਹ ਕਹਿੰਦੇ-ਕਹਿੰਦੇ ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਅਤੇ ਉਹ ਰੋਣ ਲੱਗੀ। ਰਾਜ ਸਭਾ ਮੈਂਬਰ ਨੇ ਕਿਹਾ ਕਿ ਉਹ ਇਸ ਘਟਨਾ ਦਾ ਜ਼ਿਕਰ ਇਸ ਕਰਕੇ ਕਰ ਰਹੀ ਹੈ, ਕਿਉਂਕਿ ਸੰਸਦ ਵਿਚ ਸੰਵਿਧਾਨ 'ਤੇ ਚਰਚਾ ਹੋ ਰਹੀ ਹੈ, ਜਦਕਿ ਬਾਹਰੀ ਦੁਨੀਆਂ ਵਿਚ ਸਚਾਈ ਕੁਝ ਹੋਰ ਹੀ ਹੈ। ਸ਼ੈਲਜਾ ਦੇ ਅਜਿਹਾ ਕਹਿਣ 'ਤੇ ਸਦਨ ਵਿਚ ਹਾਜ਼ਰ ਗੁਜਰਾਤ ਦੇ ਮੈਂਬਰਾਂ ਨੇ ਵਿਰੋਧ ਕਰਨਾ ਆਰੰਭ ਕਰ ਦਿੱਤਾ। ਇਸ ਤੋਂ ਬਾਅਦ ਵਿੱਤ ਮੰਤਰੀ ਅਰੁਣ ਜੇਟਲੀ ਨੇ ਕਿਹਾ ਕਿ ਜੇਕਰ ਅਜਿਹਾ ਹੋਇਆ ਸੀ ਤਾਂ ਸਾਂਸਦ ਨੂੰ ਆਪਣੀ ਗੱਲ ਉਸੇ ਵਕਤ ਉਠਾਉਣੀ ਚਾਹੀਦੀ ਸੀ। ਇਸ ਤੇ ਸ਼ੈਲਜਾ ਨੇ ਕਿਹਾ, ਇਹ ਮੇਰਾ ਨਿੱਜੀ ਮਾਮਲਾ ਸੀ। ਅੱਜ ਮੈਨੂੰ ਉਹ ਘਟਨਾ ਯਾਦ ਆ ਗਈ, ਇਸ ਕਰਕੇ ਸਾਂਝਾ ਕਰ ਰਹੀ ਹਾਂ।

# ਕੈਪਟਨ ਨੂੰ ਦੁਬਾਰਾ ਕਪਤਾਨੀ ਮਿਲਣ ਤੋਂ ਬਾਅਦ ਸਿਆਸਤ ਵਿਚ ਆਈ ਗਰਮੀ

**(ਪਹਿਲੇ ਸਫੇ ਦੀ ਬਾਕੀ)**

ਪੰਜਾਬ ਦੀ ਵਾਗਡੋਰ ਪਕੜਾ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਤੀਜੀ ਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਹਨ। ਉਹਨਾਂ ਦੀ ਅਗਵਾਈ ਵਿਚ ਕਾਂਗਰਸ ਪਹਿਲੀ ਵਾਰ ਜਿੱਤੀ ਅਤੇ ਅਗਲੀ ਵਾਰ ਹਾਰ ਗਈ। ਇਸ ਤੋਂ ਬਾਅਦ ਫਿਰ 2012 ਦੀਆਂ ਚੋਣਾਂ ਵਿਚ ਕਾਂਗਰਸ ਆਸ ਦੇ ਉਲਟ ਹਾਰ ਗਈ। ਇਸ ਵਾਰ ਕਾਂਗਰਸ ਦੀ ਲੀਡਰਸ਼ਿਪ ਕਿਸੇ ਹੋਰ ਮੋਹਰੇ ਨੂੰ ਅਜ਼ਮਾਉਣਾ ਚਾਹੁੰਦੀ ਸੀ ਪਰ ਕੈਪਟਨ ਅਮਰਿੰਦਰ ਸਿੰਘ ਦੇ ਬਾਗੀ ਤੇਵਰਾਂ ਦੇ ਅੱਗੇ ਝੁਕਣਾ ਪਿਆ ਅਤੇ ਉਹਨਾਂ ਨੂੰ ਫਿਰ ਪ੍ਰਧਾਨ ਬਣਾਉਣਾ ਪਿਆ।

ਇੱਧਰ ਆਮ ਆਦਮੀ ਪਾਰਟੀ ਇਸ ਵਾਰ ਦੀਆਂ ਚੋਣਾਂ ਨੂੰ ਆਪਣੇ ਲਈ ਸੁਨਹਿਰੀ ਸਮਾਂ ਸਮਝ ਰਹੀ ਹੈ। ਦਿੱਲੀ ਤੋਂ ਬਾਅਦ ਪੰਜਾਬ ਵਿਚ ਹੀ ਆਮ ਆਦਮੀ ਪਾਰਟੀ ਦੇ ਪੈਰ ਲੱਗੇ ਹਨ ਅਤੇ ਹੁਣ ਇਹ ਪਾਰਟੀ ਮੁੱਖ ਮੰਤਰੀ ਦੇ ਅਹੁਦੇ ਲਈ ਇਕ ਯੋਗ ਉਮੀਦਵਾਰ ਦੀ ਭਾਲ ਵਿਚ ਹੈ। ਇਸ ਲਿਸਟ ਵਿਚ ਆਮ ਆਦਮੀ ਪਾਰਟੀ ਕੋਲ ਕਈ ਵਿਕਲਪ ਹਨ ਅਤੇ ਇਹ ਪਾਰਟੀ ਆਮ ਆਦਮੀ ਦੀਆਂ ਮੁਸ਼ਕਿਲਾਂ ਨੂੰ ਉਭਾਰ ਕੇ ਪੰਜਾਬ ਦੇ ਮੱਧ ਵਰਗ ਵਿਚ ਇਕ ਵਾਰ ਫਿਰ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੀ ਚਾਹਵਾਨ ਹੈ। ਅਗਲੇਰੇ ਸਮੇਂ ਵਿਚ ਕੀ ਵਾਪਰਦਾ ਹੈ ਅਤੇ ਕਿਹੜਾ ਪਾਸਾ ਕਿਸ ਲਈ ਪੁੱਠਾ ਜਾਂ ਸਿੱਧਾ ਪੈਂਦਾ ਹੈ, ਇਹ ਭਵਿੱਖ ਵਿਚ ਦੇਖਿਆ ਜਾਵੇਗਾ, ਪਰ ਪੰਜਾਬ ਵਿਚ ਇਸ ਵਕਤ ਸਥਿਤੀ ਤਣਾਅ ਵਾਲੀ ਅਤੇ ਰਾਜਨੀਤਿਕ ਪੱਖੋਂ ਦਿਲਚਸਪ ਬਣੀ ਹੋਈ ਹੈ। ਇਸ ਦਰਮਿਆਨ ਹੀ ਅਕਾਲੀ ਸਰਕਾਰ ਨੇ ਆਪਣਾ ਲੁਕਿਆ ਏਜੰਡਾ ਲਾਗੂ ਕਰ ਦਿੱਤਾ ਹੈ ਅਤੇ ਇਹ ਏਜੰਡਾ ਇਸ ਸਰਕਾਰ ਦੇ ਕਿੰਨਾ ਕੰਮ ਆਉਂਦਾ ਹੈ, ਇਸ ਬਾਰੇ ਵੀ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ।

# ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਦੀਆਂ ਚੋਣਾਂ 13 ਦਸੰਬਰ ਨੂੰ ਦੁਬਾਰਾ ਫਿਰ ਹੋਣਗੀਆਂ

## ਸਖਤ ਪਹਿਰੇ ਹੇਠ ਰੈਫਰੀ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ ਸਾਰੀ ਚੋਣ ਪ੍ਰਕਿਰਿਆ

**ਨਿਊਯਾਰਕ (ਬਿਊਰੋ)–** ਬੀਤੀ 8 ਨਵੰਬਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਗੁਰੂ ਘਰ ਦੀਆਂ ਚੋਣਾਂ ਦੌਰਾਨ ਚੋਣ ਲੜ ਰਹੇ ਦੋਹਾਂ ਗਰੁੱਪਾਂ 'ਚ ਝੜਪ ਹੋਣ ਕਾਰਨ ਪੁਲੀਸ ਨੇ ਦਖਲ ਦੇ ਕੇ ਸਾਰੀ ਚੋਣ ਪ੍ਰਕਿਰਿਆਂ ਹੀ ਬੰਦ ਕਰਵਾ ਦਿੱਤੀ ਸੀ। ਮਾਨਯੋਗ ਜੱਜ ਨੇ ਦੋਹਾਂ ਧਿਰਾਂ ਦੇ ਵਕੀਲਾਂ ਨੂੰ 18 ਨਵੰਬਰ ਦਿਨ ਬੁੱਧਵਾਰ ਨੂੰ ਕੋਰਟ 'ਚ ਬੁਲਾ ਕੇ ਕਿਹਾ ਕਿ 13 ਦਸੰਬਰ ਦਿਨ ਐਤਵਾਰ ਨੂੰ ਮੁੜ ਚੋਣ ਹੋਵੇਗੀ ਅਤੇ ਚੋਣ ਦੀ ਸਾਰੀ ਕਾਰਵਾਈ ਗੁਰੂ ਘਰ ਵਿਖੇ ਅਦਾਲਤ ਵਲੋਂ ਪਹਿਲਾਂ ਹੀ ਨਿਯੁਕਤ ਕੀਤੀ ਗਈ ਰੈਫਰੀ ਮਿਸ ਸਿੰਧੀਆ ਬੇਕਰ ਦੀ ਹਦਾਇਤ ਅਨੁਸਾਰ ਸਕਿਊਰਟੀ ਦੇ ਸਖਤ ਪਹਿਰੇ ਹੇਠ ਹੋਵੇਗੀ। ਪੋਲਿੰਗ ਸਵੇਰੇ 9 ਵਜੇ ਤੋ ਲੈ ਕੇ ਸ਼ਾਮ 7 ਵਜੇ ਤੱਕ ਹੋਵੇਗੀ। ਵੋਟ ਪਾਉਣ ਦਾ ਅਧਿਕਾਰ ਉਹਨਾਂ ਵੋਟਰਾਂ ਨੂੰ ਹੀ ਹੋਵੇਗਾ ਜੋ ਗੁਰੂ ਘਰ ਦੇ ਸਵਿਧਾਨ ਮੁਤਾਬਿਕ ਬਣੇ ਮੈਂਬਰਸ਼ਿਪ ਫਾਰਮ ਦੀਆਂ ਸ਼ਰਤਾਂ ਅਨੁਸਾਰ ਵੋਟਾਂ ਬਣੀਆਂ ਹਨ, ਪਰ ਜਿਸ ਵੋਟਰ ਦੀ ਗੈਰਸਵਿਧਾਨਕ ਵੋਟ ਭਾਵ ਜੋ ਗੁਰੂ ਰਵਿਦਾਸ ਭਾਈਚਾਰੇ ਤੋਂ ਇਲਾਵਾ ਹੋਰ ਦੂਸਰੀ ਜਾਤ ਬਰਾਦਰੀ ਦੀ ਹੋਵੇਗੀ ਜਾਂ ਦੋਹਰੀ ਮੈਂਬਰਸ਼ਿਪ ਭਾਵ ਦੋ ਗੁਰੂ ਘਰਾਂ 'ਚ ਹੋਵੇਗੀ ਉਹ ਵੋਟ ਇੱਕ ਅਲੱਗ ਰੱਖੇ ਗਏ ਚੈਲਿਜ਼ ਬਾਕਸ ਵਿੱਚ ਪਾਈ ਜਾਵੇਗੀ ਜਿਸਨੂੰ 16 ਦਸੰਬਰ ਨੂੰ ਮਾਨਯੋਗ ਜੱਜ ਅੱਗੇ ਪੇਸ਼ ਕੀਤਾ ਜਵੇਗਾ। ਸੰਭਵ ਹੈ ਕਿ ਗਲਤ ਵੋਟ ਦਾ ਭੁਗਤਾਨ ਕਰਨ ਵਾਲੇ ਵੋਟਰ ਨੂੰ ਕਾਨੂੰਨੀ ਪ੍ਰਕਿਰਿਆ ਦਾ ਸਾਹ੍ਮਣਾ ਕਰਨਾ ਪੈ ਸਕਦਾ ਹੈ।

ਇਹ ਚੋਣਾਂ ਅਦਾਲਤੀ ਕਾਨੂੰਨ ਦੇ ਐਨੇ ਸਖਤ ਹੁਕਮਾਂ ਅਨੁਸਾਰ ਹੋ ਰਹੀਆਂ ਹਨ ਕਿ ਪੁਲੀਸ ਵੀ ਚਾਉਣ ਤੇ ਚੋਣ ਕਾਰਵਾਈ ਬੰਦ ਨਹੀ ਕਰਵਾ ਸਕਦੀ। ਪੋਲਿੰਗ ਬੂਥਾਂ ਤੇ ਨਿਯੁਕਤ ਅਮਲੇ ਤੋ ਇਲਾਵਾ ਸਿਰਫ ਵੋਟਰ ਹੀ ਵੋਟ ਪਾਉਣ ਜਾ ਸਕਦਾ ਹੈ। ਦੋਹਾਂ ਧਿਰਾਂ ਦੇ ਮੈਬਰ ਵੀ ਕੋਈ ਦਖਲ ਨਹੀ ਦੇ ਸਕਦੇ।

ਯਾਦ ਦਿਵਾਉਣਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਗੁਰੂ ਘਰ ਨਿਊਯਾਰਕ ਦੀ ਬੀਤੀ ਹੋਈ ਚੋਣ ਸਮੇਂ ਜੋ ਦੋ ਸਲੇਟਾਂ ਚੋਣ ਮੁਕਾਬਲੇ 'ਚ ਆਈਆਂ ਸਨ ਉਹਨਾਂ 'ਚ ਇੱਕ ਸਲੇਟ ਸ੍ਰੀ ਅਸ਼ੋਕ ਕੁਮਾਰ ਮਾਹੀ ਦੀ ਸੀ ਜੋ ਬਿਲਕੁਲ ਨਵੇਂ ਮੈਂਬਰ ਸਨ ਅਤੇ ਦੂਸਰੀ ਨਿਰਮਲ ਸਿੰਘ ਦੜੌਚ ਦੀ ਜੋ ਪਿਛਲੇ ਲੱਗਭੱਗ 15 ਸਾਲ ਤੋ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਪ੍ਰਧਾਨ ਹਨ ।

ਕੁੱਲ ਮਿਲਾ ਕੇ ਦੁਬਾਰਾ ਚੋਣਾਂ ਦਾ ਮਾਲੀ ਬੋਝ ਗੁਰੂ ਘਰ ਦੀ ਗੋਲਕ ਤੇ ਪਵੇਗਾ ਜਿਸਦੀ ਭਾਈਚਾਰੇ 'ਚ ਕਾਫੀ ਚਰਚਾ ਵੀ ਹੈ। ਦੋਹਾਂ ਧਿਰਾਂ ਵਲੋਂ ਸਮੂੰਹ ਸੰਗਤ ਨੂੰ ਬੇਨਤੀ ਹੈ ਕਿ ਇੱਕ ਵਾਰ ਫਿਰ ਗੁਰੂ ਘਰ ਆ ਕੇ ਆਪਣੀ ਵੋਟ ਦਾ ਸਹੀ ਇਸਤੇਮਾਲ ਜ਼ਰੂਰ ਕਰਨ।

# ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਅਤੇ ਭਿਖਸ਼ੂ ਸੰਘ ਵੱਲੋਂ 'ਕਠਿਨਚੀਵਰਦਾਨ' ਦਾ ਪ੍ਰੋਗਰਾਮ ਸ਼ਰਧਾ ਅਤੇ ਖੁਸ਼ੀਆਂ ਨਾਲ ਮਨਾਇਆ





*ਤਕਸ਼ਿਲਾ ਮਹਾਂ ਵਿਹਾਰ,ਪਿੰਡ ਕਾਦੀਆਂ, ਲੁਧਿਆਣਾ ਵੱਲੋਂ 8 ਨਵੰਬਰ 2015 ਨੂੰ ਆਯੋਜਿਤ ਕੀਤੇ ਕਥਨ ਪ੍ਰੋਗਰਾਮ ਦੀਆਂ ਝਲਕੀਆਂ। (ਤਸਵੀਰਾਂ ਰਾਜ ਕੁਮਾਰ ਲੁਧਿਆਣਾ)*

**ਲੁਧਿਆਣਾ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਅਤੇ ਭਿਖਸ਼ੂ ਸੰਘ ਵੱਲੋਂ 'ਕਠਿਨਚੀਵਰਦਾਨ' ਦਾ ਪ੍ਰੋਗਰਾਮ ਬਹੁਤ ਸ਼ਰਧਾ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ। ਇਹ ਪ੍ਰੋਗਰਾਮ ਹਰ ਸਾਲ ਵਰਸ਼ਾਵਾਸ ਦੀ ਸਮਾਪਤੀ ਉਪਰੰਤ ਤਕਸ਼ਿਲਾ ਮਹਾਂ ਬੁੱਧ ਵਿਹਰ ਕਾਦੀਆ ਲੁਧਿਆਣਾ ਵਿਖੇ ਪੰਜਾਬ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਖੁਸ਼ੀ ਦੇ ਮੌਕੇ ਤੇ ਭਿਖਸ਼ੂ ਪ੍ਰਗਿਆ ਬੋਧੀ, ਭਿਖਸ਼ੂ ਚੰਦਰ ਕੀਰਤੀ, ਭਿਖਸ਼ੂ ਬੁੱਧਰਤਨ ਨੇ ਪ੍ਰਵਚਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਿਖਸ਼ੂ ਪ੍ਰਗਿਆ ਬੋਧੀ ਜੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ 'ਕਠਿਨਚੀਵਰਦਾਨ' ਦੀ ਪ੍ਰਕਿਰਿਆ (ਰੀਤੀ) ਭਗਵਾਨ ਬੁੱਧ ਦੇ ਆਦੇਸ਼ਾਂ ਮੁਤਾਬਕ ਉਹਨਾਂ ਦੇ ਸਮੇਂ ਤੋਂ ਚਲੀ ਆ ਰਹੀ ਹੈ ਜੋ ਵਰਸ਼ਾਵਾਸ ਦੀ ਸਮਾਪਤੀ ਤੇ ਧੰਮ ਬੰਧੂਆ (ਉਪਸਕਾਂ) ਵੱਲੋਂ ਭਿਖਸ਼ੂਆਂ ਨੂੰ ਭੋਜਨ ਦਾਨ ਅਤੇ ਚੀਵਰਦਾਨ ਦੱਤਿ ਜਾਂਦੇ ਹਨ। ਇਸ ਉਤਸਵ ਨੂੰ 'ਕਠਿਨਚੀਵਰਦਾਨ' ਦੇ ਤੌਰ ਤੇ ਬੜੀ ਖੁਸ਼ੀਆਂ ਅਤੇ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੇ। ਭਗਵਾਨ ਬੁੱਧ ਨੇ ਧੰਮ ਉਪਾਸਕ ਅਤੇ ਉਪਾਸਕਾਵਾਂ ਨੂੰ ਦਾਨ ਕਰਨ ਲਈ ਪ੍ਰੇਰਿਤ ਕੀਤਾ ਜਿਸ ਨਾਲ ਮਨੁੱਖ ਅਤੇ ਪਰਿਵਾਰਾਂ ਵਿਚ ਖੁਸ਼ੀ, ਸ਼ਾਂਤੀ ਅਤੇ ਭਾਈਚਾਰਕ ਸਾਂਝ ਵਿਚ ਵਾਧਾ ਹੁੰਦਾ ਹੈ ਅਤੇ ਦੁੱਖ ਰਹਿਤ ਸਮਾਜ ਬਣਦਾ ਹੈ। ਭਿਖਸ਼ੂ ਜਗਤਾਨੰਦ ਮਹਾਥੇਰੋ ਨੇ ਕਿਹਾ ਕਿ ਭਗਵਾਨ ਬੁੱਧ ਮਹਾਰਾਜਾ ਦੇ ਬੇਟੇ ਸਨ ਅਤੇ ਉਹਨਾਂ ਨੂੰ ਕਿਸੇ ਵੀ ਚੀਜ਼ ਦੀ ਘਾਟ ਨਹੀਂ ਸੀ, ਫਿਰ ਵੀ ਉਹ ਦਾਨ ਇਕੱਠਾ ਕਰਦੇ ਸਨ। ਇਸ ਤਰ੍ਹਾਂ ਕਰਨ ਦਾ ਅਰਥ ਸੀ ਕਿ ਉਹ ਸੰਗਤਾਂ ਵਿਚ ਦਾਨ ਕਰਨ ਦੀ ਭਾਵਨਾ ਪੈਦਾ ਕਰਨੀ ਚਾਹੁੰਦੇ ਸੀ, ਜਿਸ ਨਾਲ ਲੋਕਾਂ ਵਿਚ ਨਿਮਰਤਾ ਆਵੇ, ਪਰਿਵਾਰਾਂ ਵਿਚ ਸ਼ਾਂਤੀ ਖੁਸ਼ਹਾਲੀ ਅਤੇ ਭਾਈਚਾਰਕ ਸਾਂਝ ਵਧੇ। ਬਹੁਤ ਸਾਰੀਆਂ ਔਕੜਾਂ ਤੋਂ ਬਾਅਦ ਵੀ ਦਾਨ ਕਰਨ ਨੂੰ ਕਠਿਨ ਚੀਵਰਦਾਨ ਕਿਹਾ ਜਾਂਦਾ ਹੈ, ਇਸ ਲਈ ਇਹ ਦਿਨ ਬਹੁਤ ਖੁਸ਼ੀਆਂ ਅਤੇ ਸ਼ਰਧਾ ਨਾਲ ਉਤਸਵ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਸਾਲ ਕਠਿਨਚੀਵਰਦਾਨ ਦੀ ਸੇਵਾ ਸ੍ਰੀ ਧਨਪਤ ਰੱਤੂ ਅਤੇ ਸਮਿਅਕ ਸ਼ਰਧਾ ਸਮਿਤੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਖੁਸ਼ੀ -ਖੁਸ਼ੀ ਨਿਭਾਈ ਗਈ। ਇਸ ਉਪਰੰਤ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਬੁੱਧ ਉਪਾਸਕਾਂ ਅਤੇ ਦਾਨੀ ਸੱਜਣਾਂ ਵੱਲੋਂ ਭਿਖਸ਼ੂਆਂ ਨੂੰ ਭੋਜਨ ਦਾਨ ਅਤੇ ਚੀਵਰਦਾਨ ਕੀਤੇ ਗਏ। ਇਸ ਇਤਿਹਾਸਕ ਅਤੇ ਖੁਸ਼ੀ ਦੇ ਮੌਕੇ ਤੇ ਸ੍ਰੀ ਹਰਭਜਨ ਦਾਸ ਸਾਂਪਲਾ ਪ੍ਰਧਾਨ, ਸ੍ਰੀ ਦਲਬੀਰ ਸਿੰਘ ਸਰੋਏ ਜਨਰਲ ਸਕੱਤਰ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ, ਧੱਨਪਤ ਰੱਤੂ (ਇੰਗਲੈਂਡ), ਸ੍ਰੀ ਸੋਹਣ ਸਹਿਜਲ, ਡਾ. ਸੰਤੋਖ ਲਾਲ ਐਡ-ਵੋਕੇਟ, ਚੂਨੀ ਲਾਲ ਐਡਵੋਕੇਟ, ਚਮਲ ਚਾਹਲ (ਯੂ. ਕੇ.), ਡਾ. ਆਰ. ਕੇ. ਬੌਧ, ਰਾਮ ਸੇਵਕ ਭਾਰਤੀ, ਰਜਿੰਦਰ ਕੁਮਾਰ, ਏ. ਪੀ. ਮੌਰੀਆ ਅਤੇ ਅਰਾਧਨਾ ਬੌਧ ਨੇ ਵੀ ਵਿਚਾਰ ਪੇਸ਼ ਕੀਤੇ।

# ਮੱਖਣ ਕੋਹਾੜ ਉਪਰ ਜਾਨਲੇਵਾ ਹਮਲਾ ਕਰਨ ਦੀ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਨਿਖੇਧੀ

**ਜਲੰਧਰ–** ਪੰਜਾਬ ਦੇ ਮੰਨੇ ਪ੍ਰਮੰਨੇ ਕਵੀ ਮੱਖਣ ਕੋਹਾੜ ਉਪਰ ਜਾਨਲੇਵਾ ਹਮਲਾ ਕਰਨ ਦੀ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਤਿੱਖੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਨਾਮਵਰ ਲੋਕ-ਕਵੀ ਮੱਖਣ ਕੋਹਾੜ ਉਪਰ ਭੂ-ਮਾਫੀਆ ਅਤੇ ਲੱਠਮਾਰ ਗਰੋਹ ਦੀ ਮਿਲੀ ਭੁਗਤ ਨਾਲ ਗਿਣੀ ਮਿੱਥੀ ਯੋਜਨਾ ਤਹਿਤ ਹੱਲਾ ਕਰਕੇ ਅਤੇ ਉਹਨਾਂ ਨੂੰ ਹੱਕ, ਸੱਚ ਅਤੇ ਇਨਸਾਫ ਦੀ ਗੱਲ ਕਰਨ ਤੋਂ ਬਾਜ਼ ਆਉਣ ਦੀਆਂ ਧਮਕੀਆਂ ਦਾ ਪੰਜਾਬ ਦਾ ਬੁੱਧੀਜੀਵੀ, ਸਾਹਿਤਕ, ਸਭਿਆਚਾਰਕ ਖੇਤਰ ਨਾਲ ਜੁੜਿਆ ਵਰਗ, ਮਿਹਨਤਕਸ਼ ਲੋਕ ਅਤੇ ਲੋਕ-ਜਥੇਬੰਦੀਆਂ ਲੋਕ-ਆਵਾਜ਼ ਦੇ ਜ਼ੋਰ ਮੂੰਹ ਤੋੜਵਾਂ ਜਵਾਬ ਦੇਣਗੀਆਂ।

ਕਮੇਟੀ ਨੇ ਕਿਹਾ ਹੈ ਕਿ ਮੱਖਣ ਕੋਹਾੜ ਦੀ ਕਵਿਤਾ ਅਤੇ ਕਲਮ ਹਮੇਸ਼ਾ ਕਮਾਊ ਲੋਕਾਂ ਦੇ ਹੱਕ ਦੀ ਗੱਲ ਕਰਦੀ ਹੈ ਅਤੇ ਉਹ ਲੋਕ ਮਸਲਿਆਂ ਨੂੰ ਆਪਣੀ ਕਲਾ ਕਿਰਤ ਦਾ ਹਿੱਸਾ ਬਣਾਉਂਦੀ ਹੈ ਜਿਸ ਤੋਂ ਗੁਰਦਾਸਪੁਰ ਦਾ ਭੂ-ਮਾਫੀਆ ਸੜਦਾ ਬਲਦਾ ਅਤੇ ਧਮਕੀਆਂ ਦਿੰਦਾ ਆ ਰਿਹਾ ਸੀ।

ਕਮੇਟੀ ਨੇ ਦੋਸ਼ ਲਗਾਇਆ ਕਿ ਭੂ-ਮਾਫੀਆ, ਲੱਠਮਾਰ ਗਿਰੋਹ ਅਤੇ ਪੁਲਿਸ ਦੀ ਮਿਲੀ ਭੁਗਤ ਉਸ ਵੇਲੇ ਜੱਗ ਜ਼ਾਹਿਰ ਹੋ ਗਈ ਹੈ ਜਦੋਂ ਮੱਖਣ ਕੋਹਾੜ ਵੱਲੋਂ ਦਰਜ ਰਿਪੋਰਟ 'ਤੇ ਆਧਾਰਿਤ ਮੁਜ਼ਰਿਮਾਂ 'ਤੇ ਧਾਰਾਵਾਂ ਲਾਉਣ ਦੀ ਬਜਾਏ ਦੋਸ਼ੀਆਂ ਦੀ ਨੰਗੀ ਚਿੱਟੀ ਪਿੱਠ ਥਾਪੜੀ ਜਾ ਰਹੀ ਹੈ।

**ਜਾਰੀ ਕਰਤਾ**
**ਅਮੋਲਕ ਸਿੰਘ, ਕਨਵੀਨਰ ਸਭਿਆਚਾਕ ਵਿੰਗ**

# ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਤੇ ਗੁਰੂ ਰਵਿਦਾਸ ਫੋਰਸ ਪੰਜਾਬ ਦਾ ਇਕ ਵਫਦ ਵਿਧਾਇਕ ਸੋਮ ਪ੍ਰਕਾਸ਼ ਕੈਂਥ ਨੂੰ ਮਿਲਿਆ

## ਵਿਆਨਾ ਕਾਂਡ ਤੋਂ ਬਾਅਦ ਹੋਏ ਰੋਸ ਮੁਜਾਹਰਿਆਂ ਦੌਰਾਨ ਨਾਮਜਦ ਕੀਤੇ ਗਏ ਨੌਜਵਾਨਾਂ ਦੇ ਪਰਚੇ ਰੱਦ ਕਰਵਾਉਣ ਦੀ ਮੰਗ ਕੀਤੀ



**ਫਗਵਾੜਾ (ਬੀ ਕੇ ਰੱਤੂ) –** ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਬਲਾਕ ਫਗਵਾੜਾ ਅਤੇ ਗੁਰੂ ਰਵਿਦਾਸ ਫੋਰਸ ਪੰਜਾਬ ਦਾ ਇਕ ਵਫਦ ਚੰਦਰੇਸ਼ ਕੌਲ ਜਨਰਲ ਸਕੱਤਰ, ਜੋਗਿੰਦਰ ਪਾਲ ਸੀਨੀਅਰ ਮੀਤ ਪ੍ਰਧਾਨ ਅਤੇ ਡਾ. ਸਤੀਸ਼ ਸੁਮਨ ਜਨਰਲ ਸਕੱਤਰ ਗੁਰੂ ਰਵਿਦਾਸ ਫੋਰਸ ਪੰਜਾਬ ਦੀ ਅਗਵਾਈ ਹੇਠ ਹਲਕਾ ਵਿਧਾਇਕ ਸੋਮ ਪ੍ਰਕਾਸ਼ ਕੈਂਥ ਨੂੰ ਮਿਲਿਆ। ਇਸ ਮੋਕੇ ਉਨ੍ਹਾਂ ਵਿਧਾਇਕ ਕੈਂਥ ਨੂੰ ਇਕ ਮੰਗ ਪੱਤਰ ਦਿੰਦਿਆਂ ਵਿਆਨਾ ਕਾਂਡ ਤੋਂ ਬਾਅਦ ਪੰਜਾਬ ਵਿਚ ਹੋਏ ਰੋਸ ਮੁਜਾਹਰਿਆਂ ਦੌਰਾਨ ਨਾਮਜਦ ਕੀਤੇ ਗਏ ਨੌਜਵਾਨਾਂ ਦੇ ਪਰਚੇ ਰੱਦ ਕਰਵਾਉਣ ਦੀ ਮੰਗ ਕੀਤੀ। ਵਿਧਾਇਕ ਕੈਂਥ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਇਸ ਬਾਰੇ ਜੋ ਵੀ ਸੰਭਵ ਹੋ ਸਕੇਗਾ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਮੋਕੇ ਸਾਲਗਰਾਮ ਜੱਸੀ, ਮੰਗਤ ਰਾਮ ਸਾਬਕਾ ਸਰਪੰਚ, ਰੂਪ ਲਾਲ ਭੁੱਲਾਰਾਏ, ਰੂਪ ਲਾਲ ਸ਼ਿਵਪੁਰੀ, ਨੀਲਾ ਦਰਵੇਸ਼ ਪਿੰਡ, ਚੰਦਰਪਾਲ ਪਲਾਹੀ ਗੇਟ, ਬੱਬੂ ਹਦੀਆਬਾਦ, ਰਾਮਪਾਲ ਮਲਕਪੁਰ, ਡਾ. ਅਸ਼ੋਕ ਭਾਟੀਆ, ਕਮਲ ਮੱਲ, ਸੁਰਿੰਦਰ ਪਾਲ ਅਤੇ ਗੁਰਬਚਨਾ ਰਾਮ ਸਾਬਕਾ ਸਰਪੰਚ ਆਦਿ ਵੀ ਹਾਜਰ ਸਨ।

# ਕਾਮਰੇਡ ਅਵਤਾਰ ਸਿੰਘ ਜੌਹਲ ਨੂੰ ਗਹਿਰਾ ਸਦਮਾ

## ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ

**ਜਲੰਧਰ–** ਇਹ ਖ਼ਬਰ ਅਗਾਂਹਵਧੂ ਹਲਕਿਆਂ ਵਿੱਚ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਪ੍ਰਧਾਨ ਕਾ. ਅਵਤਾਰ ਸਿੰਘ ਜੌਹਲ ਦੇ ਵੱਡੇ ਭਰਾਤਾ ਸ. ਸੁੱਚਾ ਸਿੰਘ ਜੌਹਲ ਜਾਨਲੇਵਾ ਸਾਬਤ ਹੋਏ ਦਿਲ ਦੇ ਦੌਰੇ ਨਾਲ ਸਦੀਵੀ ਵਿਛੋੜਾ ਦੇ ਗਏ ਹਨ। 84 ਵਰ੍ਹਿਆਂ ਦੇ ਸਵਰਗਵਾਸੀ ਜੌਹਲ ਆਪਣੇ ਪਿੱਛੇ ਤਿੰਨ ਲੜਕੇ ਤੇ ਇੱਕ ਲੜਕੀ ਦਾ ਵੱਡਾ ਪਰਿਵਾਰ ਛੱਡ ਗਏ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੀਤ ਪ੍ਰਧਾਨ ਕਾ. ਅਜਮੇਰ ਸਿੰਘ ਸਮਰਾ, ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਕਮੇਟੀ ਮੈਂਬਰ ਕਾ. ਮੰਗਤ ਰਾਮ ਪਾਸਲਾ ਇਹ ਦੁਖਦਾਈ ਖ਼ਬਰ ਦਾ ਪਤਾ ਲੱਗਣ ਸਾਰ ਹੀ ਉਨ੍ਹਾਂ ਦੇ ਜੱਦੀ ਪਿੰਡ ਜੰਡਿਆਲਾ ਮੰਜਕੀ ਵਿਖੇ ਪਰਿਵਾਰ ਨਾਲ ਦੁੱਖ ਵੰਡਾਉਣ ਜਾ ਪਹੁੰਚੇ। ਸੁੱਚਾ ਸਿੰਘ ਇੰਗਲੈਂਡ ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬਿਟ੍ਰੇਨ ਦੇ ਸਰਗਰਮ ਮੈਂਬਰ ਸਨ। ਉਹ ਉਚੇਚੇ ਤੌਰ 'ਤੇ ਦੇਸ਼ ਭਗਤ ਯਾਦਗਾਰ ਹਾਲ ਵਿਖੇ 25ਵੇਂ ਮੇਲਾ ਗ਼ਦਰੀ ਬਾਬਿਆਂ ਦਾ ਮੌਕੇ ਭਾਰਤ ਆਏ ਹੋਏ ਸਨ। ਉਹ ਸ਼ਹੀਦ ਬੰਤਾ ਸਿੰਘ ਸੰਘਵਾਲ ਦੀ ਸ਼ਹਾਦਤ ਸ਼ਤਾਬਦੀ ਸਮਾਗਮ ਮੌਕੇ ਵੀ ਪਹੁੰਚੇ ਸਨ। ਉਨ੍ਹਾਂ ਇੰਡੀਅਨ ਵਰਕਰਜ਼ ਐਸੋਸੀਏਸ਼ਨ



ਰਾਹੀਂ ਦੇਸ਼ ਭਗਤ ਯਾਦਗਾਰ ਹਾਲ ਵਿਚ ਬਣ ਰਹੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਲਈ 10000 ਰੁਪਏ ਦੀ ਸਹਾਇਤਾ ਫੰਡ ਰਾਸ਼ੀ ਵੀ ਦਿੱਤੀ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਅਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਜੌਹਲ ਪਰਿਵਾਰ ਦੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨਾਲ ਭਾਵਨਾਤਮਕ ਸਬੰਧਾਂ ਦਾ ਜ਼ਿਕਰ ਕਰਦਿਆਂ ਸ੍ਰੀ ਸੁੱਚਾ ਸਿੰਘ ਜੌਹਲ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਸਭਾ ਵਿਚ ਕਮੇਟੀ ਦੇ ਮੀਤ ਪ੍ਰਧਾਨ ਕਾ. ਅਜਮੇਰ ਸਿੰਘ ਸਮਰਾ, ਖਜ਼ਾਨਚੀ ਕਾ. ਸੀਤਲ ਸਿੰਘ ਸੰਘਾ, ਟਰੱਸਟੀਜ਼ ਕਾ. ਗੁਰਮੀਤ, ਅਮੋਲਕ ਸਿੰਘ, ਕਾ. ਨੌਨਿਹਾਲ ਸਿੰਘ, ਕਾ. ਕੁਲਵੰਤ ਸਿੰਘ ਸੰਧੂ, ਕਮੇਟੀ ਮੈਂਬਰ ਕਾ. ਚਰੰਜੀ ਲਾਲ ਕੰਗਣ-ਿਵਾਲ, ਦੇਵ ਰਾਜ ਨਈਅਰ ਤੋਂ ਇਲਾਵਾ ਬਹੁਤ ਸਾਰੇ ਕਮੇਟੀ ਮੈਂਬਰਾਂ ਨੇ ਟੈਲੀਫੋਨ 'ਤੇ ਦੁੱਖ ਸਾਂਝਾ ਕੀਤਾ। ਇਸ ਮੌਕੇ ਦੇਸ਼ ਭਗਤ ਯਾਦਾਗਰ ਦੇ ਪਰਿਵਾਰਕ ਮੈਂਬਰ ਕਾਮਰੇਡ ਸ਼ਾਮ ਲਾਲ, ਪ੍ਰੋ. ਗੋਪਾਲ ਸਿੰਘ ਬੁੱਟਰ, ਮਨਜੀਤ ਕੇਸਰ, ਬਲਵਿੰਦਰ ਕੌਰ ਬਾਂਸਲ, ਕਾ. ਭੀਮ ਰਾਓ, ਗੁਰਦੀਪ ਸਿੰਘ ਸੰਧਰ ਤੋਂ ਇਲਾਵਾ ਸਟਾਫ ਮੈਂਬਰ ਹਾਜ਼ਰ ਸਨ।

**– ਡਾ. ਰਘਬੀਰ ਕੌਰ (ਜਨਰਲ ਸਕੱਤਰ)**

# ਪਿਤਾ ਦੀ ਸੰਪਤੀ ਕਰਾਈ ਜਾ ਸਕਦੀ ਹੈ ਪੁੱਤਰ ਤੋਂ ਖਾਲੀ

**ਚੰਡੀਗੜ੍ਹ–** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜਾਰੀ ਨਵੇਂ ਦਿਸ਼ਾ ਨਿਰਦੇਸ਼ਾਂ ਨੇ ਪਿਤਾ ਪੁੱਤਰ ਦੇ ਸਬੰਧਾਂ ਨੂੰ ਨਵੇਂ ਅਰਥ ਦਿੱਤੇ ਹਨ ਜਿਸਦੇ ਅਨੁਸਾਰ ਪੁੱਤਰ ਆਪਣੇ ਪਿਤਾ ਦੀ ਮਾਲਕੀ ਵਾਲੇ ਥਾਂ ਵਿੱਚ ਪੱਕੇ ਮਾਲਕ ਵੱਜੋਂ ਨਹੀਂ ਰਹਿ ਸਕਦਾ ਬਲਕਿ ਇੱਕ ਜ਼ਿਲ੍ਹਾ ਮੈਜਿਸਟ੍ਰੇਟ ਵੀ ਉਸਨੂੰ ਇਹ ਸਥਾਨ ਖਾਲੀ ਕਰਨ ਦੇ ਨਿਰਦੇਸ਼ ਦੇ ਸਕਦਾ ਹੈ। ਜਸਟਿਸ ਹੇਮੰਤ ਗੁਪਤਾ ਅਤੇ ਜਸਟਿਸ ਸਨੇਹ ਪ੍ਰਾਸ਼ਰ ਵੱਲੋਂ ਇਹ ਫੈਸਲਾ ਗੁਰਪ੍ਰੀਤ ਸਿੰਘ ਨਾਮ ਦੇ ਪੁੱਤਰ ਵੱਲੋਂ ਆਪਣੇ ਪਿਤਾ ਅਤੇ ਹੋਰਾਂ ਦੇ ਖਿਲਾਫ਼ ਪਾਈ ਪਟੀਸ਼ਨ 'ਤੇ ਦਿੱਤਾ ਗਿਆ ਹੈ। ਅਦਾਲਤ ਨੇ ਸਪਸ਼ਟ ਕੀਤਾ ਹੈ ਕਿ ਪਟੀਸ਼ਨਰ ਆਪਣੇ ਪਿਤਾ ਦੀ ਜਾਇਦਾਦ ਵਿੱਚ ਰਵਾਇਤੀ ਢੰਗ ਨਾਲ ਤਾਂ ਰਹਿ ਸਕਦਾ ਹੈ ਪਰ ਉਸਦਾ ਇਸ ਵਿੱਚ ਕੋਈ ਹਿੱਸਾ ਜਾਂ ਕੋਈ ਦਿਲਚਸਪੀ ਨਹੀਂ ਹੋ ਸਕਦੀ। ਉਸਨੂੰ ਉਸਦੇ ਪਿਤਾ ਨੇ ਉਥੇ ਰਹਿਣ ਦੀ ਰਿਆਇਤ ਦਿੱਤੀ ਹੁੰਦੀ ਹੈ।

# ਭਾਰਤ ਦੀ ਸਮਾਜਿਕ ਕ੍ਰਾਂਤੀ

ਹਾਲ ਹੀ ਵਿਚ ਭਾਰਤੀ ਸੰਵਿਧਾਨ ਨੂੰ ਲਾਗੂ ਕਰਨ ਬਾਰੇ ਬਹਿਸ ਚੱਲ ਰਹੀ ਹੈ। ਸੱਤਾ ਪੱਖ ਦੁਆਰਾ ਭਾਰਤੀ ਸੰਵਿਧਾਨ ਲਾਗੂ ਹੋਣ ਦੀ ਤਾਰੀਖ 26 ਨਵੰਬਰ 1949 ਦੱਸੀ ਜਾ ਰਹੀ ਹੈ, ਜਦਕਿ ਭਾਰਤ ਵਿਚ ਗਣਤੰਤਰ ਦਿਵਸ 26 ਜਨਵਰੀ ਨੂੰ ਮਨਾਇਆ ਜਾਂਦਾ ਹੈ। ਇਸ ਬਹਿਸ ਦੀ ਹਾਲਾਂਕਿ ਕੋਈ ਅਹਿਮੀਅਤ ਨਹੀਂ ਹੈ ਪਰ ਭਾਰਤੀ ਸੰਵਿਧਾਨ ਨੂੰ ਤੋੜਨ ਦੀਆਂ ਛੁਪੀਆਂ ਸਾਜਿਸ਼ਾਂ ਦੇ ਪ੍ਰਤੀ ਭਾਰਤ ਵਿਚ ਹੁਣ ਫਿਰ ਸਮਾਜਿਕ ਕ੍ਰਾਂਤੀ ਆ ਗਈ ਹੈ। ਸੱਤਾਧਾਰੀ ਭਾਜਪਾ ਤੋਂ ਇਲਾਵਾ ਲੱਗਭੱਗ ਸਾਰੀਆਂ ਸਿਆਸੀ ਪਾਰਟੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ ਅਤੇ ਇਸ ਚਰਚਾ ਨੂੰ ਬੇਅਰਥ ਦੱਸ ਰਹੀਆਂ ਹਨ।

ਭਾਰਤੀ ਸੰਵਿਧਾਨ ਦੁਨੀਆਂ ਦਾ ਇਕ ਅਜਿਹਾ ਆਦਰਸ਼ ਸੰਵਿਧਾਨ ਹੈ, ਜਿਸ ਨੂੰ 1950 ਤੋਂ ਬਾਅਦ ਦੁਨੀਆਂ ਦੇ 50 ਦੇਸ਼ਾਂ ਨੇ ਵਿਚਾਰਿਆ ਅਤੇ ਇਸ ਵਿਚ ਸ਼ਾਮਲ ਕਈ ਅਹਿਮ ਪੱਖ ਨੂੰ ਅਪਣਾਇਆ ਵੀ ਹੈ। ਭਾਰਤੀ ਸੰਵਿਧਾਨ ਇਸ ਕਰਕੇ ਆਦਰਸ਼ ਸੰਵਿਧਾਨ ਹੈ ਕਿਉਂਕਿ ਇਹ ਸਮਾਜਿਕ ਕ੍ਰਾਂਤੀ ਲਿਆਉਣ ਵਾਲਾ ਦੁਨੀਆਂ ਦਾ ਇਕ ਅਜਿਹਾ ਦਸਤਾਵੇਜ਼ ਹੈ, ਜਿਸ ਨੇ ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਨੂੰ ਸਵਰਣ ਜਾਤੀਆਂ ਦੀ ਬਰਾਬਰੀ ਤੇ ਲਿਆ ਖੜ੍ਹਾ ਕੀਤਾ। ਇੰਨਾ ਹੀ ਨਹੀਂ ਦੱਬੇ-ਕੁਚਲੇ ਲੋਕਾਂ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ, ਸਾਰਿਆਂ ਨੂੰ ਇਕ ਸਮਾਨ ਅਧਿਕਾਰ ਮਿਲੇ ਅਤੇ ਵੋਟ ਦਾ ਅਧਿਕਾਰ ਸਭ ਨੂੰ ਬਰਾਬਰ ਮਿਲਿਆ। ਭਾਰਤੀ ਸੰਵਿਧਾਨ ਵਿਚ ਸਿਰਫ ਅਛੂਤ ਕਹੀਆਂ ਜਾਤੀਆਂ ਹੀ ਵਿਤਕਰੇ ਦਾ ਸ਼ਿਕਾਰ ਨਹੀਂ ਸਨ, ਬਲਕਿ ਔਰਤਾਂ ਦੀ ਹਾਲਤ ਵੀ ਬਹੁਤ ਮਾੜੀ ਸੀ। ਮਰਦ ਪ੍ਰਧਾਨ ਸਮਾਜ ਦਾ ਦਬਦਬਾ ਸੀ ਅਤੇ ਔਰਤਾਂ ਦੇ ਅਧਿਕਾਰਾਂ ਦੀ ਕੋਈ ਗੱਲ ਵੀ ਨਹੀਂ ਕਰਦਾ ਸੀ। ਪ੍ਰਸ਼ਾਸਨਿਕ ਸਿਸਟਮ ਵਿਚ ਸਵਰਣ ਜਾਤੀਆਂ ਦਾ ਪੂਰਨ ਏਕਾਧਿਕਾਰ ਸੀ ਅਤੇ ਉਹੀ ਮੁਲਕ ਦੇ ਸ਼ਾਸਕ ਬਣ ਕੇ ਆਮ ਗਰੀਬ ਵਰਗ ਨੂੰ ਅੱਗੇ ਨਹੀਂ ਆਉਣ ਦਿੰਦੇ ਸਨ ਅਤੇ ਨਾ ਹੀ ਉਭਰਨ ਦਿੰਦੇ ਸਨ। ਸਦੀਆਂ ਦੀ ਹਿੰਦੂਵਾਦੀ ਵਿਵਸਥਾ ਦੇ ਕਾਰਨ ਭਾਰਤ ਦੀ ਅੱਧੀ ਤੋਂ ਜ਼ਿਆਦਾ ਆਬਾਦੀ ਹਾਸ਼ੀਏ ਤੇ ਬੈਠੀ ਸੀ। ਭਾਰਤ ਦੇ ਸੰਵਿਧਾਨ ਨੇ ਸਾਰਿਆਂ ਨੂੰ ਇਕ ਬਰਾਬਰ ਦਾ ਰੁਤਬਾ ਦਿੱਤਾ ਅਤੇ ਸਭ ਨੂੰ ਆਪਣੇ ਹੁਕਮਰਾਨ ਚੁਣਨ ਦਾ ਬਰਾਬਰ ਅਧਿਕਾਰ ਦਿੱਤਾ। ਇਸ ਸਮਾਜਿਕ ਕ੍ਰਾਂਤੀ ਦੇ ਲਈ ਹਾਲਾਂਕਿ ਇਕ ਲੰਮਾ ਸੰਘਰਸ਼ ਕੰਮ ਕਰਦਾ ਰਿਹਾ ਹੈ, ਪਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਇਸ ਸਮੱਸਿਆ ਨੂੰ ਬਹੁਤ ਗਹਿਰਾਈ ਨਾਲ ਵਾਚਿਆ ਅਤੇ ਉਹਨਾਂ ਨੇ ਇਸ ਦਾ ਹੱਲ ਸੰਵਿਧਾਨ ਵਿਚ ਹੀ ਦੇਖਿਆ। ਸਦੀਆਂ ਤੋਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਆ ਰਹੇ ਭਾਰਤ ਦੇ ਆਮ ਲੋਕਾਂ ਨੂੰ ਬ੍ਰਾਹਮਣਵਾਦੀ ਸੋਚ ਨੂੰ ਨਕਾਰ ਕੇ ਬਰਾਬਰ ਲਿਆ ਖੜ੍ਹਾ ਕੀਤਾ। ਇਸ ਲਈ ਭਾਰਤ ਦੇ ਲੋਕ ਬਾਬਾ ਸਾਹਿਬ ਦੇ ਹਮੇਸ਼ਾ ਰਿਣੀ ਰਹਿਣਗੇ। ਹੁਣ ਇਸ ਵਿਵਸਥਾ ਨੂੰ ਤੋੜਨ ਲਈ ਹਿੰਦੂਤਵੀ ਤਾਕਤਾਂ ਇਕ ਵਾਰ ਫਿਰ ਸਰਗਰਮ ਹਨ ਪਰ ਭਾਰਤ ਦੇ ਲੋਕੀ ਹੁਣ ਆਜ਼ਾਦੀ ਅਤੇ ਬਰਾਬਰੀ ਦੀ ਭਾਵਨਾ ਨੂੰ ਚੰਗੀ ਤਰ੍ਹਾਂ ਸਮਝਣ ਲੱਗੇ ਹਨ ਅਤੇ ਉਹਨਾਂ ਨੂੰ ਅਜਿਹਾ ਨਹੀਂ ਕਰਨ ਦੇਣਗੇ। ਭਾਰਤ ਨੂੰ ਇਕ ਵਿਸ਼ੇਸ਼ ਧਰਮ ਵਾਲੇ ਲੋਕਾਂ ਦਾ ਮੁਲਕ ਬਣਨ ਨਹੀਂ ਦੇਣਗੇ ਜਿਸ ਦਾ ਸਬੂਤ ਬਿਹਾਰ ਦੀਆਂ ਚੋਣਾਂ ਹਨ, ਜਿੱਥੇ ਹਿੰਦੂਤਵੀ ਤਾਕਤਾਂ ਨੂੰ ਸਭ ਤੋਂ ਵੱਡਾ ਸਬਕ ਮਿਲਿਆ ਹੈ। ਅੱਜ ਦੇ ਭਾਰਤ ਨੂੰ ਬਾਬਾ ਸਾਹਿਬ ਦੀ ਬਹੁਤ ਦੇਣ ਹੈ, ਜਿਸ ਨੇ ਸਭ ਤੋਂ ਵੱਡੀ ਸਮਾਜਿਕ ਕ੍ਰਾਂਤੀ ਲਿਆਂਦੀ।

**ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ 59ਵੇਂ ਪ੍ਰੀਨਿਰਵਾਣ ਦਿਵਸ ਤੇ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 27



ਮੇਘ ਰਾਜ ਮਿੱਤਰ
+91-98887-87440

? ਕਾਮਰੇਡਾਂ ਅਤੇ ਤਰਕਸ਼ੀਲਾਂ ਵਿਚ ਬੁਨਿਆਦੀ ਫਰਕ ਕੀ ਹੈ?

* ਸਵਾਲ ਵਿਚ ਕਾਮਰੇਡਾਂ ਤੋਂ ਭਾਵ ਕਮਿਊਨਿਸਟਾਂ ਤੋਂ ਹੈ। ਕਮਿਊਨਿਸਟ ਸਮਝਦੇ ਹਨ ਕਿ ਸਮਾਜ ਦੋ ਵਰਗਾਂ ਵਿਚ ਵੰਡਿਆ ਹੈ-ਇਕ ਵਰਗ ਲੁਟੇਰਿਆਂ ਦਾ ਹੈ ਅਤੇ ਦੂਜਾ ਲੁੱਟੇ ਜਾਣ ਵਾਲਿਆਂ ਦਾ। ਕਮਿਊਨਿਸਟ ਵਿਚਾਰਧਾਰਾ ਲੁੱਟੇ ਜਾਣ ਵਾਲਿਆਂ ਨੂੰ ਜਥੇਬੰਦ ਕਰਦੀ ਹੈ ਅਤੇ ਇਸ ਦਾ ਨਿਸ਼ਾਨਾ ਲੋਟੂ ਵਰਗ ਨੂੰ ਖਤਮ ਕਰਨਾ ਹੈ। ਪਰ ਤਰਕਸ਼ੀਲ ਤਾਂ ਸਮੁੱਚੇ ਲੋਕਾਂ ਵਿਚੋਂ ਅੰਧ ਵਿਸ਼ਵਾਸ਼ਾਂ ਨੂੰ ਖਤਮ ਕਰਨ ਲਈ ਯਤਨਸ਼ੀਲ ਹਨ। ਇਨ੍ਹਾਂ ਸਾਹਮਣੇ ਅਮੀਰ ਗਰੀਬ ਸਭ ਇਕੋ ਹੀ ਹੁੰਦੇ ਹਨ। ਭਾਵੇਂ ਗਰੀਬੀ ਹੀ ਅੰਧਵਿਸ਼ਵਾਸੀ ਦੀ ਮਾਂ ਹੈ।

? ਤਰਕਸ਼ੀਲ ਤਪਦੇ ਸੰਗਲਾਂ ਨੂੰ ਹੱਥਾਂ ਨਾਲ ਠੰਢਾ ਕਿਵੇਂ ਕਰ ਦਿੰਦੇ ਹਨ?

* ਤਰਕਸ਼ੀਲ ਤਪਦੇ ਸੰਗਲਾਂ ਨੂੰ ਠੰਡਾ ਕਰਨ ਲਈ ਪੈਟਰੋਲੀਅਮ ਯੈਲੀ ਦਾ ਇਸਤੇਮਾਲ ਕਰਦੇ ਹਨ ਹੱਥਾਂ ਨੂੰ ਪੈਟਰੋਲੀਅਮ ਯੈਲੀ ਮਲ ਕੇ ਉਹ ਸੰਗਲਾਂ ਨੂੰ ਹੱਥ ਪਾਉਂਦੇ ਹਨ ਜਿਸ ਨਾਲ ਲਾਟਾਂ ਵੀ ਪੈਦਾ ਹੁੰਦੀਆਂ ਹਨ। ਪੈਟਰੋਲੀਅਮ ਯੈਲੀ ਦੀ ਤਹਿ ਕੁਚਾਲਕ ਹੋਣ ਕਰਕੇ ਹੱਥਾਂ ਨੂੰ ਇਸ ਨਾਲ ਨੁਕਸਾਨ ਨਹੀਂ ਪਹੁੰਚਦਾ। ਵਧੇਰੇ ਜਾਣਕਾਰੀ ਲਈ ਬੀ. ਪ੍ਰੇਮਾਨੰਦ ਦੀ ਲਿਖੀ ਕਿਤਾਬ 'ਚਮਤਕਾਰਾਂ ਪਿੱਛੇ ਵਿਗਿਆਨ' ਦਾ ਅਧਿਐਨ ਕਰ ਸਕਦੇ ਹੋ।

? ਤਰਕਸ਼ੀਲ ਸੁਸਾਇਟੀ ਦਾ ਮੈਂਬਰ ਬਣਨ ਲਈ ਕੀ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ਅਤੇ ਕੀ ਕੁਝ ਕਰਨ ਦੀ ਲੋੜ ਹੈ?

* ਤਰਕਸ਼ੀਲ ਸੁਸਾਇਟੀ ਦਾ ਮੈਂਬਰ ਬਣਨ ਲਈ ਇਕ ਪ੍ਰਣ ਪੱਤਰ ਭਰਨਾ ਪੈਂਦਾ ਹੈ ਜਿਸ ਵਿਚ ਹੋਰ ਸ਼ਰਤਾਂ ਤੋਂ ਇਲਾਵਾ ਨਾਸਤਿਕ ਹੋਣਾ ਵੀ ਜ਼ਰੂਰੀ ਹੁੰਦਾ ਹੈ। ਦੋ ਸਾਲਾਂ ਦੀ ਮੈਂਬਰ ਫੀਸ 100 ਕੁ ਰੁਪਏ ਹੁੰਦੀ ਹੈ। ਤੁਸੀਂ ਕਿਸੇ ਵੀ ਨਜ਼ਦੀਕੀ ਇਕਾਈ ਦੇ ਮੈਂਬਰ ਬਣ ਸਕਦੇ ਹੋ।

? ਪਿੱਛੇ ਜਿਹੇ ਵਾਪਰੇ ਤੱਲ੍ਹਣ ਕਾਂਡ ਵਰਗੇ ਮਸਲਿਆਂ ਵਿੱਚ ਤਰਕਸ਼ੀਲਾਂ ਦਾ ਕੀ ਕਿਰਦਾਰ ਹੋਣਾ ਚਾਹੀਦਾ ਹੈ?

* ਅਜਿਹੇ ਮਸਲਿਆਂ ਵਿੱਚ ਤਰਕਸ਼ੀਲਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਵਿੱਚ ਫਿਰਕੂ ਸਦਭਾਵਨਾ ਬਣਾਈ ਰੱਖਣ। ਲੋਕਾਂ ਨੂੰ ਜਾਤਾਂ-ਪਾਤਾਂ ਅਤੇ ਧਰਮਾਂ ਦੇ ਵਖਰੇਵਿਆਂ ਨਾਲ ਵੰਡਣ ਦੀ ਸਾਜ਼ਿਸ਼ ਸਿਰਫ਼ ਸਰਮਾਏਦਾਰ ਜਮਾਤਾਂ ਦੀ ਦੇਣ ਹੁੰਦੀ ਹੈ। ਉਨ੍ਹਾਂ ਦੀਆਂ ਅਜਿਹੀਆਂ ਕਾਰਵਾਈਆਂ ਦਾ ਵਿਰੋਧ ਜ਼ਰੂਰ ਹੋਣਾ ਚਾਹੀਦਾ ਹੈ।

? ਇੱਕ ਤਰਕਸ਼ੀਲ ਜੋ ਕਿ ਪਿੰਡ ਵਿੱਚ ਪੈਸੇ ਪੱਖੋਂ ਅਤੇ ਉਮਰ ਵਿੱਚ ਸਭ ਤੋਂ ਛੋਟਾ ਹੋਵੇ ਤਾਂ ਕੀ ਕਰ ਸਕਦਾ ਹੈ ਜਦ ਕਿ ਪਿੰਡ ਦੀ ਪੰਚਾਇਤ ਜਾਂ ਕੁਝ ਧਾਰਮਿਕ ਸੱਜਣ ਪਿੰਡ ਵਿੱਚ ਡੇਰੇ ਬਣਾ ਰਹੇ ਹੋਣ ਜਾਂ ਕੋਈ ਅੰਧ ਵਿਸ਼ਵਾਸੀ ਕੰਮ ਕਰ ਰਹੇ ਹੋਣ। ਕੀ ਉਸ ਨੂੰ ਚੁੱਪ ਕਰਕੇ ਸਭ ਕੁਝ ਦੇਖਦੇ ਰਹਿਣਾ ਚਾਹੀਦਾ ਹੈ?

* ਤਰਕਸ਼ੀਲ ਇੱਕ ਜੁਗਨੂੰ ਦੀ ਤਰ੍ਹਾਂ ਹੁੰਦੇ ਹਨ। ਇਨ੍ਹਾਂ ਦਾ ਕੰਮ ਹੁੰਦਾ ਹੈ ਗਿਆਨ ਦਾ ਚਾਨਣ ਵੰਡਣਾ। 1984 ਤੋਂ ਲਗਾਤਾਰ ਪੰਜਾਬ ਵਿੱਚ ਤਰਕਸ਼ੀਲ ਲਹਿਰ ਵਿਕਾਸ ਕਰ ਰਹੀ ਹੈ। ਇਹ ਸਿਰਫ ਉਨ੍ਹਾਂ ਜੁਗਨੂੰਆਂ ਕਰਕੇ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਅੱਤਵਾਦ ਦੀਆਂ ਕਾਲੀਆਂ ਡੂੰਘੀਆਂ ਰਾਤਾਂ ਵਿੱਚ ਵੀ ਸਰਗਰਮ ਰੱਖਿਆ ਹੈ। ਸੋ ਘੱਟ ਸੰਮਤੀ ਵਿੱਚ ਹੁੰਦਿਆਂ ਹੋਇਆ ਵੀ ਸਰਗਰਮੀ ਲਗਾਤਾਰ ਜਾਰੀ ਰਹਿਣੀ ਚਾਹੀਦੀ ਹੈ।

? ਧਾਰਮਿਕ ਕੱਟੜਪੰਥੀਆਂ ਪ੍ਰਤੀ ਸਾਡਾ ਕੀ ਰੋਲ ਹੋਣਾ ਚਾਹੀਦਾ ਹੈ?

* ਸਾਨੂੰ ਇਸ ਹਕੀਕਤ ਨੂੰ ਭਲੀ ਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਭਾਰਤ ਦੇ 95ਗ ਲੋਕ ਕਿਸੇ ਨਾ ਕਿਸੇ ਧਰਮ ਵਿਚ ਵਿਸ਼ਵਾਸ ਕਰਦੇ ਹਨ। ਸਾਨੂੰ ਤਰਕਸ਼ੀਲਾਂ ਅਤੇ ਨਾਸਤਿਕਾਂ ਨੂੰ ਕਿਸੇ ਧਰਮ ਵਿੱਚ ਕੋਈ ਯਕੀਨ ਨਹੀਂ।

ਇਸ ਲਈ ਅਸੀਂ ਤਰਕਸ਼ੀਲ ਧਾਰਮਿਕ ਕੱਟੜਪੰਥੀਆਂ ਦੀ ਨਜ਼ਰ ਵਿੱਚ ਇੱਕ ਵੱਡੀ ਰੁਕਾਵਟ ਹਾਂ। ਇਸ ਲਈ ਉਹ ਸਾਨੂੰ ਨਫਰਤ ਕਰਦੇ ਹਨ। ਪਰ ਸਾਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਜੇ ਕੋਈ ਵਿਅਕਤੀ ਧਾਰਮਿਕ ਕੱਟੜਪੰਥੀ ਹੈ ਤਾਂ ਉਸਦਾ ਇੱਕੋ-ਇੱਕ ਕਾਰਨ ਉਸ ਵਿੱਚ ਗਿਆਨ ਦੀ ਘਾਟ ਹੈ। ਸੋ ਤਰਕਸ਼ੀਲਾਂ ਨੂੰ ਚਾਹੀਦਾ ਹੈ ਕਿ ਜਬਤ ਵਿੱਚ ਰਹਿੰਦਿਆਂ ਹੋਇਆ ਵੀ ਅਜਿਹੇ ਵਿਅਕਤੀਆਂ ਨੂੰ ਕੁਝ ਕਿਤਾਬਾਂ ਪੜ੍ਹਨ ਲਈ ਜ਼ਰੂਰ ਦੇਣ ਤਾਂ ਜੋ ਅਜਿਹੇ ਵਿਅਕਤੀਆਂ ਦੀ ਜਾਣਕਾਰੀ ਵਧਾ ਕੇ ਉਨ੍ਹਾਂ ਦੀ ਜੀਵਨ-ਜਾਂਚ ਬਦਲੀ ਜਾ ਸਕੇ ਅਤੇ ਲੋਕਾਂ ਵਿੱਚ ਫਿਰਕੂ ਹਨ੍ਹੇਰੀ ਵਗਾਉਣ ਦੇ ਮੌਕੇ ਘਟਾਏ ਜਾ ਸਕਣ।

? ਕੀ ਅਜਿਹਾ ਕੋਈ ਵਿਅਕਤੀ ਨਹੀਂ ਜਿਸ ਨੇ ਤੁਹਾਨੂੰ ਚੈਲਿੰਜ ਕੀਤਾ ਹੋਵੇ।

* ਬਹੁਤ ਸਾਰੇ ''ਅਖੌਤੀ ਚਮਤਕਾਰੀ ਸ਼ਕਤੀਆਂ'' ਦੇ ਦਾਅਵੇਦਾਰ ਅਜਿਹੇ ਹਨ ਜਿਹਨਾਂ ਨੇ ਪਿਛਲੇ 23 ਵਰ੍ਹਿਆਂ ਵਿੱਚ ਸਾਡੀ ਸੁਸਾਇਟੀ ਨੂੰ ਚੁਣੌਤੀ ਦਿੱਤੀ ਹੈ। ਪਰ ਹਰ ਅਜਿਹੇ ਮੌਕੇ ਤੇ ਜਿੱਤ ਸਾਡੀ ਹੋਈ ਹੈ।

? ਤੁਸੀਂ ਆਪ ਕਿਸ ਗੁਰੂ, ਪੀਰ, ਪੈਗੰਬਰ ਨੂੰ ਮੰਨਦੇ ਹੋ। ਕੀ ਤੁਹਾਡੇ ਘਰ ਕਿਸੇ ਦੀ ਧਾਰਮਿਕ ਤਸਵੀਰ ਹੈ?

* ਮੈਂ ਇਹ ਮੰਨਦਾ ਹਾਂ ਕਿ ਸਮੁੱਚਾ ਬ੍ਰਹਿਮੰਡ ਕੁਦਰਤ ਦੇ ਨਿਯਮਾਂ ਅਨੁਸਾਰ ਬਣਦਾ ਅਤੇ ਨਸ਼ਟ ਹੁੰਦਾ ਰਹਿੰਦਾ ਹੈ। ਇਹ ਚੱਕਰ ਸਦੀਵੀਂ ਹੈ। ਮੈਂ ਇਹ ਵੀ ਜਾਣਦਾ ਹਾਂ ਕਿ ਮੰਨਣ ਮਨਾਉਣ ਨਾਲ ਨਾ ਤਾਂ ਪ੍ਰਕਿਰਤੀ ਦੇ ਨਿਯਮਾਂ ਨੇ ਬਦਲਣਾ ਹੈ ਅਤੇ ਨਾ ਹੀ ਖ਼ਤਮ ਹੋਣਾ ਹੈ। ਇਸ ਲਈ ਮੈਂ ਤੇ ਮੇਰਾ ਪਰਿਵਾਰ ਸਿਰਫ ਮਨੁੱਖਤਾ ਨੂੰ ਮੰਨਦੇ ਹਾਂ। ਮੇਰੇ ਘਰ ਵਿਚ ਕਿਤਾਬਾਂ ਵਿਚਲੀਆਂ ਧਾਰਮਿਕ ਤਸਵੀਰਾਂ ਨੂੰ ਛੱਡ ਕੇ ਕਿਸੇ ਕਿਸਮ ਦੇ ਦੇਵੀ ਦੇਵਤੇ ਦੀ ਕੋਈ ਤਸਵੀਰ ਨਹੀਂ ਹੈ।

? 'ਤਰਕਸ਼ੀਲਤਾ' ਤੋਂ ਕੀ ਭਾਵ ਹੈ?

* ਜ਼ਿੰਦਗੀ ਵਿੱਚ ਵਾਪਰਨ ਵਾਲੀ ਹਰੇਕ ਘਟਨਾ ਨੂੰ ਕੀ, ਕਿਉਂ, ਕਿਵੇਂ ਦੀ ਕਸੌਟੀ 'ਤੇ ਪਰਖਣ ਦੇ ਵਰਤਾਰੇ ਨੂੰ ਤਰਕਸ਼ੀਲਤਾ ਕਹਿੰਦੇ ਹਨ। ਅਸਲ ਵਿਚ ਤਰਕਸ਼ੀਲਤਾ ਜੀਵਨ ਜੀਉਣ ਦਾ ਇੱਕ ਵਧੀਆ ਢੰਗ ਹੈ।

? 'ਤਰਕਸ਼ੀਲ ਗਰੁੱਪ' ਦਾ ਮੁੱਖ ਨਿਸ਼ਾਨਾ ਕੀ ਹੈ?

* ਤਰਕਸ਼ੀਲ ਗਰੁੱਪ ਦਾ ਮੁੱਖ ਨਿਸ਼ਾਨਾ ਧਰਮ, ਸਿਆਸਤ ਅਤੇ ਸਾਧਾਂ ਸੰਤਾਂ ਦੀ ਤਿੱਕੜੀ ਵੱਲੋਂ ਇੱਕ ਬਹੁਤ ਹੀ ਸੋਚੇ ਸਮਝੇ ਢੰਗ ਨਾਲ ਕੀਤੀ ਜਾ ਰਹੀ ਸਾਧਾਰਨ ਲੋਕਾਂ ਦੀ ਲੁੱਟ-ਖਸੁੱਟ ਨੂੰ ਖਤਮ ਕਰਨਾ ਹੈ।

? ਧਰਮ ਅਤੇ ਜਾਤ-ਪਾਤ 'ਤੇ ਆਧਾਰਤ ਰਾਖਵੇਂਕਰਨ ਬਾਰੇ ਤਰਕਸ਼ੀਲਾਂ ਦੀ ਕੀ ਨੀਤੀ ਹੈ?

* ਧਰਮ ਅਤੇ ਜਾਤ-ਪਾਤ 'ਤੇ ਆਧਾਰਿਤ ਹਰ ਕਿਸਮ ਦਾ ਰਾਖਵਾਂਕਰਨ ਬੰਦ ਹੋਣਾ ਚਾਹੀਦਾ ਹੈ। ਹਾਂ, ਵਧੀਆ ਗੱਲ ਹੋਵੇਗੀ ਜੋ ਇਹ ਰਾਖਵਾਂਕਰਨ ਗਰੀਬੀ ਤੇ ਅਮੀਰੀ ਦੇ ਹਿਸਾਬ ਨਾਲ ਹੋਵੇ ਭਾਵ ਆਮਦਨ 'ਤੇ ਆਧਾਰਿਤ ਹੋਵੇ। ਹਿੰਦੁਸਤਾਨ ਵਿੱਚ ਤਾਂ ਰਾਖਵਾਂਕਰਨ ਦਾ ਮੰਤਵ ਹੀ ਖਤਮ ਹੋ ਚੁੱਕਿਆ ਹੈ ਕਿਉਂਕਿ ਸਰਕਾਰ ਵੱਲੋਂ ਪਿਛਲੇ ਦਸ ਕੁ ਸਾਲਾਂ 'ਚ ਰੁਜ਼ਗਾਰ ਦੇ ਵਸੀਲੇ ਹੀ ਖਤਮ ਕਰ ਦਿੱਤੇ ਗਏ ਹਨ।

# ਮੇਰੀਆਂ ਅਭੁੱਲ ਯਾਦਾਂ ਕਿਸ਼ਤ ਨੰਬਰ- 2



ਫਰੈਡੀ ਜੋਜ਼ਫ

ਇਹ 1963-64 ਦੀ ਗੱਲ ਹੈ। ਉਸ ਸਮੇਂ ਪੰਜਾਬ ਦੇ ਮੁੱਖ ਅਖਬਾਰ ਸਨ- ਹਿੰਦ ਸਮਾਚਾਰ, ਮਿਲਾਪ, ਅਕਾਲੀ ਪੱਤ੍ਰਕਾ, ਪ੍ਰਤਾਪ ਅਤੇ ਅਜੀਤ। ਜ਼ਿਆਦਾ ਉਰਦੂ ਅਖਬਾਰ ਹੀ ਚਲਦੇ ਸਨ। ਇਹਨਾਂ ਵਿਚੋਂ ਸਭ ਤੋਂ ਉਘੇ ਅਖਬਾਰ ਸੀ- ਹਿੰਦ ਸਮਾਚਾਰ। ਹਰ ਕ੍ਰਿਸਮਿਸ ਤੇ ਈਸਟਰ ਤੇ ਇਸ ਅਖਬਾਰ ਵਿਚ ਪ੍ਰਭੂ ਯਿਸੂ ਬਾਰੇ ਕੋਈ ਨਾ ਕੋਈ ਵਿਵਾਦਗ੍ਰਸਤ ਲੇਖ ਛਪਦਾ। ਈਸਾਈ ਉਸ ਸਮੇਂ ਬਹੁਤੇ ਉਰਦੂ ਅਖਬਾਰ ਹੀ ਪੜ੍ਹਦੇ ਸਨ। ਜਦ ਕਦੇ ਪ੍ਰਭੂ ਯਿਸ਼ੂ ਬਾਰੇ ਵਿਵਾਦਿਤ ਲੇਖ ਛਪਦਾ ਤਾਂ ਈਸਾਈ ਬਹੁਤ ਦੁਖੀ ਹੁੰਦੇ। ਮੈਨੂੰ ਉਰਦੂ ਨਹੀਂ ਸੀ ਆਉਂਦਾ। ਪਰ ਈਸਾਈਆਂ ਨੂੰ ਦੁਖੀ ਹੁੰਦਿਆਂ ਵੇਖ ਕੇ ਮੈਨੂੰ ਵੀ ਬਹੁਤ ਦੁੱਖ ਹੁੰਦਾ। ਉਸ ਈਸਟਰ ਤੇ ਹਿੰਦ ਸਮਾਚਾਰ ਵਿਚ ਪ੍ਰਭੂ ਯਿਸੂ ਬਾਰੇ ਇਕ ਵਿਵਾਦਗ੍ਰਸਤ ਲੇਖ ਛਪਿਆ ਜਿਸ ਵਿਚ ਲਿਖਿਆ ਸੀ ਕਿ ਪ੍ਰਭੂ ਯਿਸੂ 12 ਸਾਲ ਦੀ ਉਮਰ ਵਿਚ ਭਾਰਤ ਆ ਗਏ ਸਨ। ਇੱਥੇ ਉਨ੍ਹਾਂ ਨੇ ਯੋਗਾ ਸਿੱਖਿਆ। ਉਹਨਾਂ ਦੀ ਮਹਾਨਤਾ ਦਾ ਆਧਾਰ ਹਿੰਦੂ ਧਾਰਮਿਕ ਸਿੱਖਿਆ ਹੀ ਹੈ।

ਮੈਂ ਸਾਈਕਲ ਚੁੱਕ ਕੇ ਬਹੁਤ ਗੁੱਸੇ ਨਾਲ ਹਿੰਦ ਸਮਾਚਾਰ ਦਫਤਰ ਪੁੱਜਾ। ਹਿੰਦ ਸਮਾਚਾਰ ਦੇ ਮੁੱਖ ਸੰਪਾਦਕ ਲਾਲਾ ਜਗਤ ਨਰਾਇਣ ਨੂੰ ਵੇਖ ਕੇ ਮੇਰਾ ਗੁੱਸਾ ਬਹੁਤ ਬੇਕਾਬੂ ਹੋ ਗਿਆ ਤੇ ਉਹਨਾਂ ਦੇ ਸਾਹਮਣੇ ਜਾ ਕੇ ਮੈਂ ਬੜੇ ਕ੍ਰੋਧ ਵਿਚ ਉਨ੍ਹਾਂ ਵਿਰੁੱਧ ਅਵਾ-ਤਵਾ ਬੋਲਣਾ ਸ਼ੁਰੂ ਕਰ ਦਿੱਤਾ। ਧਮਕੀਆਂ ਦੇਣੀ ਸ਼ੁਰੂ ਕਰ ਦਿੱਤੀਆਂ। ਇਹ ਦੇਖ ਕੇ ਮੈਨੂੰ ਹੋਰ ਵੀ ਕ੍ਰੋਧ ਆਇਆ ਕਿ ਉਹਨਾਂ ਉਤੇ ਮੇਰੇ ਗੁੱਸੇ ਦਾ ਕੋਈ ਅਸਰ ਹੀ ਨਹੀਂ। ਉਹ ਆਪਣੀ ਕੁਰਸੀ ਤੇ ਬੈਠੇ ਆਪਣੀਆਂ ਫਾਈਲਾਂ ਦਾ ਕੰਮ ਨਿਪਟਾਈ ਜਾ ਰਹੇ ਸਨ। ਉਨ੍ਹਾਂ ਦੇ ਚਿਹਰੇ ਤੇ ਮਾਮੂਲੀ ਜਿਹੀ ਵੀ ਸ਼ਿਕਨ ਨਹੀਂ ਸੀ। ਆਖਿਰ 3-4 ਮਿੰਟ ਬਾਅਦ ਉਹਨਾਂ ਦਾ ਧਿਆਨ ਫਾਈਲਾਂ ਵਿਚੋਂ ਨਿਕਲਿਆ ਤੇ ਉਨ੍ਹਾਂ ਮੇਰੇ ਵੱਲ ਵੇਖਦਿਆਂ ਕਿਹਾ- ਕਾਕਾ ਤੂੰ ਇੰਨੀ ਗਰਮੀ ਵਿਚੋਂ ਆਇਆ ਹੈਂ। ਇਕ ਤੇਰੇ ਅੰਦਰ ਵੀ ਗਰਮੀ ਬੜੀ ਹੈ। ਗੱਲ ਤੂੰ ਇੱਧਰ ਨੂੰ ਕਰਦਾ ਹੈਂ ਤੇ ਜਾਂਦੀ ਤੇਰੀ ਉਧਰ ਨੂੰ ਹੈ। ਉਹਨਾਂ ਨੇ ਘੰਟੀ ਮਾਰੀ। ਚਪੜਾਸੀ ਆ ਗਿਆ। ਉਹਨਾਂ ਨੇ ਉਸਨੂੰ ਕਿਹਾ, ਆਹ ਮੁੰਡੇ ਨੂੰ ਠੰਡਾ ਪਾਣੀ ਪਿਆ। ਪੱਖਾ ਥੋੜ੍ਹਾ ਜਿਹਾ ਤੇਜ਼ ਕਰ ਦੇ। ਕੁਰਸੀ ਵੱਲ ਇਸ਼ਾਰਾ ਕਰਦਿਆਂ ਮੈਨੂੰ ਕਿਹਾ, ਬੈਠ ਜਾ ਕਾਕਾ। ਮੈਂ ਤੇਰੀ ਗੱਲ ਸੁਣਦਾ ਹਾਂ। ਲਾਲਾ ਜੀ ਬਹੁਤ ਵੱਡੇ ਬੰਦੇ ਸਨ। ਮੇਰੀ ਹਾਲਤ ਤਾਂ ਸਿਨੇਮਾ ਘਰਾਂ ਵਿਚ ਮੂੰਗਫਲੀ ਵੇਚਣ ਵਾਲੇ ਮੁੰਡਿਆਂ ਵਰਗੀ ਸੀ। ਮੈਨੂੰ ਉਹਨਾਂ ਸਾਹਮਣੇ ਕੋਈ ਗੱਲ ਨਾ ਆਈ ਤੇ ਮੈਂ 3-4 ਕੁਰਸੀਆਂ ਵਿਚੋਂ ਇਕ ਦੇ ਕੋਨੇ ਤੇ ਬਹੁਤ ਔਖਾ ਜਿਹਾ ਬੈਠ ਗਿਆ। ਮੈਨੂੰ ਪਿਆਸ ਬਹੁਤ ਲੱਗੀ ਸੀ ਪਰ ਮੈਂ ਲਾਲਾ ਜੀ ਦਾ ਪਾਣੀ ਨਹੀਂ ਪੀਣਾ ਚਾਹੁੰਦਾ ਸੀ। ਪਰ ਇਸਦੇ ਬਾਵਜੂਦ ਜਦ ਪੀਅਨ ਪਾਣੀ ਦਾ ਗਿਲਾਸ ਲੈ ਕੇ ਆਇਆ ਤਾਂ ਮੈਂ ਗਿਲਾਸ ਉਸਦੇ ਹੱਥੋਂ ਫੜਦਿਆਂ ਅੱਧਾ ਕੁ ਗਿਲਾਸ ਪਾਣੀ ਪੀ ਲਿਆ।

5-7 ਮਿੰਟ ਪਿੱਛੋਂ ਲਾਲਾ ਜੀ ਬੋਲੇ- ਹਾਂ ਕਾਕਾ ਹੁਣ ਦੱਸ ਕੀ ਗੱਲ ਐ।

ਲਾਲ ਜੀ ਜਦ ਵੀ ਕ੍ਰਿਸਮਿਸ ਜਾਂ ਈਸਟਰ ਆਉਂਦਾ ਤਾਂ ਤੁਸੀਂ ਸਾਡੇ ਮੁਕਤੀਦਾਤਾ ਦੇ ਖਿਲਾਫ ਊਲ ਜਲੂਲ ਲਿਖ ਦਿੰਦੇ ਹੋ। ਸਾਨੂੰ ਗੁੱਸਾ ਆਉਂਦਾ ਹੈ। ਆਖਿਰ ਅਸੀਂ ਇਨਸਾਨ ਹਾਂ। ਸਾਡੇ ਸੀਨੇ 'ਚ ਅੱਗ ਲੱਗ ਜਾਂਦੀ ਏ। ਤੁਹਾਡੇ ਦੇਵਤਿਆਂ ਦੇ ਖਿਲਾਫ ਅਸੀਂ ਲਿਖੀਏ ਤਾਂ ਤੁਹਾਨੂੰ ਗੁੱਸਾ ਨਹੀਂ ਆਵੇਗਾ?

ਆਵੇਗਾ, ਮੈਨੂੰ ਵੀ ਆਵੇਗਾ।

ਤਾਂ ਫਿਰ ਤੁਸੀਂ ਕਿਉਂ ਕਰਾਈਸਟ ਦੇ ਖਿਲਾਫ ਲਿਖਦੇ ਹੋ? ਮੈਂ ਬਹੁਤ ਗੁੱਸੇ ਨਾਲ ਕਿਹਾ।

ਲਾਲਾ ਜੀ ਨੇ ਕਿਹਾ- ਆਪਣੇ ਪਿਛਲੇ ਪਾਸੇ ਵੇਖ।

ਮੈਂ ਇਕ ਬਹੁਤ ਵੱਡੇ ਸ਼ੀਸ਼ੇ ਵਿਚੋਂ ਦੀ ਵੇਖਿਆ ਕਿ ਪਿਛਲੇ ਪਾਸੇ ਦੋ ਤਿੰਨ ਵੱਡੇ ਟੇਬਲਾਂ ਤੇ 18-20 ਬਾਬੂ ਲਿਖੀ ਪੜ੍ਹੀ ਕਰ ਰਹੇ ਸਨ। ਲਾਲਾ ਜੀ ਨੇ ਕਿਹਾ- ਇਹ ਸਾਰੇ ਐਡੀਟਰ ਹਿੰਦੂ ਹਨ। ਇਹਨਾਂ ਨੂੰ ਕਰਾਈਸਟ ਬਾਰੇ ਕੀ ਪਤਾ। ਤੁਹਾਡਾ ਤਿਉਹਾਰ ਆਇਆ ਤਾਂ ਕੋਈ ਲੇਖ ਕਰਾਈਸਟ ਬਾਰੇ ਆਇਆ ਹੋਣਾ ਅਤੇ ਇਹਨਾਂ ਨੇ ਈਸਾਈਆਂ ਨੂੰ ਖੁਸ਼ ਕਰਨ ਲਈ ਉਹ ਲੇਖ ਛਾਪ ਦਿੱਤਾ। ਇਹਨਾਂ ਨੂੰ ਕੀ ਪਤਾ ਜੋ ਇਹ ਛਾਪ ਰਹੇ ਹਨ ਉਸ ਨਾਲ ਈਸਾਈ ਉਲਟਾ ਨਰਾਜ਼ ਹੋ ਜਾਣਗੇ। ਤੁਸੀਂ ਇਸ ਤਰ੍ਹਾਂ ਕਰੋ ਜੋ ਗਲਤ ਛਪ ਗਿਆ ਹੈ ਕਿ ਉਸ ਦਾ ਖੰਡਨ ਕਰਕੇ ਜੋ ਅਸਲੀਅਤ ਹੈ ਉਹ ਲੈ ਆਓ, ਮੈਂ ਛਾਪ ਦਿਆਂਗਾ। ਇਸ ਤਰ੍ਹਾਂ ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿ ਗਲਤ ਲਿਖੇ ਲੇਖ ਦੀ ਕੀ ਅਸਲੀਅਤ ਹੈ। ਜਦ ਮੈਂ ਹਿੰਦ ਸਮਾਚਾਰ ਦਫਤਰ ਦੀਆਂ ਪੌੜੀਆਂ ਉਤਰ ਰਿਹਾ ਸੀ ਤਾਂ ਮੈਂ ਮਹਿਸੂਸ ਕੀਤਾ ਕਿ ਲਾਲਾ ਜੀ ਨੇ ਮੈਨੂੰ ਉਲੂ ਬਣਾ ਕੇ ਤੋਰ ਦਿੱਤਾ ਹੈ। ਜੋ ਮੈਂ ਲਿਖਣਾ ਹੈ ਉਹ ਸਾਰਾ ਹਿੰਦੂ ਧਰਮ ਦੇ ਖਿਲਾਫ ਜਾਂਦਾ ਹੈ। ਇਹ ਉਹ ਗੱਲਾਂ ਕਿਉਂ ਆਪਣੇ ਅਖਬਾਰ ਵਿਚ ਛਾਪਣਗੇ। ਪਰ ਮੈਂ ਜਕੋ ਤੱਕੀ ਵਿਚ ਸਾਈਕਲ ਤੇ ਪੈਡਲ ਮਾਰਦਾ ਕਈ ਤਰ੍ਹਾਂ ਦੀ ਉਧੇੜ ਬੁਣ ਕਰਦਾ ਕਰਦਾ ਪਿੰਡ ਪਹੁੰਚ ਗਿਆ।

ਇਕ ਹਫਤੇ ਦੇ ਅੰਦਰ ਅੰਦਰ ਮੈਂ ਇਕ ਲੇਖ ਪੰਜਾਬੀ ਵਿਚ ਲਿਖਿਆ ਕਿਸੇ ਤੋਂ ਉਰਦੂ ਵਿਚ ਅਨੁਵਾਦ ਕਰਵਾ ਲਿਆ। ਲੇਖ ਦਾ ਮੁੱਖ ਮੁੱਦਾ ਇਹ ਸੀ- (ੳ) ਪ੍ਰਭੂ ਯਿਸੂ ਇਸਰਾਈਏਲ ਦੇ 500 ਮੀਲ ਦੇ ਘੇਰੇ ਵਿਚੋਂ ਕਦੀ ਬਾਹਰ ਨਹੀਂ ਗਏ। ਭਾਰਤ ਆਉਣ ਦਾ ਪ੍ਰਸ਼ਨ ਹੀ ਨਹੀਂ ਉਠਦਾ। (ਅ) ਅੰਜੀਲ ਸਪਸ਼ਟ ਕਰਦੀ ਹੈ ਕਿ ਪ੍ਰਭੂ ਯਿਸੂ 12 ਸਾਲ ਦੀ ਉਮਰ ਤੱਕ ਯਹੂਦੀ ਸਮਾਜਿਕ ਨਿਯਮਾਵਲੀ ਅਨੁਸਾਰ ਆਪਣੇ ਮਾਤਾ ਪਿਤਾ ਦੀ ਸੇਵਾ ਕਰਦੇ ਰਹੇ। (ੲ) ਉਹ ਖੁਦ ਪਰਮੇਸ਼ਵਰ ਸਨ। ਪਰਮੇਸ਼ਵਰ ਨੂੰ ਕਿਸੇ ਤੋਂਗਿਆਨ ਹਾਸਲ ਕਰਨ ਦੀ ਲੋੜ ਨਹੀਂ ਹੁੰਦੀ। (ਸ) ਹਿੰਦੂ ਧਰਮ ਅਨੁਸਾਰ ਮਾਸ ਖਾਣ ਦੀ ਮਨਾਹੀ ਹੈ ਪ੍ਰਭੂ ਯਿਸੂ ਮਾਸ ਖਾਂਦੇ ਸਨ। (ਹ) ਪ੍ਰਭੂ ਯਿਸੂ ਜਾਤ-ਪਾਤਅਤੇ ਛੂਆ-ਛਾਤ ਦੇ ਵਿਰੁੱਧ ਸਨ ਅਰਥਾਤ ਉਹ ਭਾਰਤ ਦੀ ਜਾਤੀ ਆਧਾਰਿਤ ਸਮਾਜਿਕ ਬਣਤਰ ਦੇ ਵਿਰੁੱਧ ਸਨ। (ਕ) ਕੇਵਲ ਪ੍ਰਭੂ ਯਿਸੂ ਹੀ ਮੌਤ ਉਤੇ ਫਤਿਹ ਪਾਉਣ ਉਤੇ ਸਫਲ ਰਹੇ। ਉਹਨਾਂ ਦੀ ਕਬਰ ਜਿਸ ਵਿਚ ਉਹਨਾਂ ਨੂੰ ਦਫਨਾਇਆ ਗਿਆ ਸੀ। ਅੱਜ ਵੀ ਖਾਲੀ ਮੌਜੂਦ ਹੈ। (ਖ) ਪ੍ਰਭੂ ਯਿਸੂ ਇਕ ਇਤਿਹਾਸਕ ਸ਼ਖਸੀਅਤ ਸਨ। ਉਹਨਾਂ ਬਾਰੇ ਜ਼ਿਕਰ ਉਸ ਸਮੇਂ ਦੀ

(ਬਾਕੀ ਸਫਾ 16 ਤੇ)

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਡਾ. ਅੰਬੇਡਕਰ ਪਬਲਿਕ ਸਕੂਲ 'ਚ ਸੰਵਿਧਾਨ ਦਿਵਸ ਤੇ ਵਿਦਿਆਰਥੀਆਂ ਨੂੰ ਗਰਮ ਕੋਟੀਆਂ ਤੇ ਬੂਟ ਵੰਡੇ


ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਵਿਖੇ 'ਸੰਵਿਧਾਨ ਦਿਵਸ' 'ਤੇ ਬੱਚਿਆਂ ਨੂੰ ਜਰਸੀਆਂ ਤੇ ਬੂਟ ਵੰਡਦੇ ਹੋਏ ਸਕੂਲ ਦੇ ਪ੍ਰਿੰਸੀਪਲ ਪਰਮਜੀਤ ਜੱਸਲ, ਡਾ. ਜੀ. ਸੀ. ਕੌਲ, ਹਰਭਜਨ ਸਾਂਪਲਾ ਮੈਨੇਜਰ ਪੀ. ਐਨ. ਬੀ., ਕੇ. ਸੀ. ਬਾਂਸਲ ਮੈਨੇਜਰ ਪੀ. ਐਨ. ਬੀ. ਬ੍ਰਾਂਚ ਫੋਕਲ ਪੁਆਇੰਟ ਜਲੰਧਰ, ਸ੍ਰੀਮਤੀ ਸੱਤਿਆ ਦੇਵੀ ਮਡਾਰ ਆਦਿ।


ਸਕੂਲ ਦੇ ਪ੍ਰਿੰਸੀਪਲ ਪਰਮਜੀਤ ਜੱਸਲ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ।


ਸ੍ਰੀ ਕੇ. ਸੀ. ਬਾਂਸਲ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਫੋਕਲ ਪੁਆਇੰਟ ਜਲੰਧਰ ਨੂੰ ਸਨਮਾਨਿਤ ਕਰਦੇ ਹੋਏ ਸਕੂਲ ਦੇ ਪ੍ਰਿੰਸੀਪਲ ਪਰਮਜੀਤ ਜੱਸਲ, ਡਾ. ਜੀ. ਸੀ. ਕੌਲ, ਹਰਭਜਨ ਸਾਂਪਲਾ ਆਦਿ।

**ਜਲੰਧਰ (ਸਾਂਪਲਾ)–** ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ 'ਚ ਸੰਵਿਧਾਨ ਦਿਵਸ 'ਤੇ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਕੋਟੀਆਂ ਤੇ ਬੂਟ ਵੰਡੇ ਗਏ। ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਹਿਨਾ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਤੇ ਡਾ. ਅੰਬੇਡਕਰ ਜੀ ਨੂੰ ਯਾਦ ਕੀਤਾ। ਇਸ ਮੌਕੇ ਡਾ. ਜੀ. ਸੀ. ਕੌਲ ਨੇ ਕਿਹਾ ਕਿ 26 ਨਵੰਬਰ 1949 ਨੂੰ ਬਾਬਾ ਸਾਹਿਬ ਜੀ ਦੀ ਅਣਥੱਕ ਮਿਹਨਤ ਸਦਕਾ ਭਾਰਤ ਦਾ ਸੰਵਿਧਾਨ ਬਣ ਕੇ ਤਿਆਰ ਹੋਇਆ। ਜਿਸ ਰਾਹੀਂ ਸਾਨੂੰ ਮੌਲਿਕ ਅਧਿਕਾਰ ਤੇ ਕਰਤੱਵ ਪ੍ਰਾਪਤ ਹੋਏ।

ਹਰਭਜਨ ਸਾਂਪਲਾ ਸੀਨੀਅਰ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਉਗੀ ਚਿੱਟੀ ਨੇ ਕਿਹਾ ਕਿ ਬਾਬਾ ਸਾਹਿਬ ਜੀ ਨੇ ਸਾਰੇ ਵਰਗਾਂ ਦੇ ਲੋਕਾਂ ਨੂੰ 'ਆਜ਼ਾਦੀ, ਸਮਾਨਤਾ ਤੇ ਭਾਈਚਾਰਾ' ਅਧਿਕਾਰਾਂ ਨਾਲ ਨਿਵਾਜਿਆ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਿਹਾ ਕਿ ਡਾ. ਅੰਬੇਡਕਰ ਇਕ ਮਹਾਨ ਵਿਦਵਾਨ ਸਨ। ਉਹਨਾਂ ਆਪਣੀ ਵਿਦਵਤਾ ਅਤੇ ਸੂਝ-ਬੂਝ ਨਾਲ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕਰਕੇ ਦਲਿਤ ਵਰਗਾਂ ਨੂੰ ਦੂਸਰਿਆਂ ਦੇ ਬਰਾਬਰ ਖੜ੍ਹਾ ਕੀਤਾ। ਸ੍ਰੀ ਕੇ. ਸੀ. ਬਾਂਸਲ ਸੀਨੀਅਰ ਮੈਨੇਜਰ ਪੀ. ਐਨ. ਬੀ. ਬ੍ਰਾਂਚ ਫੋਕਲ ਪੁਆਇੰਟ ਨੇ ਸਾਰਿਆਂ ਨੂੰ 'ਸੰਵਿਧਾਨ ਦਿਵਸ' 'ਤੇ ਵਧਾਈ ਦਿੱਤੀ।

10ਵੀਂ ਕਲਾਸ ਦੀ ਗੀਤਾ ਨੇ ਵੀ ਸੰਵਿਧਾਨ 'ਤੇ ਚਰਚਾ ਕੀਤੀ। ਇਸ ਮੌਕੇ ਤੇ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਕੋਟੀਆਂ, ਸਵੈਟਰ ਤੇ ਬੂਟ ਵੰਡੇ ਗਏ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਵਿਸ਼ੇਸ਼ ਧੰਨਵਾਦ ਸ੍ਰੀ ਰਜਿੰਦਰ ਕੁਮਾਰ ਮਡਾਰ ਯੂ. ਕੇ. ਤੇ ਉਹਨਾਂ ਦੇ ਮਾਤਾ-ਪਿਤਾ ਦਾ ਕੀਤਾ, ਜਿਹਨਾਂ ਨੇ ਲੋੜਵੰਦ ਵਿਦਿਆਰਥੀਆਂ ਨੂੰ ਜਰਸੀਆਂ ਤੇ ਬੂਟ ਦਾਨ ਕੀਤੇ। ਉਹਨਾਂ ਦੀ ਮਾਤਾ ਸੱਤਿਆ ਦੇਵੀ ਤੇ ਭਰਾ ਨੂੰ ਸਰੋਪਿਆਂ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਵੱਲੋਂ ਡਾ. ਜੀ. ਸੀ. ਕੌਲ, ਹਰਭਜਨ ਸਾਂਪਲਾ, ਕੇ. ਸੀ. ਬਾਂਸਲ ਆਦਿ ਮਹਿਮਾਨਾਂ ਨੂੰ ਵੀ ਟਰਾਫੀਆਂ ਤੇ ਸਰੋਪਿਆਂ ਨਾਲ ਸਨਮਾਨਿਆ ਗਿਆ। 'ਦਇਆ ਰਾਣੀ' ਦਾ ਵੀ ਪ੍ਰਿੰਸੀਪਲ ਵੱਲੋਂ ਸਨਮਾਨ ਕੀਤਾ ਗਿਆ, ਜਿਸ ਨੇ ਡਾ. ਅੰਬੇਡਕਰ ਤੇ ਭਾਰਤੀ ਸੰਵਿਧਾਨ ਪੁਸਤਕ ਪ੍ਰਤੀਯੋਗਤਾ 'ਚੋਂ ਪੰਜਾਬ ਵਿਚੋਂ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਤੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕੀਤਾ। ਸਮਾਗਮ ਵਿਚ ਵਾਈਸ ਪ੍ਰਿੰਸੀਪਲ ਸਤਵਿੰਦਰ ਕੌਰ ਤੇ ਸਮੂਹ ਸਟਾਫ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।

# ਮੰਤਰੀ-ਐਸ. ਪੀ. ਵਿਵਾਦ: ਵਿਜ ਦੀਆਂ ਮੁਸ਼ਕਿਲਾਂ ਵਧੀਆਂ

## ਅਨੁਸੂਚਿਤ ਜਾਤੀ ਕਮਿਸ਼ਨ ਨੇ ਭੇਜਿਆ ਨੋਟਿਸ

**ਚੰਡੀਗੜ੍ਹ (ਬਿਊਰੋ)–** ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਦੀਆਂ ਮੁਸ਼ਕਿਲਾਂ ਵੱਧ ਗਈਆਂ ਹਨ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਵਿਜ ਦੁਆਰਾ ਫਤਿਹਾਬਾਦ ਦੀ ਐਸ. ਪੀ. ਸੰਗੀਤਾ ਕਾਲੀਆ ਨੂੰ ਭਰੀ ਬੈਠਕ ਵਿਚ ਅਪਮਾਨਿਕ ਕਰਨ ਦੇ ਨੋਟਿਸ ਲਿਆ ਹੈ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਅਤੇ ਸਾਬਕਾ ਰਾਜ ਸਭਾ ਸਾਂਸਦ ਚੌਧਰੀ ਈਸ਼ਵਰ ਸਿੰਘ ਨੇ ਮੁੱਖ ਸਕੱਤਰ ਡੀ. ਐਸ. ਢੇਸੀ ਨੂੰ ਨੋਟਿਸ ਭੇਜ ਕੇ ਇਕ ਹਫਤੇ ਦੇ ਅੰਦਰ ਰਿਪੋਰਟ ਭੇਜਣ ਦਾ ਆਦੇਸ਼ ਦਿੱਤਾ ਹੈ ਤਾਂ ਜੋ ਕਮਿਸ਼ਨ ਸਰਕਾਰ ਦੇ ਵੇਰਵਾ ਤੇ ਕੋਈ ਉਚਿਤ ਫੈਸਲਾ ਲੈ ਸਕੇ।

ਚੌਧਰੀ ਈਸ਼ਵਰ ਸਿੰਘ ਮੁਤਾਬਕ ਸੰਗੀਤਾ ਕਾਲੀਆ ਨਾ ਕੇਵਲ ਦਲਿਤ ਭਾਈਚਾਰੇ ਨਾਲ ਸਬੰਧਤ ਹੈ ਬਲਕਿ ਔਰਤ ਵੀ ਹੈ। ਸੰਵਿਧਾਨ ਦੇ ਅਨੁਛੇਦ 228 ਵਿਚ ਸਾਫ ਵਿਵਸਥਾ ਹੈ ਕਿ ਦਲਿਤ ਭਾਈਚਾਰੇ ਦੇ ਕਿਸੇ ਵਿਅਕਤੀ ਨੂੰ ਜਨਤਕ ਤੌਰ ਤੇ ਅਪਮਾਨਿਤ ਨਹੀਂ ਕੀਤਾ ਜਾ ਸਕਦਾ ਪਰ ਰਾਜ ਸਰਕਾਰ ਦੇ ਮੰਤਰੀ ਨੇ ਇਸਦੀ ਪਾਲਣਾ ਨਹੀਂ ਕੀਤੀ।

ਕਮਿਸ਼ਨ ਦੇ ਮੈਂਬਰ ਨੇ ਕਿਹਾ ਕਿ ਅਨਿਲ ਵਿਜ ਨੇ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕੀ ਹੈ, ਉਸਦੀ ਵੀ ਉਲੰਘਣਾ ਕੀਤੀ ਹੈ। ਸਹੁੰ ਵਿਚ ਸਾਫ ਜ਼ਿਕਰ ਹੁੰਦਾ ਹੈ ਕਿ ਕੋਈ ਵੀ ਮੰਤਰੀ ਕਿਸੇ ਵੀ ਮਾਮਲੇ ਵਿਚ ਨਿਰਪੱਖ ਜਾਂਚ ਤੋਂ ਬਾਅਦ ਸਬੂਤ ਮਿਲਣ ਤੇ ਨਿਆਂ ਕਰੇਗਾ।

ਪਰ ਅਨਿਲ ਵਿਜ ਨੇ ਦਲਿਤ ਔਰਤ ਅਧਿਕਾਰੀ ਨੂੰ ਭਰੀ ਮੀਟਿੰਗ ਵਿਚ ਗੈਟ-ਆਊਟ ਬੋਲ ਕੇ ਅਪਮਾਨਿਤ ਕਰਨ ਦੇ ਨਾਲ-ਨਾਲ ਇਹ ਦੋਸ਼ ਵੀ ਲਗਾ ਦਿੱਤਾ ਕਿ ਉਹ ਸ਼ਰਾਬ ਵਿਕਵਾਉਂਦੀ ਹੈ। ਅਜਿਹ ਕੋਈ ਸਬੂਤ ਰਾਜ ਸਰਕਾ ਅਤੇ ਅਨਿਲ ਵਿਜ ਦੇ ਕੋਲ ਨਹੀਂ ਹੈ।


ਜਾਪਾਨ ਦੇ ਕੋਇਆਸਾਨ ਖੇਤਰ ਵਿਚ ਕੋਇਆਸਾਨ ਟੈਂਪਲ ਹੈ। ਉਸਦੇ 1200 ਸਾਲ ਪੂਰੇ ਹੋ ਗਏ ਹਨ। ਇਸ ਸੰਦਰਭ ਵਿਚ ਕੋਇਆਸਾਨ ਯੂਨੀਵਰਸਿਟੀ ਦੁਆਰਾ ਭਾਰਤ ਅਤੇ ਜਾਪਾਨ ਵਿਚ ਸਭਿਆਚਾਰਕ ਵਿਰਾਸਤ ਨੂੰ ਸਾਂਝਾ ਕਰਨ ਦਾ ਫੈਸਲਾ ਕੀਤਾ ਗਿਆ। ਕੋਇਆਸਾਨ ਯੂਨੀਵਰਸਿਟੀ ਦੀ ਖੋਜ ਟੀਮ ਨੇ ਭਾਰਤ ਵਿਚ ਬਾਬਾ ਸਾਹਿਬ ਦੀ ਧੰਮ ਕ੍ਰਾਂਤੀ ਨੂੰ ਸਭ ਤੋਂ ਸ਼੍ਰੇਸਠ ਮੰਨਿਆ, ਜਿਸ ਤੋਂ ਬਾਅਦ ਤਤਕਾਲੀ ਮਹਾਰਾਸ਼ਟਰ ਸਰਕਾਰ ਨਾਲ ਸੰਪਰਕ ਕਰਕੇ ਬਾਬਾ ਸਾਹਿਬ ਦੇ ਸਟੈਚੂ ਨੂੰ ਕੋਇਆਸਾਨ ਵਿਚ ਸਥਾਪਤ ਕੀਤਾ ਗਿਆ ਹੈ। ਸਾਰੇ ਭਾਰਤ ਵਾਸੀਆਂ ਨੂੰ ਵਧਾਈ।

# ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਸ਼ਰਧਾਂਜਲੀ ਸਮਾਰੋਹ ਦੀਆਂ ਤਿਆਰੀਆਂ ਸਬੰਧੀ ਮੀਟਿੰਗ

**ਉਨਾ (ਹਿਮਾਚਲ ਪ੍ਰਦੇਸ਼)–** ਸ੍ਰੀ ਗੁਰੂ ਰਵਿਦਾਸ ਮਹਾਸਭਾ ਹਿਮਾਚਲ ਪ੍ਰਦੇਸ਼ ਦੀ ਉਨਾ ਇਕਾਈ ਦੀ ਬੈਠਕ ਪ੍ਰਧਾਨ ਨਰੇਸ਼ ਕੁਮਾਰ ਸੈਂਸੋਵਾਲ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਦਾ ਮੁੱਖ ਮੰਤਬ 06 ਦਸੰਬਰ ਨੂੰ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਸ਼ਰਧਾਂਜ਼ਲੀ ਸਮਾਗਮ ਸਬੰਧੀ ਤਿਆਰੀਆਂ ਦਾ ਜਾਇਜਾ ਲੈਣਾ ਸੀ। ਇਸ ਮੀਟਿੰਗ ਵਿੱਚ ਪਹੁੰਚੇ ਵੱਖ ਵੱਖ ਅਹੁਦੇਦਾਰਾਂ ਅਤੇ ਮਹਾਂ ਸਭਾ ਦੇ ਮੈਂਬਰਾਂ ਮਹਾਸਚਿਵ ਬਲਦੇਵ ਚੰਦ, ਉਪ ਪ੍ਰਧਾਨ ਨਵੀਨ ਕੁਮਾਰ, ਸੁਲਿੰਦਰ ਚੋਪੜਾ, ਬਕਸ਼ੀ ਰਾਮ ਭੱਟੀ, ਰਵੀ ਬੱਸੀ, ਅਮਰੀਕ ਸਿੰਘ, ਕੁਲਦੀਪ ਚੰਦ, ਪ੍ਰਕਾਸ਼ ਚੰਦ, ਕ੍ਰਿਸ਼ਨਾ ਦੇਵੀ, ਵਿਪਿਨ, ਕਸ਼ਮੀਰੀ ਲਾਲ, ਹਰੀਸ਼, ਗਿਆਨ ਚੰਦ, ਰੋਸ਼ਨ ਲਾਲ ਭਾਟਿਆ, ਕਰਤਾਰ ਚੰਦ, ਰਾਮ ਸਿੰਘ ਭੱਟੀ, ਰਾਜੀਵ ਕੁਮਾਰ, ਮੋਹਿਤ ਮਹੇ ਆਦਿ ਨੇ ਇਸ ਸਮਾਗਮ ਦੀ ਸਫਲਤਾ ਲਈ ਅਪਣੇ ਅਪਣੇ ਵਿਚਾਰ ਦੱਸੇ। ਉਹਨਾਂ ਨੇ ਦੱਸਿਆ ਕਿ 6 ਦਸੰਬਰ, ਐਤਵਾਰ ਨੂੰ ਹਰੋਲੀ ਸਥਿਤ ਹਸਪਤਾਲ ਦੇ ਨਜ਼ਦੀਕੀ ਮੈਦਾਨ ਵਿੱਚ ਭਾਰਤੀ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਡਕਰ ਦਾ ਸ਼ਰਧਾਂਜਲੀ ਸਮਾਰੋਹ ਮਨਾਇਆ ਜਾ ਰਿਹਾ ਹੈ ਜੋਕਿ ਸਵੇਰੇ 10 ਵਜੇ ਤੋਂ ਲੈਕੇ ਦੁਪਿਹਰ 03 ਵਜੇ ਤੱਕ ਚਲੇਗਾ। ਮਹਾਂ ਸਭਾ ਵਲੋਂ ਪ੍ਰੋਗਰਾਮ ਦੀ ਸਫਲਤਾ ਲਈ ਪੰਜਾਂ ਬਲਾਕਾਂ ਦੇ ਪ੍ਰਧਾਨਾਂ ਨੂੰ ਜਿੰਮੇਵਾਰੀ ਸੌਂਪੀ ਗਈ। ਪ੍ਰਧਾਨ ਨਰੇਸ਼ ਕੁਮਾਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦੀ ਜੀਵਨੀ ਸਹਿਤ, ਉਹਨਾਂ ਨੇ ਕਿਹੜੀਆਂ-ਕਿਹੜੀਆਂ ਚੁਣੌਤੀਆਂ ਦੇ ਬਾਵਜੂਦ ਦਲਿਤ ਸਮਾਜ ਦੇ ਉਥਾਨ ਦੇ ਲਈ ਕੰਮ ਕੀਤਾ ਅਜਿਹੇ ਕਈ ਪਹਿਲੂਆਂ ਤੇ ਬੁੱਧੀਜੀਵੀਆਂ ਦੁਆਰਾ ਦੱਸਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਸੰਸਥਾ ਨਿਰੋਲ ਸਮਾਜਿਕ ਸੰਸਥਾ ਹੈ ਅਤੇ ਇਸ ਸ਼ਰਧਾਂਜ਼ਲੀ ਸਮਾਰੋਹ ਵਿੱਚ ਵੀ ਕਿਸੇ ਵੀ ਵਿਅਕਤੀ ਵਲੋਂ ਰਾਜਨੀਤਿਕ ਭਾਸ਼ਣਬਾਜ਼ੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮਹਾਂ ਸਭਾ ਸਭ ਰਾਜਨੀਤਿਕ ਪਾਰਟੀਆਂ ਅਤੇ ਆਗੂਆਂ ਦਾ ਸਨਮਾਨ ਕਰਦੀ ਹੈ ਪਰੰਤੂ ਮਹਾਂਸਭਾ ਦੀ ਸਟੇਜ਼ ਤੋਂ ਕਿਸੇ ਵੀ ਰਾਜਨੀਤਿਕ ਆਗੂ ਨੂੰ ਬੋਲਣ ਨਹੀਂ ਦਿਤਾ ਜਾਵੇਗਾ। **– ਕੁਲਦੀਪ ਚੰਦ**



# ਬਲਾਕ ਪੱਧਰੀ ਖੇਡਾਂ 'ਚ ਪ੍ਰਾਇਮਰੀ ਸਕੂਲ ਕਰਨਾਣਾ ਦਾ ਰਿਹਾ ਦੂਸਰਾ ਸਥਾਨ



**ਬੰਗਾ (ਰੇਸ਼ਮ ਕਰਨਾਣਵੀ)–** ਪ੍ਰਾਇਮਰੀ ਸਕੂਲਾਂ ਦੀਆਂ ਸੈਂਟਰ ਅਤੇ ਬਲਾਕ ਪੱਧਰ ਦੀਆਂ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਕਰਨਾਣਾ ਦੇ ਵਿਦਿਆਰਥੀਆਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਪ੍ਰਾਇਮਰੀ ਸਕੂਲ ਦੀ ਇੰਚਾਰਜ ਅਮਰਜੀਤ ਕੌਰ ਨੇ ਦੱਸਿਆ ਕਿ ਸਾਂਝੀ ਕਬੱਡੀ ਟੀਮ ਵਿੱਚ ਸ਼ਾਮਲ ਕਾਰਤਿਕ ਦੜੋਚ ਅਤੇ ਸੰਗਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਖੋ-ਖੋ ਦੀ ਟੀਮ ਵਿੱਚ ਸ਼ਾਮਲ ਪੂਜਾ ਨੇ ਦੂਸਰਾ ਸਥਾਨ, ਰੀਲੇਅ ਰੇਸ ਅਤੇ ਲੰਬੀ ਛਾਲ ਵਿੱਚ ਅਨੀਤਾ ਦੂਸਰੇ ਸਥਾਨ ਤੇ ਰਹੀ। ਵਿਦਿਆਰਥੀ ਮਨੋਜ ਕੁਮਾਰ ਲੰਬੀ ਛਾਲ ਵਿੱਚ ਦੂਜੇ ਸਥਾਨ ਤੇ ਰਿਹਾ। ਇਸ ਮੌਕੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਸਮੇਂ ਮੈਡਮ ਹਰਪ੍ਰੀਤ ਕੌਰ, ਪਰਮਿੰਦਰ ਕੌਰ, ਸ਼ੁਭਾ ਰਾਣੀ ਹਾਜ਼ਰ ਸਨ।

# ਪਿਆਰਾ ਸਿੰਘ ਕੁਢੈਲ ਫ਼ਰੀ ਸਿਲਾਈ-ਕਢਾਈ ਸੈਂਟਰ ਵਲੋਂ ਸਰਟੀਫਿਕੇਟ ਤਕਸੀਮ

**ਮੁਕੰਦਪੁਰ (ਰੇਸ਼ਮ ਕਰਨਾਣਵੀ)--** ਪਿੰਡ ਜਗਤਪੁਰ ਦੇ ਸੰਤ ਮਾਨ ਪੁਰੀ ਵਿਦਿਆ ਤੇ ਵਿਦਿਆਰਥੀ ਭਲਾਈ ਟਰੱਸਟ ਰਜਿ: ਵਲੋਂ ਚਲਾਏ ਜਾ ਰਹੇ ਸ: ਪਿਆਰਾ ਸਿੰਘ ਕੁਢੈਲ ਫ਼ਰੀ ਸਿਲਾਈ-ਕਢਾਈ ਸੈਂਟਰ ਵਲੋਂ ਕਰਵਾਏ ਗਏ ਸਮਾਗਮ ਵਿੱਚ ਸਰ-ਟੀਫਿਕੇਟ ਤਕਸੀਮ ਕੀਤੇ ਗਏ। 2014-2015 ਦੇ ਇੱਕ ਸਾਲ ਦੇ ਸ਼ੈਸ਼ਨ ਦੀ ਟਰੇਨਿੰਗ ਪੂਰੀ ਕਰ ਚੁੱਕੀਆਂ ਸਿਖਿਆਰਥਣਾਂ ਦੇ ਟੈਸਟ ਉਪਰੰਤ ਇਹ ਸਰਟੀਫਿਕੇਟ ਦਿੱਤੇ ਗਏ। ਸਮਾਗਮ ਦੀ ਪ੍ਰਧਾਨਗੀ ਖੇਤੀ ਵਿਗਿਆਨੀ ਅਤੇ ਸਾਹਿਤਕਾਰ ਮਹਿੰਦਰ ਸਿੰਘ ਦੁਸਾਂਝ ਨੇ ਕੀਤੀ। ਸ.ਮਹਿੰਦਰ ਸਿੰਘ ਦੁਸਾਂਝ ਨੇ ਸਿਖਲਾਈ ਪ੍ਰਾਪਤ ਕਰ ਚੁੱਕੀਆਂ ਅਤੇ ਕਰ ਰਹੀਆਂ ਲੜਕੀਆਂ ਨੂੰ ਆਪਣੇ ਅਨਮੋਲ ਵਿਚਾਰਾਂ ਰਾਹੀਂ ਕਿਰਤ ਅਤੇ ਤਕਨੀਕੀ ਸਿੱਖਿਆ ਨਾਲ਼ ਜੁੜ ਕੇ ਸਵੈ ਨਿਰਭਰ ਹੋਣ ਲਈ ਪ੍ਰੇਰਤ ਕੀਤਾ। ਉਨ੍ਹਾਂ ਨੇ ਹੋਮ ਸਾਇੰਸ ਨਾਲ ਸਬੰਧਤ ਵਿਸ਼ਿਆਂ ਪ੍ਰਤੀ ਵੀ ਜਾਗਰੂਕ ਕੀਤਾ। ਇਸ ਮੌਕੇ ਮਾਸਟਰ ਬਖ਼ਤਾਵਰ ਸਿੰਘ ਗਿੱਲ ਨੇ ਦੱਸਿਆ ਕਿ ਸ. ਪਿਆਰਾ ਸਿੰਘ ਕੁਢੈਲ ਦੇ ਅਮਰੀਕਾ ਵਾਸੀ ਸਪੁੱਤਰ ਸ.ਸੰਤੋਖ ਸਿੰਘ ਕੁਢੈਲ ਵਲੋਂ ਪਿੰਡ ਵਾਸਤੇ ਕੀਤੇ ਜਾਂਦੇ ਭਲਾਈ ਕਾਰਜਾਂ ਦੀ ਲੜੀ 'ਚ ਸ਼ਾਮਲ ਇਸ ਸਿਲਾਈ ਕਢਾਈ ਸੈਂਟਰ ਵਿੱਚ ਬਿਲਕੁਲ ਫ਼ਰੀ ਸਿਖਲਾਈ ਦਿੱਤੀ ਜਾਂਦੀ ਹੈ।

ਇੱਥੋਂ ਤੱਕ ਕਿ ਸਿਖਲਾਈ ਦੌਰਾਨ ਵਰਤਿਆ ਜਾਣ ਵਾਲਾ ਸਾਰਾ ਸਮਾਨ ਵੀ ਮੁਫ਼ਤ ਦਿੱਤਾ ਜਾਂਦਾ ਹੈ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸੈਂਟਰ ਇੰਚਾਰਜ ਰਣਜੀਤ ਕੌਰ, ਟੇਲਰ ਮਾਸਟਰ ਸਵਰਨ ਸਿੰਘ, ਟੇਲਰ ਮਾਸਟਰ ਜੋਗਿੰਦਰ ਪਾਲ, ਮੈਡਮ ਆਸ਼ੂ ਚਾਹਲ, ਮਨਪ੍ਰੀਤ ਸਿੰਘ ਯੂ.ਕੇ. ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਪ੍ਰਬੰਧਕ ਗੁਰਵਿੰਦਰ ਸਿੰਘ ਨਿੱਪੀ, ਅਵਤਾਰ ਸਿੰਘ ਤਾਰਾ ਤੋਂ ਇਲਾਵਾ ਸਾਬਕਾ ਸਰਪੰਚ ਸੋਢੀ ਰਾਮ, ਜੋਗਿੰਦਰ ਪਾਲ ਸਰਪੰਚ ਬਘੌਰਾ, ਨੰਬਰਦਾਰ ਸਵਰਨ ਸਿੰਘ, ਬੂਟਾ ਸਿੰਘ ਪੰਚ, ਸੁਰਿੰਦਰ ਸਿੰਘ ਪੰਚ, ਸਵਰਨ ਸਿੰਘ ਪ੍ਰਧਾਨ, ਕਾਮਰੇਡ ਹਰਪਾਲ ਸਿੰਘ, ਬਲਿਹਾਰ ਸਿੰਘ ਬਾਰੀ, ਦਵਿੰਦਰ ਸਿੰਘ ਕਾਕਾ, ਧਨਵੰਤ ਸਿੰਘ, ਮਨੀ ਲੋਈ, ਗੁਰਮੀਤ ਸਿੰਘ ਅਟਵਾਲ ਹਾਜ਼ਰ ਸਨ।


ਫੋਟੋ ਅਤੇ ਵੇਰਵਾ- ਰੇਸ਼ਮ ਕਰਨਾਣਵੀ

# ਨੈਸ਼ਨਲ ਫਰਟੀਲਾਇਜ਼ਰ ਲਿਮਿਟਡ (ਐਨ. ਐਫ਼. ਐਲ) ਨੇ ਵਿਦਿਆਰਥੀ ਨੂੰ ਸਨਮਾਨਿਤ ਕੀਤਾ



**ਨਵਾਂ ਨੰਗਲ–** ਫਰਟੀਲਾਇਜ਼ਰ ਸਿਨੀਅਰ ਸੈਕੰਡਰੀ ਸਕੂਲ ਨਵਾਂ ਨੰਗਲ ਦੇ ਗਿਆਰਵੀਂ ਕਲਾਸ ਦੇ ਵਿਦਿਆਰਥੀ ਮਾਸਟਰ ਗਗਨਜੀਤ ਸਿੰਘ ਪੁੱਤਰ ਅਜੀਤ ਸਿੰਘ ਨੇ ਇੰਦੌਰ ਪ੍ਰਦੇਸ਼ ਵਿੱਚ ਹੋਏ ਅੰਡਰ 19 ਸਕੂਲ ਕ੍ਰਿਕਟ ਟੂਰਨਾਂਮੈਂਟ ਵਿੱਚ ਰੂਪਨਗਰ ਦੀ ਟੀਮ ਵਿੱਚ ਪੰਜਾਬ ਵਲੋਂ ਭਾਗ ਲਿਆ। ਇਹ ਟੀਮ ਇਸ ਟੂਰਨਾਂਮੈਂਟ ਵਿੱਚ ਦੂਜੇ ਸਥਾਨ ਤੇ ਰਹੀ ਹੈ। ਇਸ ਹੋਣਹਾਰ ਵਿਦਿਆਰਥੀ ਨੂੰ ਨੈਸ਼ਨਲ ਫਰਟੀਲਾਇਜ਼ਰ ਲਿਮਿਟਡ (ਐਨ.ਐਫ਼.ਐਲ) ਨੰਗਲ ਦੇ ਚੀਫ ਜਨਰਲ ਮੈਨੇਜਰ ਅਮਨ ਨੇ ਸਨਮਾਨਿਤ ਕੀਤਾ। ਇਸ ਮੌਕੇ ਐਨ ਐਫ ਐਲ ਦੇ ਅਧਿਕਾਰੀ ਵੀ ਕੇ ਰਾਇ ਮਹਾਂ ਪ੍ਰਬੰਧਕ, ਵੀ ਕੇ ਵਰਮਾ, ਮੈਡਮ ਮਧੂਪੁਰੀ ਸਕੂਲ ਮੁਖੀ ਆਦਿ ਹਾਜਰ ਸਨ।

# ਅਰਪਨ ਸੰਸਥਾ ਵਲੋਂ ਨਸ਼ਿਆਂ ਖਿਲਾਫ ਚਲਾਈ ਜਾਗਰੂਕਤਾ ਮੁਹਿੰਮ

**ਕੁਲਦੀਪ ਚੰਦ (91-9417563054)**

**ਨੰਗਲ–** ਅਰਪਨ ਸੰਸਥਾ ਵਲੋਂ ਸਮਾਜਿਕ ਸੁਰਖਿੱਆ ਵਿਭਾਗ ਪੰਜਾਬ ਨਾਲ ਮਿਲਕੇ ਇਲਾਕੇ ਵਿੱਚ ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਜਾਗਰੂਕਤਾ ਮੁਹਿੰਮ ਅਧੀਨ ਇਲਾਕੇ ਵਿੱਚ ਨਸ਼ਿਆਂ ਖਿਲਾਫ ਸੁਨੇਹਾ ਦਿੰਦੇ ਬੋਰਡ ਲਿਖਵਾਏ ਗਏ ਹਨ ਅਤੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਸਬੰਧੀ ਕਰਵਾਏ ਗਏ ਇੱਕ ਜਾਗਰੂਕਤਾ ਪ੍ਰੋਗਰਾਮ ਵਿੱਚ ਵੱਖ ਵੱਖ ਬੁਲਾਰਿਆਂ ਨੇ ਸਮਾਜ ਵਿੱਚ ਵੱਧ ਰਹੇ ਨਸ਼ਿਆਂ ਅਤੇ ਇਨ੍ਹਾਂ ਨਸ਼ਿਆਂ ਦੇ ਪ੍ਰਭਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਨੰਗਲ ਵਿੱਚ ਕਰਵਾਏ ਗਏ ਇੱਕ ਸਮਾਗਮ ਵਿੱਚ ਸਮਾਜ ਸੇਵਕ ਮੈਡਮ ਜਸਵਿੰਦਰ ਕੌਰ ਨੇ ਦੱਸਿਆ ਕਿ ਨਸ਼ਿਆਂ ਕਾਰਨ ਸਾਡਾ ਸਮਾਜ ਵਿਨਾਸ਼ ਵੱਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੀ ਨੋਜਵਾਨ ਪੀੜ੍ਹੀ ਜੋਕਿ ਸਮਾਜ ਅਤੇ ਦੇਸ਼ ਦੇ ਵਿਕਾਸ ਦੇ ਰੀੜ੍ਹ ਦੀ ਹੱਡੀ ਹੈ ਨਸ਼ਿਆਂ ਵਿੱਚ ਫਸ ਚੁੱਕੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਸਮਾਜ ਵਿੱਚ ਅਪਰਾਧ ਵੱਧ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲਾਤ ਇੱਥੋਂ ਤੱਕ ਖਸਤਾ ਹੋ ਚੁੱਕੀ ਹੈ ਕਿ ਨਸ਼ਿਆਂ ਦੀ ਦੱਲਦੱਲ ਵਿੱਚ ਫਸ ਚੁੱਕੇ ਵਿਅਕਤੀਆਂ ਵਲੋਂ ਅਪਣੇ ਘਰਾਂ ਵਿੱਚ ਚੋਰੀ ਕਰਨ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ ਅਤੇ ਕਈ ਵਾਰ ਤਾਂ ਅਜਿਹੇ ਵਿਅਕਤੀਆਂ ਵਲੋਂ ਨਸ਼ਿਆਂ ਦੀ ਪੂਰਤੀ ਕਰਨ ਲਈ ਅਪਣੇ ਪਰਿਵਾਰਕ ਮੈਂਬਰਾਂ ਦਾ ਕਤਲ ਤੱਕ ਕਰਨ ਦੀਆਂ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਇਸ ਮੌਕੇ ਸਮਾਜ ਸੇਵਕ ਸੰਜੇ ਸਿੰਘ ਨੇ ਕਿਹਾ ਕਿ ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ੇ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ। ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਵਰਤੋਂ ਹੋਰ ਵੀ ਖ਼ਤਰਨਾਕ ਰੂਪ ਧਾਰਨ ਕਰਦੀ ਜਾ ਰਹੀ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਸਮਾਜ ਸੇਵਕ ਅਤੇ ਰੋਟਰੀ ਕਲੱਬ ਦੇ ਅਸਿਸਟੈਂਟ ਗਵਰਨਰ ਪਰਮਿੰਦਰ ਸੰਧੂ ਨੇ ਕਿਹਾ ਕਿ ਅੱਜ ਸਮਾਜ ਨਸ਼ੇ ਦਾ ਮਾਨਸਿਕ ਤੌਰ ਤੇ ਗੁਲਾਮ ਬਣ ਚੁੱਕਿਆ ਹੈ। ਪੰਜਾਬ ਵਿੱਚ ਨਸ਼ਿਆਂ ਨੇ ਇੱਕ ਮਹਾਮਾਰੀ ਦਾ ਰੂਪ ਧਾਰਨ ਕਰ ਲਿਆ ਹੈ। ਸਮਾਜ ਸੇਵਕ ਹਰਨੇਕ ਸਿੰਘ ਨੇ ਕਿਹਾ ਕਿ ਨਸ਼ਿਆਂ ਕਾਰਨ ਕਈ ਬਿਮਾਰੀਆਂ ਲੱਗ ਜਾਂਦੀਆਂ ਹਨ ਜਿਵੇਂ ਕੈਂਸਰ, ਹਾਰਟ ਅਟੈਕ, ਜਿਗਰ ਦੀਆਂ ਬਿਮਾਰਆਂ, ਫੇਫੜਿਆਂ ਦਾ ਖਰਾਬ ਹੋਣਾਂ ਆਦਿ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਬਹੁਤੇ ਘਰਾਂ ਵਿੱਚ ਆਰਥਿਕ ਬਰਬਾਦੀ ਹੋ ਰਹੀ ਹੈ। ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਦੱਸਿਆ ਕਿ ਪੰਜਾਬ ਜੋ ਕਿਸੇ ਵੇਲੇ ਸਿਹਤ ਪੱਖੋਂ ਮੋਹਰੀ ਸੂਬਾ ਸੀ ਅੱਜ ਨਸ਼ਿਆਂ ਕਾਰਨ ਬਰਬਾਦ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਗੁਆਂਢੀ ਰਾਜਾਂ ਅਤੇ ਦੇਸ਼ਾਂ ਤੋਂ ਆ ਰਹੇ ਨਸ਼ਿਆਂ ਨੂੰ ਰੋਕਣ ਲਈ ਕੀਤੀ ਗਈ ਸੱਖਤੀ ਦੇ ਬਾਬਜੂਦ ਪੰਜਾਬ ਨਸ਼ਿਆਂ ਦੀ ਵੱਡੀ ਮੰਡੀ ਬਣਦਾ ਜਾ ਰਿਹਾ ਹੈ ਜੋ ਪੰਜਾਬ ਦੇ ਭਵਿੱਖ ਲਈ ਬਹੁਤ ਹੀ ਖਤਰਨਾਕ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਵੱਖ ਵੱਖ ਥਾਵਾਂ ਤੇ ਨਸ਼ਾ ਛਡਾਉ ਕੇਂਦਰ ਖੋਲੇ ਗਏ ਹਨ ਜਿੱਥੇ ਨਸ਼ਾ ਛਡਾਉਣ ਲਈ ਬਣਦੀਆਂ ਸੇਵਾਵਾਂ ਦਿਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਪਬੰਦੀਸ਼ੁਦਾ ਨਸ਼ਿਆਂ ਦੀ ਵਿਕਰੀ ਰੋਕਣ ਲਈ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਵਿਕਰੀ ਸਬੰਧੀ ਸੂਚਨਾ ਪੁਲਿਸ ਨੂੰ ਦਿਤੀ ਜਾਵੇ ਤੇ ਅਜਿਹੀ ਸੂਚਨਾ ਦੇਣ ਵਾਲੇ ਦਾ ਨਾਮ ਗੁੱਪਤ ਰੱਖਿਆ ਜਾਂਦਾ ਹੈ ਅਤੇ ਉਸਨੂੰ 10 ਹਜ਼ਾਰ ਰੁਪਏ ਦਾ ਸਰਕਾਰੀ ਇਨਾਮ ਦਿਤਾ ਜਾਂਦਾ ਹੈ। ਇਸ ਮੋਕੇ ਮੈਨੇਜਰ ਪਰਮਿੰਦਰ ਸਿੰਘ, ਬਕਾਣੂ ਰਾਮ, ਸਵਰਨ ਸਿੰਘ, ਮੈਡਮ ਸੁਨੀਤਾ ਦੇਵੀ ਸਿਹਤ ਵਰਕਰ, ਸਿਹਤ ਵਰਕਰ ਇੰਦੂ ਬਾਲਾ, ਊਸ਼ਾ ਰਾਣੀ ਆਦਿ ਨੇ ਵੀ ਨਸ਼ਿਆਂ ਸਬੰਧੀ ਅਪਣੇ ਵਿਚਾਰ ਦੱਸੇ। ਇਸ ਮੋਕੇ ਸੁਰਿੰਦਰ ਕੁਮਾਰ, ਯਸ਼ਪਾਲ, ਤਰਸੇਮ ਸਿੰਘ, ਸੁਲਿੰਦਰ ਚੋਪੜਾ, ਮੈਡਮ ਰੇਖਾ ਭਾਟੀਆ, ਸ਼੍ਰੇਸ਼ਟਾ ਦੇਵੀ, ਰੀਨਾ ਕੁਮਾਰੀ, ਜੋਤੀ ਦੇਵੀ, ਨੀਲਮ, ਅੰਜਨਾ, ਅੰਜਲੀ ਬਾਲਾ, ਰਣਜੀਤ ਕੌਰ, ਅੰਜੂ ਬਾਲਾ, ਕਵਿਤਾ, ਲਲਿਤਾ, ਪਰਮਜੀਤ ਕੌਰ, ਆਦਿ ਹਾਜਰ ਸਨ।



# ਭਾਰਤੀ ਸੋਸ਼ਤ ਸਮਾਜ ਸੰਘਰਸ਼ ਸਮਿਤੀ ਵਲੋਂ ਨੰਗਲ ਵਿੱਚ ਸੰਵਿਧਾਨ ਦਿਵਸ ਸਬੰਧੀ ਸਮਾਗਮ ਕਰਵਾਇਆ ਗਿਆ

**ਨੰਗਲ–** ਭਾਰਤੀ ਸੋਸ਼ਤ ਸਮਾਜ ਸੰਘਰਸ਼ ਸਮਿਤੀ ਵਲੋਂ ਨੰਗਲ ਵਿੱਚ ਸੰਵਿਧਾਨ ਦਿਵਸ ਸਬੰਧੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਮਿਤੀ ਦੇ ਚੇਅਰਪਰਸਨ ਮੈਡਮ ਜਸਵਿੰਦਰ ਕੌਰ ਵਿਸ਼ੇਸ ਰੂਪ ਵਿੱਚ ਪਹੁੰਚੇ। ਇਸ ਮੋਕੇ ਸਮਿਤੀ ਦੇ ਆਗੂ ਹਰਨੇਕ ਸਿੰਘ ਨੇ ਭਾਰਤ ਦੇ ਇਤਿਹਾਸ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਦੱਸਿਆ ਕਿ ਦੇਸ਼ ਵਿੱਚ ਕੁੱਝ ਚਲਾਕ ਲੋਕਾਂ ਨੇ ਵੱਡੇ ਵਰਗ ਨੂੰ ਸ਼ਰੀਰਕ, ਸਮਾਜਿਕ, ਆਰਥਿਕ ਅਤੇ ਮਾਨਸਿਕ ਗੁਲਾਮ ਬਣਾਕੇ ਰੱਖਿਆ ਸੀ। ਉਨ੍ਹਾਂ ਨੇ ਦੱਸਿਆ ਕਿ ਇਸ ਗੈਰ ਬਰਾਬਰੀ ਨੂੰ ਖਤਮ ਕਰਨ ਲਈ ਸਮਾਜ ਵਿੱਚ ਕਈ ਧਾਰਮਿਕ ਤੇ ਸਮਾਜਿਕ ਰਹਿਵਰਾਂ ਨੇ ਕੰਮ ਕੀਤਾ ਹੈ। ਇਸ ਮੋਕੇ ਮੈਡਮ ਜਸਵਿੰਦਰ ਕੌਰ ਨੇ ਭਾਰਤੀ ਸੰਵਿਧਾਨ ਬਾਰੇ ਦੱਸਿਆ ਕਿ ਸਦੀਆਂ ਤੋਂ ਦੇਸ ਵਿੱਚ ਪ੍ਰਚਲਿਤ ਗੈਰ ਬਰਾਬਰੀ ਨੂੰ ਕਨੂੰਨੀ ਤੋਰ





ਤੇ ਦੂਰ ਕਰਨ ਲਈ ਦਲਿਤ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਦੀ ਮਿਹਨਤ ਨਾਲ ਭਾਰਤੀ ਸੰਵਿਧਾਨ ਤਿਆਰ ਕੀਤਾ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਭਾਰਤੀ ਸੰਵਿਧਾਨ ਹਰ ਦੇਸ਼ ਵਾਸੀ ਨੂੰ ਬਰਾਬਰਤਾ ਦਾ ਦਰਜ਼ਾ ਦਿੰਦਾ ਹੈ ਅਤੇ ਕਿਸੇ ਵੀ ਤਰਾਂ ਦੇ ਵਿਤਕਰੇ ਦੀ ਸੱਖਤ ਮਨਾਹੀ ਕਰਦਾ ਹੈ। ਉਨ੍ਹਾਂ ਨੇ ਦੇਸ ਵਿੱਚ ਪ੍ਰਚੱਲਿਤ ਰਹੀਆਂ ਕੁਰਿਤੀਆਂ ਜਿਨ੍ਹਾਂ ਵਿੱਚ ਜਾਤ ਦੇ ਅਧਾਰ ਤੇ ਕੁੱਝ ਲੋਕਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ ਹੁਣ ਕਨੂੰਨੀ ਤੋਰ ਤੇ ਅਜਿਹਾ ਕਰਨਾ ਜੁਰਮ ਕਰਾਰ ਦਿਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਨੂੰ ਸੰਵਿਧਾਨਿਕ ਤੋਰ ਤੇ ਕੁੱਝ ਰਿਆਇਤਾਂ ਦਿਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਭਾਰਤੀ ਸਮਾਜ ਵਿੱਚ ਕਈ ਥਾਵਾਂ ਤੇ ਮਹਿਲਾਵਾਂ ਨਾਲ ਵੀ ਵਿਤਕਰਾ ਹੁੰਦਾ ਸੀ ਪਰੰਤੂ ਸੰਵਿਧਾਨਕ ਤੋਰ ਤੇ ਮਹਿਲਾਵਾਂ ਨੂੰ ਬਰਾਬਰਤਾ ਦਾ ਹੱਕ ਮਿਲਿਆ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਸੰਵਿਧਾਨ ਲਾਗੂ ਹੋਇਆਂ 65 ਸਾਲ ਬੀਤ ਚੁੱਕੇ ਹਨ ਫਿਰ ਵੀ ਇਸਨੂੰ ਲਾਗੂ ਕਰਨ ਵਾਲਿਆਂ ਦੀ ਅਣਗਹਿਲੀ ਕਾਰਨ ਸਮਾਜ ਦੇ ਕਈ ਵਰਗਾਂ ਨੂੰ ਬਣਦੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਹਨ ਜਿਸ ਕਾਰਨ ਅਜੇ ਵੀ ਦੇਸ਼ ਦੇ ਕੁੱਝ ਭਾਗਾਂ ਵਿੱਚ ਵਿਤਕਰਾ ਹੋ ਰਿਹਾ ਹੈ। ਇਸ ਮੋਕੇ ਦਲਿਤ ਫਾਂਉਡੇਸ਼ਨ ਦੇ ਫੈਲੋ ਕੁਲਦੀਪ ਚੰਦ ਨੇ ਦੇਸ਼ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਬਣੀਆਂ ਯੋਜਨਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਰੂੜੀਵਾਦੀ ਸੋਚ ਕਾਰਨ ਅਜੇ ਵੀ ਕਈ ਧਾਰਮਿਕ ਸਥਾਨਾਂ ਤੇ ਸ਼ੂਦਰਾਂ ਦੇ ਜਾਣ ਦੀ ਮਨਾਹੀ ਹੈ ਜੋਕਿ ਕਨੂੰਨਨ ਜੁਰਮ ਹੈ। ਉਨ੍ਹਾਂ ਸਿੱਖਿਆ ਦੇ ਅਧਿਕਾਰ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ, ਸਿਹਤ ਯੋਜਨਾਵਾਂ ਆਦਿ ਬਾਰੇ ਦੱਸਿਆ। ਇਸ ਮੋਕੇ ਡਾਕਟਰ ਬੀ ਆਰ ਅੰਬੇਡਕਰ ਸੋਸਾਇਟੀ ਦੇ ਜਨਰਲ ਸਕੱਤਰ ਬਿਕਾਨੂੰ ਰਾਮ ਨੇ ਸੋਸਾਇਟੀ ਵਲੋਂ ਬਾਬਾ ਸਾਹਿਬ ਦੇ ਮਿਸ਼ਨ ਦੇ ਪ੍ਰਚਾਰ ਸਬੰਧੀ ਕੀਤੇ ਜਾ ਰਹੇ ਕੰਮਾ ਬਾਰੇ ਦੱਸਿਆ। ਇਸ ਮੋਕੇ ਸਵਰਨ ਸਿੰਘ ਰਿਟਾਇਰਡ ਐਸ ਡੀ ਓ, ਸਮਾਜ ਸੇਵਕ ਪਰਮਿੰਦਰ ਸੰਧੂ, ਸੁਰਿੰਦਰ ਕੁਮਾਰ, ਤਰਸੇਮ ਸਿੰਘ ਆਦਿ ਨੇ ਵੀ ਭਾਰਤੀ ਸੰਵਿਧਾਨ ਬਾਰੇ ਅਪਣੇ ਵਿਚਾਰ ਦੱਸੇ। ਇਸ ਮੋਕੇ ਕੇਵਲ ਕੁਮਾਰ, ਸੁਲਿੰਦਰ ਚੋਪੜਾ, ਸੰਜੇ ਸਿੰਘ, ਸੁਨੀਤਾ ਦੇਵੀ, ਮੁਸਕਾਨ, ਪਰਮਜੀਤ ਕੌਰ, ਊਸ਼ਾ ਰਾਣੀ, ਰੇਖਾ ਭਾਟੀਆ, ਇੰਦੂ ਬਾਲਾ ਆਦਿ ਹਾਜਰ ਸਨ।

# ਜਰੂਰਤਮੰਦ ਲੜਕੀ ਦੇ ਵਿਆਹ ਲਈ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਨੇ ਆਰਥਿਕ ਸਹਾਇਤਾ ਦਿੱਤੀ



**ਨੰਗਲ–** ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਅਜਮਾਨ ਦੁਬਈ ਵੱਲੋਂ ਸਮੇਂ-ਸਮੇਂ ਤੇ ਜ਼ਰੂਰਤਮੰਦ ਪਰਿਵਾਰਾਂ, ਲੋੜਵੰਦ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਸੋਸਾਇਟੀ ਵਲੋਂ ਅਲਾਵਲਪੁਰ ਦੇ ਇੱਕ ਜ਼ਰੂਰਤਮੰਦ ਪਰਿਵਾਰ ਸੀਤਾ ਰਾਣੀ ਪਤਨੀ ਸਵਰਗੀ ਮੰਗਤ ਰਾਮ ਦੀ ਲੜਕੀ ਰਜਨੀ ਦੇ ਵਿਆਹ ਮੌਕੇ ਉਨ੍ਹਾਂ ਦੇ ਘਰ ਪਹੁੰਚ ਕੇ ਤਿਲਕ ਰਾਜ ਮਾਹੀ ਅਤੇ ਬੀਰ ਚੰਦ ਸੁਰੀਲਾ ਵੱਲੋਂ 11000/- ਰੁਪਏ ਦੀ ਆਰਥਿਕ ਸਹਾਇਤਾ ਦਿਤੀ ਗਈ। ਇਸ ਮੌਕੇ ਰਾਜ ਕੁਮਾਰ, ਬੀਰ ਚੰਦ, ਮਦਨ ਬੰਗੜ ਅਤੇ ਜੰਗ ਬਹਾਦੁਰ ਵੀ ਮੌਜੂਦ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆ ਸੋਸਾਇਟੀ ਦੇ ਪ੍ਰਧਾਨ ਰੂਪ ਸਿੱਧੂ ਨੇ ਦੱਸਿਆ ਕਿ ਜਿਸ ਲੜਕੀ ਦੇ ਵਿਆਹ ਲਈ ਸਹਾਇਤਾ ਦਿਤੀ ਗਈ ਹੈ ਉਸਦੀ ਮਾਤਾ ਮਿਹਨਤ ਮਜਦੂਰੀ ਕਰਕੇ ਪਰਿਵਾਰ ਦਾ ਗੁਜ਼ਾਰਾ ਚਲਾ ਰਹੀ ਹੈ। ਉਨ੍ਹਾਂ ਦੱਸਿਆ ਕਿ ਚੇਅਰਮੈਨ ਬਖਸ਼ੀ ਰਾਮ ਨੇ ਇਸ ਕੰਮ ਲਈ ਮੱਦਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸੋਸਾਇਟੀ ਵਲੋਂ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਅਸੀਂ ਵਿਕਸਿਤ ਅਤੇ ਬਰਾਬਰਤਾ ਵਾਲਾ ਸਮਾਜ ਬਣਾ ਸਕੀਏ।

# ਸਵਰਣਾਂ ਨੂੰ ਰਿਜ਼ਰਵੇਸ਼ਨ ਦੇਣ ਦੀ ਮਾਇਆ ਦੀ ਮੰਗ



**ਨਵੀਂ ਦਿੱਲੀ–** ਰਾਜ ਸਭਾ ਵਿਚ ਸੰਵਿਧਾਨ ’ਤੇ ਚਰਚਾ ਦੇ ਦੌਰਾਨ ਦਲਿਤਾਂ ਦੀ ਰਾਜਨੀਤੀ ਕਰਦੀ ਆ ਰਹੀ ਬਸਪਾ ਦੀ ਮੁਖੀ ਮਾਇਆਵਤੀ ਨੇ ਅਗੜਿਆਂ ਨੂੰ ਆਰਥਿਕ ਆਧਾਰ ’ਤੇ ਰਿਜ਼ਰਵੇਸ਼ਨ ਦੇਣ ਦੀ ਵਕਾਲਤ ਕਰਕੇ ਹੋਰ ਸਾਰੀਆਂ ਸਿਆਸੀ ਪਾਰਟੀਆਂ ਨੂੰ ਹੈਰਾਨ ਕਰ ਦਿੱਤਾ। ਵਿਰੋਧੀ ਪਾਰਟੀਆਂ ਨੇ ਸੰਵਿਧਾਨ ਦੇ ਮੁਤਾਬਕ ਲੋਕਤੰਤਰ, ਮਾਨਵਤਾਵਾਦੀ ਅਤੇ ਸਮਤਾਮੂਲਕ ਵਿਵਸਥਾ ਦੇ ਨਿਰਮਾਣ ਵਿਚ ਹੋਈ ਤਰੱਕੀ ਦਾ ਵਿਖਿਆਨ ਕਰਕੇ ਰਿਜ਼ਰਵੇਸ਼ਨ ਵਿਵਸਥਾ ਨੂੰ ਸੰਪੂਰਨ ਢੰਗ ਨਾਲ ਲਾਗੂ ਕਰਨ ’ਤੇ ਬਲ ਦਿੱਤਾ। ਉਚ ਸਦਨ ਵਿਚ ਸੋਮਵਾਰ ਨੂੰ ਸੰਵਿਧਾਨ ਦੇ ਪ੍ਰਤੀ ਵਚਨਬੱਧਤਾ ਵਿਸ਼ੇ ’ਤੇ ਜਾਰੀ ਚਰਚਾ ਵਿਚ ਹਿੱਸਾ ਲੈਂਦੇ ਹੋਏ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਅਗੜੀਆਂ ਜਾਤੀਆਂ ਨੂੰ ਆਰਥਿਕ ਆਧਾਰ ਤੇ ਰਿਜ਼ਰਵੇਸ਼ਨ ਦੇਣ ਦੀ ਵਕਾਲਤ ਕੀਤੀ ਹੈ। ਹਾਲਾਂਕਿ ਚਰਚਾ ਦੇ ਦੌਰਾਨ ਅਗੜੀਆਂ ਜਾਤੀਆਂ ਦੇ ਲਈ ਰਿਜ਼ਰਵੇਸ਼ਨ ਦੇ ਮੁੱਦੇ ’ਤੇ ਮਾਇਆਵਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਕਿਹਾ ਕਿ ਜੇਕਰ ਲੋਕ ਸਭਾ ਵਿਚ ਦਿੱਤੇ ਗਏ ਆਪਣੇ ਭਾਸ਼ਣ ਵਿਚ ਪੀ. ਐਮ. ਮੋਦੀ ਅਗੜੀਆਂ ਜਾਤੀਆਂ ਨੂੰ ਆਰਥਿਕ ਆਧਾਰ ਤੇ ਰਿਜ਼ਰਵੇਸ਼ਨ ਦੇਣ ਦਾ ਐਲਾਨ ਕਰਦੇ ਤਾਂ ਉਹ ਅੰਬੇਡਕਰ ਦੇ ਲਈ ਸੱਚੀ ਸ਼ਰਧਾਂਜਲੀ ਹੁੰਦੀ।



ਸਮਾਲ ਨਿਊਜ਼ ਪੇਪਰਜ਼ ਕੌਂਸਲ ਪੰਜਾਬ ਦੇ ਪ੍ਰੈਸ ਕਲੱਬ ਜਲੰਧਰ ਵਿਚ ਆਯੋਜਿਤ ਸਾਲਾਨਾ ਸਮਾਗਮ ਵਿਚ ਅਮਰੀਕਾ ਤੋਂ ਵਿਸ਼ੇਸ਼ ਤੌਰ ’ਤੇ ਪਧਾਰੇ ਸ੍ਰੀ ਪੀ. ਕੇ. ਚੁੰਬਰ ਮੁੱਖ ਸੰਪਾਦਕ ਦੇਸ਼ ਦੁਆਬਾ ਕੈਲੇਫੋਰਨੀਆ ਨੂੰ ਸਨਮਾਨਿਤ ਕਰਦੇ ਹੋਏ ਕੌਂਸਲ ਮੈਂਬਰ ਸ੍ਰੀ ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ ਮੁੱਖ ਸੰਪਾਦਕ ‘ਮਸੀਹੀ ਸੰਸਾਰ’ ਅਤੇ ਕੌਂਸਲ ਦੇ ਮੈਂਬਰਾਨ ਅਸ਼ੋਕ ਕੁਮਾਰ ਮਹੇ ਅਤੇ ਤਰਸੇਮ ਜਲੰਧਰੀ (ਸੰਪਾਦਕ ਦੇਸ਼ ਦੁਆਬਾ।

# ਬਸਪਾ ਮੁਖੀ ਨੇ ਮੰਗਿਆ ਸਵਰਣਾਂ ਲਈ ਰਿਜ਼ਰਵੇਸ਼ਨ

**ਲਖਨਊ–** ਰਾਜ ਸਭਾ ਵਿਚ ਬਸਪਾ ਮੁਖੀ ਅਤੇ ਰਾਜ ਸਭਾ ਸਾਂਸਦ ਮਾਇਆਵਤੀ ਨੇ ਗਰੀਬ ਸਵਰਣਾਂ ਨੂੰ ਰਿਜ਼ਰਵੇਸ਼ਨ ਦੀ ਮੰਗ ਰੱਖ ਕੇ ਆਪਣਾ ਇਕ ਹੋਰ ਚਿਹਰਾ ਦਿਖਾ ਦਿੱਤਾ ਜੋ ਕਿਸੇ ਵੀ ਤਰ੍ਹਾਂ ਬਸਪਾ ਦੇ ਲਈ ਫਾਇਦਾ ਦਾ ਸੌਦਾ ਹੋਣਾ ਸੰਭਵ ਨਹੀਂ। ਹਾਲਾਂਕਿ ਬਸਪਾ ਮੁਖੀ ਕੁਮਾਰੀ ਮਾਇਆਵਤੀ ਨੇ ਪਹਿਲੀ ਵਾਰ ਸੰਵਿਧਾਨ ਤੋਂ ਹਟ ਕੇ ਰਿਜ਼ਰਵੇਸ਼ਨ ਦਾ ਸਮਰਥਨ ਨਹੀਂ ਕੀਤਾ। ਉਹ ਪਹਿਲਾਂ ਵੀ ਜਾਟ ਰਿਜ਼ਰਵੇਸ਼ਨ ਦਾ ਸਮਰਥਨ ਕਰ ਚੁੱਕੀ ਹੈ।

ਜਿਸਦਾ ਖਮਿਆਜ਼ਾ ਉਹਨਾਂ ਨੇ ਭੁਗਤਿਆ ਅਤੇ ਜਾਟ ਰਿਜ਼ਰਵੇਸ਼ਨ ਦੇ ਸਮਰਥਨ ਨਾਲ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਹਨਾਂ ਨੂੰ ਜਾਟਾਂ ਦਾ ਇਕ ਵੋਟ ਨਹੀਂ ਮਿਲਿਆ, ਉਲਟਾ ਅਤੀ ਪੱਛੜਿਆਂ ਦੀਆਂ ਵੋਟਾਂ ਖਿਸਕ ਗਈਆਂ, ਹੁਣ ਉਹਨਾਂ ਨੇ ਫਿਰ ਰਾਜ ਸਭਾ ਵਿਚ ਸਵਰਣਾਂ ਨੂੰ ਰਿਜ਼ਰਵੇਸ਼ਨ ਦੀ ਮੰਗ ਕਰ ਦਿੱਤੀ, ਜਿਸ ਨਾਲ ਨਾ ਤਾਂ ਸਵਰਣਾਂ ਨੂੰ ਰਿਜ਼ਰਵਸ਼ਨ ਮਿਲ ਜਾਵੇਗੀ ਨਾ ਹੀ 2017 ਵਿਚ ਉਹਨਾਂ ਨੇ ਸਵਰਣਾਂ ਦੀ ਵੋਟ ਮਿਲਣ ਜਾ ਰਹੀ ਹੈ, ਹਾਂ ਉਹਨਾਂ ਦੀ ਇਸ ਮੰਗ ਨਾਲ ਰਿਜ਼ਰਵ ਵਰਗ ਵਿਚ ਆਉਣ ਵਾਲੇ ਲੋਕ ਜ਼ਰੂਰ ਨਰਾਜ਼ ਹੋ ਸਕਦੇ ਹਨ, ਖੈਰ ਰਿਜ਼ਰਵੇਸ਼ਨ ਮਿਲੇਗੀ ਨਹੀਂ ਮਿਲੇਗੀ ਇਹ ਤਾਂ ਬਸਪਾ ਮੁਖੀ ਜਾਨਣ ਜਾਂ ਭਾਰਤ ਸਰਕਾਰ ਪਰ ਉਹਨਾਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਦਲਿਤਾਂ ਦੇ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਆਰਥਿਕ ਸਥਿਤੀ ਨੂੰ ਆਧਾਰ ਮੰਨ ਕੇ ਨਹੀਂ ਬਲਕਿ ਸਮਾਜਿਕ ਸ਼ੋਸ਼ਣ ਮੰਨ ਕੇ ਮੁੱਖ ਧਾਰਾ ਵਿਚ ਲਿਆਉਣ ਦੀ ਲੋੜ ਹੁੰਦੀ ਤਾਂ ਕਿਸੇ ਨੂੰ ਵੀ ਹੱਕ ਤੋਂ ਵਾਂਝਾ ਨਾ ਰੱਖਣ ਵਾਲੇ ਸੰਵਿਧਾਨ ਨਿਰਮਾਤਾ ਡਾਕਟਰ ਅੰਬੇਡਕਰ ਨੇ ਜ਼ਰੂਰ ਕੀਤੀ ਹੁੰਦੀ ਪਰ ਡਾਕਟਰ ਅੰਬੇਡਕਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਦਾਅਵਾ ਕਰਨ ਵਾਲੀ ਬਸਪਾ ਮੁਖੀ ਹੁਣ ਸਵਰਣਾਂ ਨੂੰ ਰਿਜ਼ਰਵੇਸ਼ਨ ਦੀ ਵਕਾਲਤ ਕਰ ਰਹੀ ਹੈ, ਜੇਕਰ ਅਸਲ ਵਿਚ ਉਹ ਮਨ ਤੋਂ ਉਹਨਾਂ ਨੂੰ ਰਿਜ਼ਰਵੇਸ਼ਨ ਦੇਣਾ ਚਾਹੁੰਦੀ ਸੀ ਤਾਂ 2007 ਤੋਂ 2012 ਤੱਕ ਚੱਲੀ ਆਪਣੀ ਪੂਰਨ ਬਹੁਮਤ ਸਰਕਾਰ ਵਿਚ ਸਵਰਣਾਂ ਨੂੰ ਰਿਜ਼ਰਵੇਸ਼ਨ ਦਾ ਪ੍ਰਸਤਾਵ ਬਣਾ ਕੇ ਭਾਰਤ ਸਰਕਾਰ ਨੂੰ ਭੇਜ ਸਕਦੀ ਸੀ।

# ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਜੰਮੂ ਅਕੈਡਮੀ ਦਾ ਇਕ ਰੋਜ਼ਾ ਸੈਮੀਨਾਰ

## ਰਾਸ਼ਟਰੀ ਭਾਸ਼ਾਵਾਂ ਅਤੇ ਅਸਹਿਣਸ਼ੀਲਤਾ ਰਿਹਾ ਪ੍ਰਮੁੱਖ ਮੁੱਦਾ, ਕਵੀ ਦਰਬਾਰ ਵਿਚ ਕਵੀਆਂ ਨੇ ਸੁਹਜਾਤਮਿਕ ਢੰਗ ਨਾਲ਼ ਉਭਾਰੇ ਅਜੋਕੇ ਮਸਲੇ



ਖਾਲਿਦ ਹੁਸੈਨ ਦੀ ਪੁਸਤਕ "ਸੂਲਾਂ ਦਾ ਸਾਲਣ" ਲੋਕਾਰਪਣ ਕਰਦਿਆਂ ਹੋਇਆਂ ਪ੍ਰਧਾਨਗੀ ਮੰਡਲ



ਰਿਪੋਰਟ ਤੇ ਤਸਵੀਰਾਂ- ਡਾ ਕਰਮਜੀਤ ਸਿੰਘ

**ਜੰਮੂ-** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਅਤੇ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼ ਨੇ ਕੇ. ਐਲ. ਸਹਿਗਲ ਹਾਲ ਜੰਮੂ ਵਿਚ ਇਕ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਜਿਸਦੀ ਪ੍ਰਧਾਨਗੀ ਅਜੀਜ਼ ਹਾਜਨੀ, ਅਤਰਜੀਤ ਕਹਾਣੀਕਾਰ, ਡਾ. ਅਰਵਿੰਦਰ ਸਿੰਘ ਅਮਨ, ਮੁਹੰਮਦ ਅਲੀ ਕੁਰੈਸ਼ੀ, ਖ਼ਾਲਿਦ ਹੁਸੈਨ, ਅਤੇ ਡਾ. ਕਰਮਜੀਤ ਸਿੰਘ ਨੇ ਕੀਤੀ। ਅਜੀਜ਼ ਹਾਜਨੀ ਨੇ ਸੁਆਗਤੀ ਭਾਸ਼ਣ ਦਿੰਦਿਆਂ ਅਕੈਡਮੀ ਦੀਆਂ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਭੱਵਿਖ ਵਿਚ ਕੇਂਦਰੀ ਸਭਾ ਨਾ਼ਲ ਵੱਡੇ ਪੱਧਰ ਤੇ ਸਹਿਯੋਗ ਕਰਨ ਦਾ ਭਰੋਸਾ ਵੀ ਦੁਆਇਆ। ਡਾ. ਸੁਖਵਿੰਦਰ ਸਿੰਘ ਸੰਘਾ ਨੇ ਭਾਰਤ ਦੀਆਂ ਸਥਾਨਕ ਭਾਸ਼ਾਵਾਂ ਉੱਪਰ ਵਿਸਤਾਰ ਵਿਚ ਚਰਚਾ ਕਰਨ ਦੇ ਨਾ਼ਲ ਹੀ ਕਿਹਾ ਕਿ ਅੱਠਵੀਂ ਸੂਚੀ ਵਿਚ ਹੋਣ ਕਾਰਣ ਇਨ੍ਹਾਂ ਨੂੰ ਰਾਸ਼ਟਰੀ ਭਾਸ਼ਾਵਾਂ ਹੀ ਕਹਿਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਇਨ੍ਹਾਂ ਦਾ ਬਣਦਾ ਹੱਕ ਵੀ ਮਿਲਣਾ ਚਾਹੀਦਾ ਹੈ। ਡਾ. ਅਰਵਿੰਦਰ ਸਿੰਘ ਅਮਨ ਨੇ ਹੋਰ ਜਾਣਕਾਰੀਆਂ ਤੋਂ ਇਲਾਵਾ ਪੰਜਾਬੀ ਪਤ੍ਰਿਕਾ ਸ਼ੀਰਾਜ਼ਾ ਬਾਰੇ ਵੀ ਜਾਣਕਾਰੀ ਦਿੱਤੀ ਜਿਸਦੀ ਤਾਈਦ 'ਸ਼ੀਰਾਜ਼ਾ' ਦੇ ਸੰਪਾਦਕ ਓਪਿੰਦਰ ਸਿੰਘ ਪਾਰਸ ਨੇ ਵੀ ਵਿਸਤਾਰ ਵਿਚ ਜਾ ਕੇ ਕੀਤੀ। ਮੁਹੰਮਦ ਅਸਲਮ ਕੁਰੈਸ਼ੀ ਨੇ ਪੰਜਾਬੀ ਦੀ ਸਰਲਤਾ ਨੂੰ ਬਚਾਈ ਰੱਖਣ ਦੀ ਗੁਜ਼ਾਰਿਸ਼ ਕੀਤੀ। ਖ਼ਾਲਿਦ ਹੁਣੈਨ ਨੇ ਕੇਂਦਰੀ ਸਭਾ ਤੋਂ ਆਏ ਵਿਦਵਾਨਾਂ ਅਤੇ ਕਵੀਆਂ ਨੂੰ ਜੀ ਆਇਆਂ ਕਿਹਾ ਅਤੇ ਲਿਖਤਾਂ ਵਿਚ ਮੂ਼ਲ ਪੰਜਾਬੀ ਮੁਹਾਵਰੇ ਨੂੰ ਸਾਂਭਣ ਦੀ ਵਕਾਲਤ ਕੀਤੀ। ਡਾ. ਕਰਮਜੀਤ ਸਿੰਘ ਨੇ ਕੇਂਦਰੀ ਸਭਾ ਬਾਰੇ ਬੋਲਦਿਆਂ ਇਸ ਦੀ ਪੁਰਾਤਨਤਾ? 1956 ਤੋਂ ਲੈ ਕੇ ਹੁਣ ਤਕ ਦੀਆਂ ਗਤੀਵਿਧੀਆ ਅਤੇ ਇਸ ਦੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤਿ ਪ੍ਰਤਬਿੱਧਤਾ ਦੀ ਦਾ ਉਲੇਖ ਕੀਤਾ।



ਹਰਭਜਨ ਸਿੰਘ ਸਾਗਰ ਦੀ ਪ੍ਰਧਾਨਗੀ ਵਿਚ ਦੂਸਰੇ ਸੈਸ਼ਨ ਵਿਚ ਡਾ. ਕਰਮਜੀਤ ਸਿੰਘ ਨੇ ਅਜੋਕੇ ਸੰਦਰਭ ਵਿਚ ਅਸਹਿਣਸ਼ੀਲਤਾ ਦੇ ਵਿਸ਼ੇ ਉਪਰ ਵਚਾਰ ਰੱਖਦਿਆਂ ਉਨ੍ਹਾਂ ਸਾਹਿਤਕਾਰਾਂ, ਫਿਲਮਕਾਰਾਂ, ਇਤਿਹਾਸਕਾਰਾਂ ਅਤੇ ਵਿਗਿਆਨੀਆਂ ਦਾ ਸਮਰਥਨ ਕੀਤਾ ਜਿਨ੍ਹਾਂ ਨੇ ਅਸਹਿਣਸ਼ੀਲਤਾ ਖ਼ਿਲਾਫ਼ ਆਪਣੇ ਸਨਮਾਨ ਵਾਪਿਸ ਕੀਤੇ ਹਨ ਅਤੇ ਨਾ਼ਲ ਹੀ ਉਨ੍ਹਾਂ ਦੇ ਵਿਰੋਧ ਵਿਚ ਦਿੱਤੇ ਗਏ ਫਤਵਿਆਂ ਅਤੇ ਉਠਾਏ ਗਏ ਸਵਾਲਾਂ ਦਾ ਤਰਕਸੰਗਤ ਜਵਾਬ ਵੀ ਦਿੱਤਾ। ਇਸ ਮੌਕੇ ਖ਼ਾਲਿਦ ਹੁਸੈਨ ਦਾ ਕਹਾਣੀ-ਸੰਗ੍ਰਹਿ "ਸੂ਼ਲਾਂ ਦਾ ਸਾਲਣ" ਲੋਕਾਰਪਣ ਕੀਤਾ ਗਿਆ। ਕੇਂਦਰੀ ਸਭਾ ਨੇ ਇਕ ਮਤੇ ਰਾਹੀਂ ਕਸ਼ਮੀਰ ਵਿਚ ਵੀ ਜੰਮੂ ਵਾਂਗ ਪੰਜਾਬੀ ਵਿਭਾਗ ਖੋਲ੍ਹਣ ਦਾ ਪ੍ਰਸਤਾਵ ਰੱਖਿਆ ਜਿਸ ਉਪਰ ਵਿਚਾਰ ਕਰਨ ਦਾ ਆਸ਼ਵਾਸਨ ਵੀ ਦਿੱਤਾ ਗਿਆ। ਖ਼ਾਲਿਦ ਹੁਸੈਨ ਨੇ ਜੰਮੂ ਕਸ਼ਮੀਰ ਦੇ ਸੂਫ਼ੀ ਸਾਹਿਤ ਬਾਰੇ ਵਿਸਤ੍ਰਿਤ ਪਰਚਾ ਪੜ੍ਹਿਆ। ਡਾ ਮਮਤਾ ਨੇ ਪਿਛਲੇ ਦੋ ਦਹਾਕਿਆਂ ਦੀ ਰਿਆਸਤੀ ਪੰਜਾਬੀ ਕਹਾਣੀ ਵਿਚ ਨਵੇਂ ਪ੍ਰਯੋਗਾਂ ਉਪਰ ਪੇਪਰ ਪੇਸ਼ ਕੀਤਾ।

ਪ੍ਰਧਾਨਗੀ ਭਾਸ਼ਣ ਵਿਚ ਹਰਭਜਨ ਸਿੰਘ ਸਾਗਰ ਨੇ ਜੰਮੂ ਕਸ਼ਮੀਰ ਦੇ ਲੇਖਕਾਂ ਵਲੋਂ ਅਗਾਂਹ ਵੀ ਕੇਂਦਰੀ ਸਭਾ ਨੂੰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਤੀਜੇ ਸੈਸ਼ਨ ਕਵੀ-ਦਰਬਾਰ ਦੀ ਪ੍ਰਧਾਨਗੀ ਕਵੀ ਸੁਲੱਖਣ ਸਰਹੱਦੀ ਅਤੇ ਦੇਵਿੰਦਰ ਸਿੰਘ ਵਿਸ਼ਵ ਨਾਗਰਿਕ ਅਤੇ ਬਲਜੀਤ ਰੈਣਾ ਨੇ ਕੀਤੀ। ਸੁਲੱਖਣ ਸਰਹੱਦੀ, ਮਦਨ ਵੀਰਾ, ਸੁਰਿੰਦਰ ਪ੍ਰੀਤ ਘਣੀਆਂ, ਜਸਬੀਰ ਧੀਮਾਨ ਸ਼ਮਸ਼ੇਰ ਮੋਹੀ, ਮੋਨੋਜੀਤ, ਕੇਵਲ ਕ੍ਰਿਸ਼ਨ ਸ਼ਾਕਿਰ, ਅਮਰ ਸਿੰਘ ਕੂਕਾ, ਸਵਾਮੀ ਅੰਤਰ ਨੀਰਵ ਅਤੇ ਪ੍ਰਿਤਪਾਲ ਸਿੰਘ ਬੇਤਾਬ ਆਦਿ ਨੇ ਆਪਣੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਦਾ ਪਾਠ ਕਰ ਕੇ ਸਰੋਤਿਆਂ ਨੂੰ ਵੱਖਰੇ ਰੰਗ ਵਿਚ ਰੰਗ ਦਿੱਤਾ। ਇਨ੍ਹਾਂ ਤੋਂ ਇਲਾਵਾ ਸੁਰਿੰਦਰ ਨੀਰ, ਭਗਤ ਸਿੰਘ ਯਾਂਦਿਕ, ਰਾਜਿੰਦਰ ਸਿੰਘ ਵਜ਼ੀਰ, ਅਜੀਤ ਸਿੰਘ ਮਸਤਾਨਾ, ਹਰਦੀਪ ਸਿੰਘ ਦੀਪ, ਦੇਸ ਰਾਜ ਦਾਨਿਸ਼, ਜਸਬੀਰ ਸਿੰਘ ਸਰਨਾ, ਸੋਨਾਮਿਕਾ ਗਾਂਧੀ, ਦੀਦਾਰ ਸਿੰਘ, ਬਿਮਲੇਸ਼ ਕੌਰ, ਪ੍ਰੀਤਮ ਸਿੰਘ ਅਨਜਾਣ, ਚਾਂਦ ਦੀਪਿਕਾ, ਗੁਰਦੀਪ ਕੌਰ, ਡਾਬ ਉਪਦੇਸ਼ ਕੌਰ, ਅਮਰੀਕ ਸਿੰਘ ਸਾਥੀ, ਡਾ. ਨਿਰਮਲ ਵਿਨੋਦ, ਪਿਆਰਾ ਸਿੰਘ ਧੰਜ਼ਲ, ਦੇਵਿੰਦਰ ਸਿੰਘ ਧੰਜ਼ਲ, ਸ਼ਮਸ਼ੇਰ ਸਿੰਘ ਚੌਹਾ਼ਲਵੀ, ਰੇਸ਼ਮ ਕੌਰ, ਹਰਦੀਪ ਕੌਰ ਦੀਪਕ, ਭੁਪਿੰਦਰ ਸਿੰਘ ਭਾਰਗਵ, ਅਸ਼ੋਕ ਗੁਪਤਾ, ਰਤਨ ਬਸੋਤਰਾ, ਛੱਤਰ ਪਾਲ, ਅਜ਼ਰਾ ਚੌਧਰੀ, ਸੰਤੋਸ਼ ਸੰਗਰਾ, ਸੁਧੀਰ ਮਹਾਜਨ, ਚੰਚਲ ਸ਼ਰਮਾ, ਜਾਵੇਦ ਰਾਹੀ, ਕਮਲਦੀਪ ਸਿੰਘ ਅਤੇ ਡਾ. ਹਰਭਜਨ ਸਿੰਘ ਆਦਿ ਨੇ ਵੀ ਸ਼ਿਰਕਤ ਕੀਤੀ।

ਧੰਨਵਾਦੀ ਸ਼ਬਦ ਡਾ ਅਰਵਿੰਦਰ ਸਿੰਘ ਅਮਨ ਅਤੇ ਡਾਬ ਕਰਮਜੀਤ ਸਿੰਘ ਨੇ ਕਹੇ। ਪਹਿਲੀ ਬਾਰ ਕੇਂਦਰੀ ਸਭਾ ਵਲੋਂ ਜੰਮੂ ਵਿਚ ਕੀਤੇ ਇਸ ਸਮਾਗਮ ਨੂੰ ਆਪਣੀ ਗੰਭੀਰ ਵਿਚਾਰ ਕਰਕੇ ਯਾਦ ਕੀਤਾ ਜਾਂਦਾ ਰਹੇਗਾ।

# ਬੇਅਦਬੀ ਦੀਆਂ ਘਟਨਾਵਾਂ ਪਿੱਛੇ ਅਕਾਲੀ ਦਲ ਦੀ ਸਾਜ਼ਿਸ਼: ਕੈਪਟਨ

**ਪਟਿਆਲਾ (ਬਿਊਰੋ)-** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਅਕਾਲੀ ਦਲ ਦੀ ਸਾਜ਼ਿਸ਼ ਦੇ ਦੋਸ਼ ਲਾਉਂਦਿਆਂ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਆਪਣੇ ਹਿੱਤਾਂ ਲਈ ਅਕਾਲ ਤਖ਼ਤ ਨੂੰ ਵਰਤਦੇ ਆ ਰਹੇ ਪ੍ਰਕਾਸ਼ ਸਿੰਘ ਬਾਦਲ ਅਤਿਵਾਦ ਦੇ ਕਾਲੇ ਦੌਰ ਲਈ ਵੀ ਜ਼ਿੰਮੇਵਾਰ ਰਹੇ ਹਨ, ਜਿਸ ਦਾ ਪਰਦਾ ਉਹ ਜਲਦੀ ਲਿਖੀ ਜਾ ਰਹੀ ਕਿਤਾਬ ਵਿੱਚ ਵੀ ਖੋਲ੍ਹਣਗੇ। ਇੱਥੇ ਸੰਖੇਪ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ 'ਆਪ' ਤੋਂ ਕਾਂਗਰਸ ਨੂੰ ਕੋਈ ਵੀ ਚੁਣੌਤੀ ਨਹੀਂ ਹੈ, ਜਿਸ ਕਰ ਕੇ ਹੁਣ



ਕਾਂਗਰਸ ਹੀ ਪੰਜਾਬ ਦੀ ਮੁੱਖ ਧਿਰ ਵਜੋਂ ਉਭਰੇਗੀ। ਪਟਿਆਲਾ ਤੋ ਚੋਣ ਲੜੇ ਜਾਣ ਸਮੇਤ ਕੁਝ ਹੋਰ ਸਵਾਲਾਂ ਦੇ ਜਵਾਬ ਉਹ ਟਾਲ ਗਏ। ਇਧਰ ਪਟਿਆਲਾ ਪੁੱਜਣ ਤੇ ਕੈਪਟਨ ਅਮਰਿੰਦਰ ਸਿੰਘ ਦਾ ਉਨ੍ਹਾਂ ਦੇ ਜੱਦੀ ਅਤੇ ਸ਼ਾਹੀ ਸ਼ਹਿਰ ਦੇ ਕਾਂਗਰਸੀ ਵਰਕਰਾਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਘੰਟਿਆਂਬੱਧੀ ਸੜਕਾਂ ਕਿਨਾਰੇ ਖੜ੍ਹੇ ਰਹੇ ਕਾਂਗਰਸੀ ਵਰਕਰਾਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਪੁੱਜਣ 'ਤੇ ਫੁੱਲਾਂ ਦੀ ਬਰਖਾ ਕਰ ਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਢੋਲ ਦੇ ਡੱਗੇ 'ਤੇ ਭੰਗੜੇ ਪਾਉਂਦਿਆਂ ਵਰਕਰਾਂ ਨੇ ਪਟਾਕੇ ਚਲਾਏ ਅਤੇ ਆਤਿਸ਼ਬਾਜ਼ੀ ਵੀ ਕੀਤੀ।


ਐ ਬੋਝ ਨਾਲ ਥੱਕੇ ਮਾਰੇ ਲੋਕੋ ਮੇਰੇ ਕੋਲ ਆਓ ਮੈਂ ਤੁਹਾਨੂੰ ਆਰਾਮ ਦੇਵਾਂਗਾ। (ਮਤੀ 11/28)

ਰੂਹਾਨੀ ਫੈਲੋਸ਼ਿੱਪ ਚਰਚ ਰਿਪਨ ਕੈਲੇਫੋਰਨੀਆ

517 ORANGE AVE., RIPON CA

ਉਸ ਸੱਚੇ ਪ੍ਰਮੇਸ਼ਵਰ ਦੀ ਕਿਰਪਾ ਨਾਲ ਕੈਲੇਫੋਰਨੀਆ ਦੇ ਸ਼ਹਿਰ ਰਿਪਨ ਵਿਚ ਪੰਜਾਬੀ ਚਰਚ ਖੁੱਲ੍ਹ ਚੁੱਕਾ ਹੈ, ਅਸੀਂ ਉਸ ਪਰਮ ਪਿਤਾ ਦਾ ਧੰਨਵਾਦ ਕਰਦੇ ਹਾਂ, ਜਿਸ ਨੇ ਇਹ ਕਿਰਪਾ ਕੀਤੀ ਹੈ। ਅਸੀਂ ਆਪ ਸਭ ਨੂੰ ਬੇਨਤੀ ਕਰਦੇ ਹਾਂ ਕਿ ਆਪ ਸਭ ਇਸ ਚਰਚ ਵਿਚ ਆਵੋ ਅਤੇ ਜ਼ਿੰਦਗੀ ਦੇ ਸੁੱਖ ਪਾਵੋ।

ਸਾਡੀ ਚਰਚ ਸਰਵਿਸ ਹਰ ਐਤਵਾਰ ਨੂੰ ਹੁੰਦੀ ਹੈ।

ਸਵੇਰੇ 10.30 ਤੋਂ 11.00 ਵਜੇ ਤੱਕ ਬਾਈਬਲ ਸਟੱਡੀ, 11.00 ਤੋਂ 12.30 ਵਜੇ ਤੱਕ ਪ੍ਰਮੇਸ਼ਵਰ ਦਾ ਗੁਣਗਾਨ ਅਤੇ ਵਚਨ, ਪ੍ਰਾਰਥਨਾ

ਜਿਹਨਾਂ ਲੋਕਾਂ ਨੂੰ ਕੋਈ ਬਿਮਾਰੀ ਜਾਂ ਭੈੜੀਆਂ ਆਤਮਾਵਾਂ ਦੀ ਸਮੱਸਿਆ ਹੈ, ਉਹਨਾਂ ਲਈ ਖਾਸ ਪ੍ਰਾਰਥਨਾ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਫੋਨ ਕਰੋ

ਅਜੇ ਪੋਲ 510-359-9498

ਸੰਦੀਪ ਪੀਟਰ 916-990-7152

ਚੰਦਨ ਸਿੰਘ 209-242-3642

Pastor

A. M Gill

408-390-0996

# ਮਹਿਫਲ ਸੱਚੇ ਵਿਚਾਰਾਂ ਦੀ

**ਪਰਮਜੀਤ ਸਿੰਘ ਸੇਖੋਂ (ਦਾਖਾ)**
ਪ੍ਰਧਾਨ, ਦਲ ਖਾਲਸਾ ਅਲਾਇੰਸ
ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)



744- ਆਗੂ ਕਦੇ ਡਰਪੋਕ ਨਹੀਂ ਹੋਣਾ ਚਾਹੀਦਾ ਅਤੇ ਦੁਬਿਧਾ ਵਿੱਚ ਨਹੀਂ ਹੋਣਾ ਚਾਹੀਦਾ।

745- ਸਾਰੀਆਂ ਸੁਸਾਇਟੀਆਂ 'ਚ ਇਹ ਗੁਣ ਮੁੱਖ ਹੁੰਦੇ ਹਨ ਕਿ ਆਗੂ ਦੇ ਰੂਪ 'ਚ ਉਹ ਇੱਕ ਵਿਲੱਖਣ ਹੱਕ ਰੱਖਦੇ ਹਨ ਅਤੇ ਲੁਕਾਈ ਨੂੰ ਸੇਧ ਦਿੰਦੇ ਹਨ।

746- ਜੋ ਕੌਮਾਂ ਆਪਣੇ ਵਿਰਸੇ ਨੂੰ ਸੰਭਾਲ ਲੈਂਦੀਆਂ ਹਨ, ਉਹ ਕੌਮਾਂ ਦੇਰ ਤੱਕ ਕਾਇਮ ਰਹਿੰਦੀਆਂ ਹਨ।

747- ਜਿਸ ਕੌਮ ਦਾ ਆਗੂ ਚੰਗਾ ਹੈ, ਉਹ ਸੁਰੱਖਿਅਤ ਹੈ।

748- ਕਿਸੇ ਦੀ ਖਿੱਲੀ ਉਡਾਉਣ ਤੋਂ ਪਹਿਲਾਂ ਆਪਣੇ ਪਿਛਲੇ ਬੁਰੇ ਵਕਤ ਨੂੰ ਯਾਦ ਕਰ।

749- ਬਿਨ੍ਹਾਂ ਸੰਘਰਸ਼ ਤੋਂ ਕੋਈ ਵੀ ਮੰਜ਼ਿਲ ਪ੍ਰਾਪਤ ਨਹੀਂ ਹੁੰਦੀ।

750- ਸਿੱਖਾਂ ਦੇ ਬਾਰਾਂ ਕਿਵੇਂ ਵਜਦੇ ਸਨ। ਉਹ ਹੱਥਾਂ 'ਚ ਫੜ ਕੇ ਲਿਆਏ ਲੰਗੋਟੀਆਂ, ਕਹਿੰਦੇ ਮੁਗਲਾਂ ਨੇ ਮਾਰੀਆਂ ਸੋਟੀਆਂ, ਚੁੱਕ ਕੇ ਉਹ ਲੈ ਗਏ ਸਾਡੀਆਂ ਵਹੁਟੀਆਂ। ਫੇਰ ਜਦ ਰਾਤ ਦੇ ਵੱਜ ਗਏ ਸੀ ਬਾਰਾਂ, ਚੁੱਕੀਆਂ ਸਿੰਘਾਂ ਨੇ ਆਪਣੀਆਂ ਤਲਵਾਰਾਂ, ਮੁਗਲਾਂ ਦੀਆਂ ਵਗੀਆਂ ਖ਼ੂਨ ਦੀਆਂ ਧਾਰਾਂ, ਬਚਾ ਕੇ ਲਿਆਂਦੀਆਂ ਹਿੰਦੂਆਂ ਦੀਆਂ ਨਾਰਾਂ, ਇੰਝ ਵਜਦੇ ਸੀ ਸਿੰਘਾਂ ਦੇ ਬਾਰਾਂ।

751- ਸਿੱਖ ਕੌਮ ਕੋਲ ਜਿਤਨੀ ਸ਼ਾਂਤਮਈ ਰਹਿਣ ਦੀ ਹਿੰਮਤ ਹੈ ਉਸ ਤੋਂ ਕਿਤੇ ਜ਼ਿਆਦਾ ਜ਼ੁਲਮ ਨਾਲ ਟੱਕਰ ਲੈਣ ਦੀ ਤਾਕਤ ਵੀ ਹੈ।

752- ਅੱਜ ਦੀ ਘੜੀ ਸਿੱਖਾਂ ਵਿੱਚ ਆਜ਼ਾਦੀ ਦੇ ਉਤਨੇ ਪ੍ਰਵਾਨੇ ਨਹੀਂ ਜਿਤਨੇ ਗੱਦਾਰ ਹਨ।

753- ਸਿੱਖ ਧਰਮ ਉਮਰ 'ਚ ਸਭ ਤੋਂ ਛੋਟਾ ਪਰ ਇਤਿਹਾਸ ਸਾਰੇ ਧਰਮਾਂ ਤੋਂ ਲੰਮਾ।

754- ਜੇ ਕਾਮਯਾਬ ਬਣਨਾ ਚਾਹੁੰਦੇ ਹੋ ਤਾਂ ਵਕਤ ਦੀ ਕਦਰ ਕਰੋ।

755- ਮੁਲਕ ਦੀ ਰਾਖੀ ਲਈ ਸੱਚੇ ਸਿਪਾਹੀ ਦੀ ਲੋੜ ਹੁੰਦੀ ਹੈ।

756- ਧਰਮ ਦੀ ਰਾਖੀ ਲਈ ਸੂਝਵਾਨ ਪ੍ਰਚਾਰਕਾਂ ਦੀ ਲੋੜ ਹੁੰਦੀ ਹੈ।

757- ਸੰਘਰਸ਼ ਦੀ ਕਾਮਯਾਬੀ ਲਈ ਹਥਿਆਰਾਂ ਦੀ ਲੋੜ ਹੁੰਦੀ ਹੈ।

758- ਜਿੱਤਣਾ ਚਾਹੁੰਦੇ ਹੋ ਤਾਂ ਹਾਰ ਦੇ ਨਤੀਜਿਆਂ ਨੂੰ ਵੀ ਸਾਹਮਣੇ ਰੱਖੋ।

759- ਹਕੀਕਤ ਉਹੀ ਹੈ ਜੋ ਬੀਤ ਰਹੀ ਹੈ, ਹਕੀਕਤ ਉਹ ਨਹੀਂ ਜੋ ਖਾਬ ਹੈ।

760- ਜ਼ਿਆਦਾ ਖਾਬ ਦੇਖਣੇ ਚੰਗੀ ਗੱਲ ਨਹੀਂ ਕਿਉਂਕਿ ਜੇ ਖਾਬ ਸੱਚ ਨਾ ਹੋਣ ਤਾਂ ਦੁੱਖ ਪਹੁੰਚਦਾ ਹੈ।

761- ਸਿੱਖ ਧਰਮ ਸਾਰੀ ਦੁਨੀਆਂ ਚੋਂ ਅਮੀਰ ਪਰ ਇਸ ਦੇ ਬਹੁਤੇ ਲੀਡਰ ਅਤੇ ਪ੍ਰਚਾਰਕ ਨਿਕੰਮੇ।

762- ਹਰ ਗੁਰਸਿੱਖ ਦੇ ਘਰ ਅੰਦਰ ਇੱਕ ਲਾਇਬਰੇਰੀ ਦਾ ਹੋਣਾ ਬਹੁਤ ਜ਼ਰੂਰੀ ਹੈ।

763- ਧਾਰਮਿਕ ਪਧਰ ਤੇ ਹਰ ਸਿੱਖ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜੇ।

764- ਸਿਆਸੀ ਪਧਰ ਤੇ ਹਰ ਸਿੱਖ ਆਪਣੇ ਆਪ ਨੂੰ ਅਕਾਲ ਤਖਤ ਸਾਹਿਬ ਨਾਲ ਜੋੜੇ।

765- ਰਾਜ ਕਰੇਗਾ ਖਾਲਸਾ ਦੀ ਪੂਰਤੀ ਲਈ ਹਰ ਸਿੱਖ ਪਰਿਵਾਰ ਦਾ ਘੱਟੋ ਘੱਟ ਇੱਕ ਮੈਂਬਰ ਕਿਸੇ ਵੀ ਪੰਥਕ ਜਥੇਬੰਦੀ ਦਾ ਮੈਂਬਰ ਜ਼ਰੂਰ ਬਣੇ।

766- ਗੁਰੂ ਨਾਨਕ ਸਾਹਿਬ ਜੀ ਦਾ ਫਲਸਫਾ ਪੂਰੀ ਦੁਨੀਆਂ ਤੋਂ 500 ਸਾਲ ਅਗੇ ਪਰ ਨਿਕੰਮੀ ਪ੍ਰਬੰਧਕ ਪ੍ਰਣਾਲੀ ਦੇ ਕਾਰਨ 500 ਸੌ ਸਾਲ ਪਿੱਛੇ ਚੱਲ ਰਹੇ ਹਾਂ।

767- ਜ਼ਿੰਦਗੀ ਵਿੱਚ ਕਾਮਯਾਬ ਰਹਿਣ ਲਈ ਜ਼ੁਬਾਨ ਦਾ ਘੱਟ, ਦਿਮਾਗ ਅਤੇ ਅੱਖਾਂ ਦਾ ਜ਼ਿਆਦਾ ਇਸਤੇਮਾਲ ਕਰੋ।

768- ਪ੍ਰਮਾਤਮਾ ਨੂੰ ਜੇ ਪਾਉਣਾ ਹੈ ਤਾਂ ਉਸ ਦੇ ਨਾਮ ਦਾ ਮਲੰਗ ਬਣਨਾ ਪਊ।

769- ਕਿਸੇ ਪਾਪੀ ਨੂੰ ਸਜਾ ਦੇਣ ਦਾ ਹੱਕ ਉਸ ਨੂੰ ਹੀ ਹੈ ਜਿਸਦਾ ਆਪਣਾ ਇਖਲਾਕ ਪਾਪੀ ਨਾਲੋਂ ਉਚਾ ਹੋਵੇ।

770- ਸਿੱਖ ਹੋ ਕੇ ਸਿੱਖ ਧਰਮ ਨਾਲ ਪਿਆਰ ਕਰੋ ਅਤੇ ਦੂਸਰੇ ਧਰਮਾਂ ਦਾ ਸਤਿਕਾਰ ਕਰੋ।

771- ਲਿਖਾਰੀ ਬਣਨਾ ਚਾਹੁੰਦਾ ਹੈ ਤਾਂ ਪਹਿਲਾਂ ਮਹੌਲ ਤੱਕ।

772- ਕਿਸੇ ਤੋਂ ਕੁੱਝ ਮੰਗਣ ਤੋਂ ਪਹਿਲਾਂ ਕਿਸੇ ਨੂੰ ਕੁੱਝ ਦੇਣਾ ਸਿੱਖ।

773- ਸਿਪਾਹੀ ਬਣਨਾ ਚਾਹੁੰਦਾ ਹੈ ਤਾਂ ਪਹਿਲਾਂ ਹਥਿਆਰ ਸੰਭਾਲਣਾ ਸਿੱਖ।

774- ਸੰਤ ਬਣਨਾ ਚਾਹੁੰਦਾ ਹੈ ਤਾਂ ਪਹਿਲਾਂ ਮਾਲਾ ਫੇਰਨ ਦੇ ਗੁਣ ਸਿੱਖ।

775- ਧਰਮ ਕਮਾਉਣਾ ਚਾਹੁੰਦਾ ਹੈ ਤਾਂ ਬਸੰਤੀ ਨਿਸ਼ਾਨ ਦੇ ਥੱਲੇ ਰਹੀਂ।

776- ਪ੍ਰਮਾਤਮਾ ਅਤੇ ਮੌਤ ਨੂੰ ਯਾਦ ਰੱਖਣ ਵਾਲੇ ਤੋਂ ਮਾੜਾ ਕੰਮ ਨਹੀਂ ਹੋ ਸਕਦਾ।

777- ਸਿਆਸੀ ਲੀਡਰ ਬਣਨਾ ਚਾਹੁੰਦਾ ਹੈ ਤਾਂ ਅਕਾਲ ਤਖਤ ਸਾਹਿਬ ਤੋਂ ਦੂਰ ਨਾ ਜਾਵੀਂ।

778- ਸੁੱਖ ਦੀ ਪ੍ਰਾਪਤੀ ਦਾ ਭੇਦ ਇਹ ਨਹੀਂ ਕਿ ਜੋ ਆਪ ਨੂੰ ਚੰਗਾ ਲਗੇ ਉਹ ਕਰੋ ਬਲਕਿ ਇਹ ਹੈ ਕਿ ਜੋ ਆਪ ਕਰੋ ਉਹ ਚੰਗਾ ਹੋਵੇ।

779- ਸੌ ਅਧਿਆਪਕ ਦੇ ਬਰਾਬਰ ਇੱਕ ਆਦਰਸ਼, ਸੌ ਆਦਰਸ਼ ਦੇ ਬਰਾਬਰ ਇੱਕ ਪਿਤਾ, ਇੱਕ ਪਿਤਾ ਤੋਂ ਵੀ ਵੱਧ ਮਾਂ ਦਾ ਸਤਿਕਾਰ ਕਰੋ।

780- ਜਦੋਂ ਵੀ ਕਿਸੇ ਨੂੰ ਮਿਲੋ ਤਾਂ ਮਿਠੇ ਬੋਲ ਬੋਲੋ, ਸ਼ਾਇਦ ਉਹ ਤੁਹਾਡੇ ਆਖਰੀ ਬੋਲ ਹੋਣ।

781- ਮਰਦ ਇਸ ਗੱਲ ਤੋਂ ਨਹੀਂ ਜਾਣਿਆ ਜਾਂਦਾ ਕਿ ਉਸ ਕੋਲ ਕੀ ਹੈ, ਬਲਕਿ ਇਸ ਗੱਲ ਤੋਂ ਜਾਣਿਆ ਜਾਂਦਾ ਹੈ ਕਿ ਉਹ ਕੀ ਹੈ।

782- ਮੌਤ ਆਪਣੀ ਜ਼ਿੰਦਗੀ ਦਾ ਬੇਖਬਰ ਸਾਥੀ ਹੈ।

783- ਜਦੋਂ ਤੱਕ ਸ਼ਬਦ ਮੂੰਹੋਂ ਨਹੀਂ ਨਿਕਲਦਾ ਉਹ ਤੁਹਾਡੇ ਕਾਬੂ ਵਿੱਚ ਹੈ, ਮੂੰਹੋਂ ਬਾਹਰ ਆ ਜਾਣ ਤੇ ਤੁਸੀਂ ਉਸ ਦੇ ਕਾਬੂ ਆ ਜਾਂਦੇ ਹੋ।

784- ਮੁਹੱਬਤ ਨੂੰ ਤੋਹਫਿਆਂ ਨਾਲ ਨਾ ਸ਼ੁਰੂ ਕਰੋ ਕਿਉਂਕਿ ਜਦੋਂ ਤੁਸੀਂ ਤੋਹਫੇ ਦੇਣੇ ਬੰਦ ਕਰ ਦਿੱਤੇ ਮੁਹੱਬਤ ਵੀ ਟੁੱਟ ਜਾਵੇਗੀ।

785- ਜਦੋਂ ਇਨਸਾਨ ਅਕਲ ਨੂੰ ਛੱਡ ਚਤੁਰਾਈ ਤੋਂ ਕੰਮ ਲੈਂਦਾ ਹੈ ਤਾਂ ਉਹ ਮੂਰਖਾਂ ਦੀ ਕਤਾਰ ਵਿੱਚ ਹੁੰਦਾ ਹੈ।

786- ਪ੍ਰਮਾਤਮਾ ਛੱਪੜ ਫਾੜ ਕੇ ਦਿੰਦਾ ਵੀ ਹੈ ਤੇ ਥੱਪੜ ਮਾਰ ਕੇ ਲੈਂਦਾ ਵੀ ਹੈ।

787- ਜਦ ਬਾਗੀ ਪਰਾਏ ਤਨ ਦੇ ਸੰਸਾਰ ਵਿੱਚ ਚਲਾ ਗਿਆ ਤਾਂ ਸਮਝੋ ਸੰਘਰਸ਼ ਵਿਚੋਂ ਹਾਰ ਗਿਆ।

788- ਜੇ ਗ੍ਰਹਿਸਥੀ ਜੀਵਨ ਵਿੱਚ ਸੁੱਖ ਚਾਹੁੰਦੇ ਹੋ ਤਾਂ ਆਪਣੇ ਤੋਂ ਛੋਟਾ ਘਰ ਲਭੋ।

789- ਉਹ ਖਾੜਕੂ ਯੋਧਾ ਸੂਰਮਾ ਬਾਗੀ ਚੰਗਾ ਨਹੀਂ ਜੋ ਭੁੱਖਾ ਹੋਵੇ ਚੌਧਰ ਦਾ।

790- ਜਦੋਂ ਫਸਲਾਂ ਜਵਾਨ ਹੋਵਣ ਤਾਂ ਹਾਸਾ ਜੱਟ ਦੇ ਬੁੱਲਾਂ ਤੇ ਖੇਲੇ।

791- ਮਰਦ ਮੁੱਛ ਤੋਂ, ਔਰਤ ਕੁੱਖ ਤੋਂ, ਪਿੰਡ ਗਹੀਰਿਆਂ ਤੋਂ ਦੂਰੋਂ ਹੀ ਪਛਾਣੇ ਜਾਂਦੇ ਹਨ।

792- ਮੇਲੇ ਮਿਲਾਉਂਦੇ ਵਿਛੜੇ ਮੇਲੀਆਂ ਨੂੰ।

793- ਹਿੰਦੂਸਤਾਨੀਆਂ ਦੀ ਅਜ਼ਬ ਕਹਾਣੀ ਡੁਬਦਿਆਂ ਦੇ ਮੂੰਹ ਪਾਉਂਦੇ ਪਾਣੀ।

794- ਬਿਗਾਨੇ ਘਰ ਦੀ ਪਾਲਕੀ ਨਾਲੋਂ ਆਪਣੇ ਘਰ ਦੀ ਸੂਈ ਲੱਖ ਦਰਜ਼ੇ ਚੰਗੀ ਹੈ।

795- ਗੁਲਾਮ ਇੱਕ ਭੇਡ ਹੋਇਆ ਕਰਦੀ ਹੈ, ਮਰਦ ਹੋ ਕੇ ਗੁਲਾਮ ਬਣਨ ਨਾਲੋਂ ਭੇਡਾਂ ਦੇ ਇੱਜੜ ਵਿੱਚ ਰਲ ਜਾਣਾ ਚਾਹੀਦਾ ਹੈ।

796- ਯਤਨ ਅਤੇ ਵਿਸ਼ਵਾਸ਼ ਪਰਬਤਾਂ ਨੂੰ ਹਿਲਾ ਦਿੰਦੇ ਹਨ।

797- ਲੋਕਾਂ ਵਿੱਚ ਸ਼ਕਤੀ ਦੀ ਨਹੀਂ ਬਲਕਿ ਲੋਕਾਂ ਨੂੰ ਚੰਗੇ ਲੀਡਰ ਦੀ ਘਾਟ ਰਹਿੰਦੀ ਹੈ।

798- ਅਗਰ ਕੋਈ ਬੇਵਜਾ ਤੰਗ ਪ੍ਰੇਸ਼ਾਨ ਕਰਨੋ ਨਾ ਹਟੇ ਤਾਂ ਉਸ ਨੂੰ ਸਖਤ ਤੋਂ ਸਖਤ ਜਵਾਬ ਦਿਉ।

799- ਅਸੀਂ ਕਿਸੇ ਦਾ ਹੱਕ ਮਾਰਦੇ ਨਹੀਂ, ਆਪਣੇ ਹੱਕਾਂ ਤੇ ਡਾਕਾ ਸਹਿਣ ਨਹੀਂ ਕਰਦੇ।

800- ਗੱਲ ਪਈਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਗਹਿਣੇ ਸਮਝਣਾ ਛੱਡ ਕੇ ਆਪਣੀ ਬਿਰਤੀ ਨੂੰ ਆਜ਼ਾਦੀ ਦਾ ਅਨੁਭਵ ਕਰਾਉ।

801- ਨੌਜਵਾਨਾਂ ਨੂੰ ਆਜ਼ਾਦੀ ਨਾਲ ਮੁੱਹਬਤ ਹੁੰਦੀ ਹੈ ਉਹ ਫਾਂਸੀ ਚੜ੍ਹਦੇ ਵੀ ਗਰਜਦੇ ਹਨ।

802- ਆਤਮ ਵਿਸ਼ਵਾਸ਼ੀ ਲੋਕਾਂ ਨਾਲ ਮੇਲ ਜੋਲ ਰੱਖੋ।

803- ਜਦੋਂ ਤੱਕ ਔਰਤ ਨੂੰ ਰਸੋਈ ਦੀ ਗੁਲਾਮੀ ਤੋਂ ਆਜ਼ਾਦ ਨਹੀਂ ਕੀਤਾ ਜਾਂਦਾ ਉਦੋਂ ਤੱਕ ਉਸ ਦੀ ਆਜ਼ਦੀ ਅਧੂਰੀ ਹੈ।

804- ਸੰਗੀਤ ਮਰਦ ਦੇ ਅੰਦਰ ਸ਼ੋਅਲੇ ਭੜਕਾ ਦਿੰਦਾ ਹੈ ਤੇ ਔਰਤ ਦੇ ਨੇਤਰਾਂ 'ਚੋਂ ਹੰਝੂ ਵਹਾ ਦਿੰਦਾ ਹੈ।

(ਚਲਦਾ)

## ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਵਿਖੇ ਸਲਾਨਾ ਮਹਾ ਉਤਸਵ ਦਾ ਆਯੋਜਨ





**ਫਗਵਾੜਾ (ਬੀ ਕੇ ਰੱਤੂ)** – ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਅੰਬੇਡਕਰ ਨਗਰ ਨੇੜੇ ਆਈ.ਟੀ.ਆਈ. ਸੁੰਢ ਵਿਖੇ ਸਲਾਨਾ ਮਹਾ ਉਤਸਵ ਕਰਵਾਇਆ ਗਿਆ। ਜਿਸ ਵਿਚ ਬਤੌਰ ਮੁੱਖ ਮਹਿਮਾਨ ਸੁਖਵਿੰਦਰ ਕੁਮਾਰ ਸੁੱਖੀ ਚੇਅਰਮੈਨ ਪਲਾਨਿੰਗ ਬੋਰਡ ਐਸ.ਬੀ.ਐਸ. ਨਗਰ ਪਹੁੰਚੇ ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨ ਵਾਲੇ ਮਹਿਮਾਨਾ ਵਿਚ ਐਡਵੋਕੇਟ ਕੁਲਦੀਪ ਭੱਟੀ ਪ੍ਰਧਾਨ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ, ਰਾਮ ਪ੍ਰਕਾਸ਼ ਜੱਖੂ ਯੂ.ਕੇ., ਸ੍ਰੀਮਤੀ ਗੀਤਾ ਸੰਧੀ ਯੂ.ਕੇ., ਪ੍ਰਵੀਨ ਬੰਗਾ ਬਸਪਾ ਆਗੂ, ਡਾ. ਪਰਮਜੀਤ ਭੰਗੂ ਆਦਿ ਸ਼ਾਮਲ ਸਨ। ਸਮਾਗਮ ਦਾ ਸ਼ੁਭ ਆਰੰਭ ਮੁੱਖ ਮਹਿਮਾਨਾਂ ਵਲੋਂ ਸ਼ਮਾ ਰੋਸ਼ਨ ਕਰਕੇ ਕਰਵਾਇਆ ਗਿਆ। ਇਸ ਮੌਕੇ ਸਕੂਲੀ ਵਿਦਿਆਰਥੀਆਂ ਵਲੋਂ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

ਜਿਸ ਵਿਚ ਗੀਤ, ਕਵਿਤਾ ਅਤੇ ਸੱਭਿਆਚਾਰਕ ਪ੍ਰੋਗਰਾਮਾ ਤੋਂ ਇਲਾਵਾ ਸਮਾਜਿਕ ਕੁਰੀਤੀਆਂ ਪ੍ਰਤੀ ਜਾਗਰੁਕ ਕਰਨ ਵਾਲੇ ਨਾਟਕ ਪੇਸ਼ ਕੀਤੇ ਗਏ ਜੋ ਕਿ ਵਿਸ਼ੇਸ਼ ਤੌਰ ਤੇ ਸਰਾਹੇ ਗਏ। ਮੁੱਖ ਮਹਿਮਾਨ ਸੁਖਵਿੰਦਰ ਕੁਮਾਰ ਸੁੱਖੀ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਸਿੱਖਿਆ ਇਕ ਅਜਿਹਾ ਗੁਣ ਹੈ ਜਿਸ ਨਾਲ ਜਿੰਦਗੀ ਵਿਚ ਹਰ ਮੰਜਿਲ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਦੌਰਾਨ ਵਧੀਆ ਕਾਰਗੁਜਾਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਪ੍ਰਿੰਸੀਪਲ ਓਮ ਸਿੰਘ ਤੋਮਰ ਨੇ ਸਕੂਲ ਦੀ ਸਲਾਨਾ ਰਿਪੋਰਟ ਪੜ੍ਹੀ। ਇਸ ਮੌਕੇ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਯੂ.ਕੇ. ਵਲੋਂ ਇਕ ਬੱਸ ਵੀ ਭੇਂਟ ਕੀਤੀ ਗਈ।

ਇਸ ਮੌਕੇ ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਮੋਹਨ ਲਾਲ ਸੁਮਨ, ਮਹਿੰਦਰ ਸੰਧੂ, ਉਂਕਾਰ ਖਾਟੀ, ਹਰਜਿੰਦਰ ਜੰਡਾਲੀ, ਬਲਵੀਰ ਸੰਧੀ, ਇੰਦਰਜੀਤ ਅਟਾਰੀ, ਦੀਨ ਦਿਆਲ ਅਟਾਰੀ, ਰਾਮ ਲੁਭਾਇਆ, ਚਰਨਜੀਤ, ਪਰਮਜੀਤ ਸੁਮਨ ਤੋਂ ਇਲਾਵਾ ਸਕੂਲ ਸਟਾਫ ਅਤੇ ਸਕੂਲੀ ਵਿਦਿਆਰਥੀ ਵੀ ਵੱਡੀ ਗਿਣਤੀ ਵਿਚ ਹਾਜਰ ਸਨ।

## ਮੇਹਟਾਂ ਸਕੂਲ ਵਿਖੇ ਜ਼ਿਲਾ ਪੱਧਰੀ ਬਾਲ ਵਿਗਿਆਨ ਕਾਂਗਰਸ ਸਬੰਧੀ ਮੁਕਾਬਲੇ



**ਫਗਵਾੜਾ (ਬੀ ਕੇ ਰੱਤੂ)**– ਜ਼ਿਲਾ ਸਿੱਖਿਆ ਅਫਸਰ (ਸੈ.ਸਿ.) ਕਪੂਰਥਲਾ ਰੂਪ ਲਾਲ ਰੂਪ ਸਟੇਟ ਅਵਾਰਡੀ ਦੇ ਦਿਸ਼ਾ ਨਿਰਦੇਸ਼ ਤਹਿਤ ਅਤੇ ਜ਼ਿਲਾ ਸਾਇੰਸ ਸੁਪਰਵਾਈਜਰ ਕਪੂਰਥਲਾ ਸ. ਗੁਰਸ਼ਰਨ ਸਿੰਘ ਦੀ ਅਗਵਾਈ ਵਿੱਚ 23ਵੀਂ ਬਾਲ ਵਿਗਿਆਨ ਕਾਂਗਰਸ ਸਬੰਧੀ ਮੁਕਾਬਲਿਆਂ ਦਾ ਆਯੋਜਨ ਮੁੱਖ ਮਹਿਮਾਨ ਸ਼੍ਰੀ ਅਵਤਾਰ ਸਿੰਘ ਮੰਡ ਸਾਬਕਾ ਜ਼ਿਲਾ ਪ੍ਰੀਸ਼ਦ ਮੈਂਬਰ ਦੀ ਪ੍ਰਧਾਨਗੀ ਹੇਠ ਸਰਕਾਰੀ ਹਾਈ ਸਕੂਲ, ਮੇਹਟਾਂ ਵਿਖੇ ਕੀਤਾ ਗਿਆ । ਜ਼ਿਲੇ ਭਰ ਦੇ ਵੱਖ ਵੱਖ ਸਕੂਲਾਂ ਤੋਂ 12 ਟੀਮਾਂ ਨੇ ਆਪਣੇ ਗਾਈਡ ਅਧਿਆਪਕਾਂ ਦੀ ਦੇਖ ਰੇਖ ਹੇਠ ਇਸ ਮੁਕਾਬਲੇ ਦੇ ਮੁੱਖ ਥੀਮ "ਮੌਸਮ ਅਤੇ ਜਲਵਾਯੂ ਨੂੰ ਸਮਝੋ" ਦੇ ਤਹਿਤ ਆਪਣੇ ਖੋਜ ਭਰਪੂਰ ਪ੍ਰੋਜੈਕਟ ਪ੍ਰਦਰਸ਼ਿਤ ਕੀਤੇ । ਵਿਸ਼ੇਸ਼ ਤੌਰ ਤੇ ਪਹੁੰਚੇ ਜ਼ਿਲਾ ਸਿੱਖਿਆ ਅਫਸਰ (ਸੈ.ਸਿ.) ਕਪੂਰਥਲਾ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਵਿਦਿਆਰਥੀਆਂ ਅੰਦਰ ਵਿਗਿਆਨਕ ਸੋਚ ਪੈਦਾ ਕਰਨ ਅਤੇ ਉਨ੍ਹਾਂ ਦੇ ਅੰਦਰ ਛੁਪੀ ਪ੍ਰਤਿਭਾ ਨੂੰ ਨਿਖਾਰਨ ਲਈ ਅਜਿਹੇ ਵਿਗਿਆਨਕ ਮੁਕਾਬਲੇ ਵਿਦਿਆਰਥੀ ਜੀਵਨ ਦਾ ਅਨਿਖੜਵਾਂ ਅੰਗ ਹਨ । ਜ਼ਿਲਾ ਸਾਇੰਸ ਸੁਪਰਵਾਈਜ਼ਰ ਕਪੂਰਥਲਾ ਨੇ ਵਿਦਿਆਰਥੀਆਂ ਦੁਆਰਾ ਪ੍ਰਦਰਸ਼ਿਤ ਕੀਤੇ ਖੋਜ ਭਰਪੂਰ ਪ੍ਰੋਜੈਕਟਾਂ ਦੀ ਸ਼ਲਾਘਾ ਕਰਦਿਆਂ ਜੇਤੂ ਵਿਦਿਆਰਥੀਆਂ ਨੂੰ ਆਪਣੇ ਪ੍ਰੋਜੈਕਟਾਂ ਵਿੱਚ ਹੋਰ ਸੁਧਾਰ ਕਰ ਕੇ ਸਟੇਟ ਪੱਧਰ ਦੇ ਇਨ੍ਹਾਂ ਮੁਕਾਬਲਿਆਂ ਵਿੱਚ ਹੋਰ ਮੱਲਾਂ ਮਾਰਨ ਲਈ ਉਤਸ਼ਾਹਿਤ ਕੀਤਾ । ਇਨ੍ਹਾਂ ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਮੁੱਖ ਅਧਿਆਪਕਾ ਸ਼੍ਰੀਮਤੀ ਕਮਲੇਸ਼ ਪੱਬੀ ਅਤੇ ਸਮੂਹ ਸਟਾਫ ਸ.ਹ.ਸ.ਮੇਹਟਾਂ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ । ਜੱਜਾਂ ਦੀ ਭੂਮਿਕਾ ਸ਼੍ਰੀਮਤੀ ਰਣਜੀਤ ਕੌਰ ਲੈਕਚਰਾਰ ਫਜਿਕਸ ਅਤੇ ਸ਼੍ਰੀਮਤੀ ਸ਼ਰੂਤੀ ਦੁੱਗਲ ਲੈਕਚਰਾਰ ਨੇ ਬਾਖੂਬੀ ਨਿਭਾਈ। ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਸ.ਅਵਤਾਰ ਸਿੰਘ ਮੰਡ, ਜ਼ਿਲਾ ਸਿੱਖਿਆ ਅਫਸਰ ਅਤੇ ਜ਼ਿਲਾ ਸਾਇੰਸ ਸੁਪਰਵਾਈਜ਼ਰ ਨੇ ਕੀਤੀ । ਜੂਨੀਅਰ ਵਰਗ ਦੇ ਮੁਕਾਬਲਿਆਂ ਵਿੱਚ ਸ.ਹ.ਸ.ਮੇਹਟਾਂ ਨੇ ਪਹਿਲਾ, ਸ.ਸ.ਸ.ਸ.ਲੱਖਪੁਰ ਨੇ ਦੂਜਾ ਅਤੇ ਸ਼੍ਰੀ ਗੁਰੂ ਅਮਰਦਾਸ ਸੀ.ਸੈ.ਸਕੂਲ ਉਚਾ ਬੇਟ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸੀਨੀਅਰ ਵਰਗ ਦੇ ਮੁਕਾਬਲਿਆਂ ਵਿੱਚ ਸ.ਸ.ਸ.ਸ.ਭੁਲਾਰਾਏ ਨੇ ਪਹਿਲਾ, ਗੁਰੁ ਅਮਰ ਦਾਸ ਪਬਲਿਕ ਸਕੂਲ ਉਚਾ ਬੇਟ ਨੇ ਦੂਜਾ ਅਤੇ ਸ.ਸ.ਸ.ਸ.(ਲੜਕੀਆਂ) ਫਗਵਾੜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮਾਗਮ ਵਿੱਚ ਪ੍ਰਿੰਸੀਪਲ ਸਤਪਾਲ ਸੋਢੀ, ਸੁਖਵੀਰ ਸਿੰਘ ਤੇ ਮਨਜੀਤ ਰਾਜ ਡੀ.ਐੱਸ.ਐੱਸ.ਟੀਮ ਮੈਂਬਰ, ਨਰੇਸ਼ ਕੋਹਲੀ, ਰਾਜੇਸ਼ ਭਨੋਟ, ਸਤੀਸ਼ ਕੁਮਾਰ, ਦਵਿੰਦਰ ਪੱਬੀ, ਰਾਜਨ ਚੋਪੜਾ, ਲੰਬੜਦਾਰ ਕਸ਼ਮੀਰ ਸਿੰਘ, ਬਲਬੀਰ ਸਿੰਘ ਨੇ ਉਚੇਚੇ ਤੌਰ ਤੇ ਸ਼ਾਮਿਲ ਹੋ ਕੇ ਇਨ੍ਹਾਂ ਮੁਕਾਬਲਿਆਂ ਨੂੰ ਸਫਲ ਬਣਾਇਆ । ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਅਮਰਦੀਪ ਸਿੰਘ ਨੇ ਬਾਖੂਬੀ ਨਿਭਾਈ ।

## ਮਾਨ ਨੇ ਪੰਜਾਬ ਕਾਂਗਰਸ ਦੇ ਨਵੇਂ ਚੁਣੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਦਿੱਲੀ 'ਚ ਕੀਤੀ ਮੁਲਾਕਾਤ

### ਚੋਣ ਪ੍ਰਚਾਰ ਕਮੇਟੀ ਦੀ ਚੇਅਰ ਪਰਸਨ ਅੰਬਿਕਾ ਸੋਨੀ ਨੂੰ ਵੀ ਦਿੱਤੀ ਵਧਾਈ

**ਫਗਵਾੜਾ (ਬੀ ਕੇ ਰੱਤੂ)** – ਪਾਰਟੀ ਹਾਈ ਕਮਾਂਡ ਵਲੋਂ ਪੰਜਾਬ ਕਾਂਗਰਸ ਦੇ ਨਵੇਂ ਐਲਾਨੇ ਗਏ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਸਾਬਕਾ ਕੈਬਿਨੇਟ ਮੰਤਰੀ ਜੋਗਿੰਦਰ ਸਿੰਘ ਮਾਨ ਨੇ ਦਿੱਲੀ ਵਿਚ ਮੁਲਾਕਾਤ ਕਰਕੇ ਉਨ੍ਹਾਂ ਨੂੰ ਪ੍ਰਧਾਨ ਨਿਯੁਕਤ ਹੋਣ ਦੀ ਵਧਾਈ ਦਿੱਤੀ ਅਤੇ ਪੰਜਾਬ ਦੀ ਸਿਆਸਤ ਬਾਰੇ ਵਿਚਾਰ ਵਟਾਂਦਰਾ ਕੀਤਾ। ਦਿੱਲੀ ਤੋਂ ਮੋਬਾਇਲ ਫੋਨ ਤੇ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਉਹ ਬੀਤੇ ਦਿਨ ਦਿੱਲੀ 'ਚ ਹੀ ਇਕ ਨਿਜੀ ਸਮਾਗਮ ਵਿਚ ਵਿਅਸਤ ਸਨ ਅਤੇ ਅੱਜ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਚੋਣ ਪ੍ਰਚਾਰ ਕਮੇਟੀ ਦੀ ਐਲਾਨੀ ਗਈ ਚੇਅਰ ਪਰਸਨ ਅੰਬਿਕਾ ਸੋਨੀ ਨਾਲ ਵੀ ਮੁਲਾਕਾਤ ਕੀਤੀ ਹੈ ਅਤੇ ਦੋਵੇਂ ਹੀ ਆਗੂਆਂ ਨੂੰ ਬੁਕੇ ਭੇਂਟ ਕਰਕੇ ਵਧਾਈ ਦਿੱਤੀ ਹੈ। ਮਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਲੋਕਾਂ ਦੇ ਮਨਭਾਉਂਦੇਂਗੂ ਹਨ ਅਤੇ ਪੁਰਾਣੇ ਤੇ ਸੁਲਝੇ ਹੋਏ ਸਿਆਸਤਦਾਨ ਹਨ ਜਿਨ੍ਹਾਂ ਲੋਕਸਭਾ ਚੋਣਾਂ ਵਿਚ ਅੰਮ੍ਰਿਤਸਰ ਸੀਟ ਤੋਂ ਭਾਜਪਾ ਦੇ ਸਿਰਕੱਢ



ਆਗੂ ਅਰੁਣ ਜੇਤਲੀ ਨੂੰ ਕਰਾਰੀ ਸ਼ਿਕਸਤ ਦੇ ਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ ਅਤੇ ਯਕੀਨੀ ਤੌਰ ਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਨਵੇਂ ਜੋਸ਼ ਨਾਲ 2017 ਦੀਆਂ ਵਿਧਾਨਸਭਾ ਚੋਣਾਂ ਵਿਚ ਹਿੱਸਾ ਲਵੇਗੀ ਅਤੇ ਅਕਾਲੀ-ਭਾਜਪਾ ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਹੋਣਗੀਆਂ। ਇਕ ਸਵਾਲ ਦੇ ਜੁਆਬ ਵਿਚ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਪੰਜਾਬ ਵਿਚ ਕੋਈ ਅਧਾਰ ਨਹੀਂ ਹੈ ਤੇ ਨਾ ਹੀ ਕੋਈ ਲੀਡਰਸ਼ਿਪ ਹੈ ਲੋਕਾਂ ਵਿਚ ਇਹ ਪਾਰਟੀ ਚੋਣਾਂ ਤੋਂ ਪਹਿਲਾਂ ਹੀ ਵਿਸ਼ਵਾਸ ਗੁਆ ਚੁੱਕੀ ਹੈ ਅਤੇ ਕਾਂਗਰਸ ਪਾਰਟੀ ਦਾ ਸਿੱਧਾ ਮੁਕਾਬਲਾ ਅਕਾਲੀ-ਭਾਜਪਾ ਨਾਲ ਹੋਵੇਗਾ ਜਿਸ ਵਿਚ ਕਾਂਗਰਸ ਦੀ ਸ਼ਾਨਦਾਰ ਜਿਤ ਯਕੀਨੀ ਹੈ। ਇਸ ਮੌਕੇ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਅਤੇ ਵਿਧਾਇਕ ਨਵਤੇਜ ਸਿੰਘ ਚੀਮਾ ਤੋਂ ਇਲਾਵਾ ਯੂਥ ਕਾਂਗਰਸ ਪੰਜਾਬ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਲਾਲੀ, ਸੂਬਾ ਸਕੱਤਰ ਜਗਜੀਤ ਸਿੰਘ ਬਿੱਟੂ, ਮੁਨੀਸ਼ ਭਾਰਦਵਾਜ ਮੈਂਬਰ ਪੀ.ਪੀ.ਸੀ., ਸ਼ਹਿਰੀ ਪ੍ਰਧਾਨ ਸੰਜੀਵ ਬੁਗਾ, ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ, ਹਰਜੀ ਮਾਨ ਤੇ ਸਨੀ ਬਾਂਸਲ ਆਦਿ ਵੀ ਹਾਜਰ ਸਨ।

# ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ



ਗੁਰੂ ਘਰ ਵਿਖੇ ਆਉਣ ਵਾਲੇ ਸਮੇਂ ਵਿਚ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਪ੍ਰੋਗਰਾਮਾਂ ਦਾ ਵੇਰਵਾ

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ



## ਭਾਈ ਜੈਤਾ ਜੀ (ਸ਼ਹੀਦ ਭਾਈ ਜੀਵਨ ਸਿੰਘ) ਜੀ ਦਾ ਸ਼ਹੀਦੀ ਦਿਹਾੜਾ

ਭਾਈ ਜੈਤਾ ਜੀ (ਸ਼ਹੀਦ ਭਾਈ ਜੀਵਨ ਸਿੰਘ ਜੀ) ਦਾ ਸ਼ਹੀਦੀ ਦਿਹਾੜੇ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ 04 ਦਸੰਬਰ 2015 ਸ਼ੁੱਕਰਵਾਰ ਸਵੇਰੇ 10 ਵਜੇ, ਭੋਗ 06 ਦਸੰਬਰ 2015 ਐਤਵਾਰ 10 ਵਜੇ। ਉਪਰੰਤ ਭਾਈ ਜਸਵੰਤ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕੀਰਤਨ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ।

ਸੇਵਾ- ਪ੍ਰਦੀਪ ਕੁਮਾਰ ਅਤੇ ਪਰਿਵਾਰ ਅਤੇ ਰਾਜ ਕੁਮਾਰ ਸੂਦ ਅਤੇ ਪਰਿਵਾਰ

## ਨਵੇਂ ਸਾਲ ਦੀ ਖੁਸ਼ੀ ਵਿਚ ਕੀਰਤਨ ਦੀਵਾਨ

ਨਵੇਂ ਸਾਲ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ 29 ਦਸੰਬਰ 2015 ਮੰਗਲਵਾਰ ਸਵੇਰ 10 ਵਜੇ ਭੋਗ 31 ਦਸੰਬਰ 2015 ਵੀਰਵਾਰ ਸਵੇਰੇ 10 ਵਜੇ ਉਪਰੰਤ ਕੀਰਤਨ ਦੀਵਾਨ ਹੋਣਗੇ।

ਸੇਵਾ: ਜਤਿੰਦਰ ਸਿੰਘ ਥਿੰਦ ਅਤੇ ਪਰਿਵਾਰ, ਪਵਨ ਸਿੰਘ ਪੰਮਾ ਅਤੇ ਪਰਿਵਾਰ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 639ਵੇਂ ਪ੍ਰਕਾਸ਼ ਦਿਹਾੜੇ ਅਤੇ 16ਵੇਂ ਨਗਰ ਕੀਰਤਨ ਦੀ ਖੁਸ਼ੀ ਵਿਚ ਹਫਤਾਵਾਰੀ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਸੇਵਾ ਲੈਣ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।

31 ਦਸੰਬਰ 2015 ਨੂੰ ਸ਼ਾਮ ਦੇ ਦੀਵਾਨ ਵਿਚ ਕੀਰਤਨ ਦਰਬਾਰ ਸ਼ਾਮ 7 ਵਜੇ ਤੋਂ ਲੈ ਕੇ ਨਵੇਂ ਸਾਲ 2016 ਦੀ ਆਮਦ ਤੱਕ ਚੱਲੇਗਾ।

### ਹੋਰ ਜਾਣਕਾਰੀ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ

ਜੱਸੀ ਬੰਗਾ 916-796-5003
ਦਰਸ਼ਨ ਵਿਰਕ 916-228-0540
ਸਤਨਾਮ ਮੰਢਾਲੀ 916-803-0108
ਜੋਗਿੰਦਰ ਚੁੰਬਰ 916-582-1611
ਬਲਵਿੰਦਰ ਰੱਲ੍ਹ 916-425-2707
ਜੱਸੀ ਸ਼ੀਮਾਰ (ਪੀ. ਆਰ. ਓ.) 916-293-6030

**Shri Guru Ravidass Temple Rio Linda, Sacramento**
**6221-16th Street Rio Linda, CA 95673, Phone 916-992-1710**



ਜੈ ਜੈ ਵਾਲਮੀਕੀ
ਹਰ ਹਰ ਵਾਲਮੀਕੀ



ਭਗਵਾਨ ਵਾਲਮੀਕ ਜੀ

# ਬਾਬਾ ਜੀਵਨ ਸਿੰਘ ਨੌਜਵਾਨ ਸਭਾ
ਕੈਲੀਫੋਰਨੀਆ ਯੂ.ਐਸ.ਏ.

# ਮਹਾਰਿਸ਼ੀ ਵਾਲਮੀਕ ਸਭਾ
ਯੂ.ਐਸ.ਏ.



ਭਗਵਾਨ ਵਾਲਮੀਕ ਜੀ

## ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ)
## ਸ਼ਹੀਦੀ ਦਿਵਸ 13 ਦਸੰਬਰ 2015, ਐਤਵਾਰ ਨੂੰ

ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਸ਼ਹੀਦੀ ਦਿਵਸ 13 ਦਸੰਬਰ 2015, ਐਤਵਾਰ ਨੂੰ ਬਹੁਤ ਹੀ ਸ਼ਰਧਾ ਅਤੇ ਪਿਆਰ ਸਹਿਤ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਇਸ ਮਹਾਨ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**ਪ੍ਰੋਗਰਾਮ**

ਪਾਠ ਸ਼੍ਰੀ ਜੋਗ ਵਸ਼ਿਸ਼ਟ ਜੀ:
13 ਦਸੰਬਰ 2015, ਐਤਵਾਰ ਸਵੇਰੇ 10 ਵਜੇ
ਸ਼ਬਦ ਕੀਰਤਨ: ਸਵੇਰੇ 11 ਵਜੇ
ਗੁਰੂ ਕਾ ਲੰਗਰ: ਬਾਅਦ ਦੁਪਹਿਰ 1 ਵਜੇ

**ਪ੍ਰਬੰਧਕ**

ਪ੍ਰਧਾਨ: ਰਵੀ ਪਾਲ ਸਿੰਘ 916-873-0310
ਉਪ ਪ੍ਰਧਾਨ: ਦੀਪ ਸਿੰਘ 925-339-0802
ਚੇਅਰਮੈਨ: ਭੁਪਿੰਦਰ ਸਿੰਘ 916-613-3311
ਸੈਕਟਰੀ: ਅਮਰਜੀਤ ਸਿੰਘ 916-842-8432
ਕੈਸ਼ੀਅਰ: ਬਲਬੀਰ ਧਾਰੀਵਾਲ 916-243-9017
ਉਪ ਕੈਸ਼ੀਅਰ: ਅਜਮੇਰ ਘਾਰੂ, ਅੰਮ੍ਰਿਤਪਾਲ ਸਿੰਘ, ਹਰਜੀਤ ਸਿੰਘ, ਕਰਨ ਨਾਹਰ, ਹੈਪੀ ਸਿੰਘ।

**ਗਾਇਕ**

» ਸੁਖਦੇਵ ਸਾਹਿਲ
» ਭਾਈ ਜਸਵਿੰਦਰ ਸਿੰਘ
» ਭਾਈ ਅਮਰਜੀਤ ਸਿੰਘ
» ਸੁਲਤਾਨ ਅਖਤਰ
» ਭੁਪਿੰਦਰ ਭਿੰਦਾ
» ਅਮਰਜੀਤ ਸਿੰਘ

**Bhagwan Valmik Temple**
**84/86 Percy, Avenue Yuba City CA 95991**

"You must abolish your slavery yourselves. Do not depend for its abolition upon god or a superman. Remember that it is not enough that a people are numerically in the majority. They must be always watchful, strong and self-respecting to attain and maintain success. We must shape our course ourselves and by ourselves."

- Babasaheb Dr. B.R. Ambedkar



# We Join millions of followers of our revered

## ਬਾਬਾ ਸਾਹਿਬ ਡਾ.ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 6 ਦਸੰਬਰ, 2015 ਨੂੰ 59ਵੇਂ ਮਹਾਂ ਪ੍ਰੀਨਿਰਵਾਣ ਦਿਵਸ ਤੇ ਨਿੱਘੀ ਸ਼ਰਧਾਂਜਲੀ





## RAM MURTI SAROAY

ਉਘੇ ਸਮਾਜ ਸੇਵਕ

**SAROAY INVESTMENT REALTY**

39039 Paseo Padre Parkway Suite
# 205 Fremont, CA 94538
Office: (510) 742-8120, Fax: (510) 742-8121
ramsaroay@hotmail.com

## Amrik Chand (CPA)

We are in this business since 1989.
Your satisfaction is our goal.

959 Corporate Way, Fremont, CA. 94539
Phone : 510-490-8200
Fax : 510-490-8202
Email : achand@pacbell.net

"Man is mortal. Everyone has to die some day or the other. But one must resolve to lay down one's life in enriching the noble ideals of self-respect and in bettering one's human life. We are not slaves. Nothing is more disgraceful for a brave man than to live life devoid of self-respect."

- Babasaheb Dr. B.R. Ambedkar



# We Join millions of followers of our revered



## ਬਾਬਾ ਸਾਹਿਬ
## ਡਾ. ਭੀਮਰਾਓ ਰਾਮਜੀ ਅੰਬੇਦਕਰ

ਜੀ ਦੇ 6 ਦਸੰਬਰ, 2015 ਨੂੰ 59ਵੇਂ ਮਹਾਂ ਪ੍ਰੀਨਿਰਵਾਣ ਦਿਵਸ ਤੇ ਸਵਰਗੀ ਸ੍ਰੀ ਲਾਹੌਰੀ ਰਾਮ ਜੀ (ਕਮਿਸ਼ਨਰ) ਦੇ ਸਮੂਹ ਪਰਿਵਾਰ ਵੱਲੋਂ ਨਿੱਘੀ ਸ਼ਰਧਾਂਜਲੀ



## ਸਵਰਗਵਾਸੀ ਕਮਿਸ਼ਨਰ ਲਾਹੌਰੀ ਰਾਮ ਜੀ ਦਾ ਪਰਿਵਾਰ

ਹਸਤ ਖੇਲਤ ਤੇਰੇ ਦਿਹੁਰੇ ਆਇਆ, ਭਗਤ ਕਰਤ ਨਾਮਾ ਪਕਰਿ ਉਠਾਇਆ,
ਹੀਨੜੀ ਜਾਤਿ ਮੇਰੀ ਜਾਦਿਮ ਗਇਆ, ਛੀਪੇ ਕੇ ਜਨਮਿ ਮੋਹੇ ਕਾਹੇ ਕੋਉ ਆਇਆ



# ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ
# 2650 Blaine Avenue Selma (CA) 93662



ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ ਵੱਲੋਂ ਸਤਿਗੁਰੂ ਨਾਮਦੇਵ ਜੀ ਦੇ ਪ੍ਰਕਾਸ਼ ਉਤਸਵ ਸਮਾਗਮ 28 ਨਵੰਬਰ 2015 ਦਿਨ ਸ਼ਨਿਚਰਵਾਰ ਨੂੰ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਰਸ ਭਿੰਨਾ ਕੀਰਤਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਅਵਤਾਰ ਸਿੰਘ ਭਾਟੀਆ ਜੀ ਤੋਂ ਇਲਾਵਾ ਭਾਈ ਹਰਬਲਾਸ ਸਿੰਘ ਜੀ ਤੇ ਬੀਬੀ ਨਰ ਜੀ ਆਦਿ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸ੍ਰੀ ਰਾਜਿੰਦਰ ਗੰਗੜ ਨੇ ਵੀ ਆਪਣੇ ਵਿਚਾਰ ਰੱਖੇ। ਪ੍ਰੋਗਰਾਮ ਦੀ ਸਾਰੀ ਸੇਵਾ ਸਵਰਗਵਾਸੀ ਸ੍ਰੀ ਸੰਤ ਰਾਮ ਨਰ ਅਤੇ ਸਮੂਹ ਪਰਿਵਾਰ ਅਤੇ ਅਜੈ ਕੁਮਾਰ ਨਰ (ਪੀਟਾ ਗੀਤਕਾਰ) ਨੇ ਧਾਰਮਿਕ ਗੀਤ ਗਾਏ।

















S. N. Transport (Salinder Narr) 1326 Sarah ST.Selma, CA 93662 (559-288-2231)

# ਗਣਤੰਤਰ ਦਿਨ
# 26 ਨਵੰਬਰ ਜਾਂ 26 ਜਨਵਰੀ?



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਬੇਸ਼ੱਕ ਅਸੀਂ 26 ਨਵੰਬਰ ਨੂੰ ਵੀ ਭਾਰਤੀ ਸੰਵਿਧਾਨ ਦੀ ਚਰਚਾ ਕੀਤੀ ਅਤੇ ਸੰਵਿਧਾਨ ਦੀ ਮੂਲ ਧਾਰਨਾ ਸਾਡਾ ਵਿਸ਼ਾ ਰਿਹਾ। ਪ੍ਰੰਤੂ ਸਾਡੇ ਸਾਹਮਣੇ 26 ਨਵੰਬਰ ਨੂੰ ਇਹ ਸਵਾਲ ਖੜ੍ਹਾ ਹੋ ਗਿਆ ਕਿ ਗਣਤੰਤਰ ਦਿਨ ਤਾਂ 26 ਜਨਵਰੀ 1950 ਦਾ ਹੈ, ਫਿਰ 26 ਨਵੰਬਰ ਦੀ ਕੀ ਅਰਥ? ਇਹ ਪ੍ਰਸ਼ਨ ਕਾਮਰੇਡ ਯੈਚੁਰੀ ਤੇ ਹੋਰਨਾਂ ਨੇ ਵੀ ਉਠਾਇਆ। ਇਹ ਤੱਥ ਵੀ ਸਾਹਮਣੇ ਆਇਆ ਕਿ 26 ਨਵੰਬਰ ਨੂੰ ਤਾਂ ਸੰਵਿਧਾਨ ਪਾਸ ਹੋ ਕੇ ਸਾਹਮਣੇ ਆਇਆ ਸੀ। ਪਰ 26 ਨਵੰਬਰ ਇਸਦੇ ਲਾਗੂ ਹੋਣ ਦਾ ਦਿਨ ਨਹੀਂ ਹੈ। ਉਦੋਂ ਅਜੇ ਤੱਕ ਬਰਤਾਨਵੀ ਗਵਰਨਰ ਜਨਰਲ ਦੀ ਹਕੂਮਤ ਚੱਲ ਰਹੀ ਸੀ। ਉਦੋਂ ਤੱਕ 15 ਅਗਸਤ 1947 ਹੀ ਲਾਗੂ ਸੀ। ਜੋ ਟਰਾਂਸਫਰ ਆਫ ਪਾਵਰ ਐਕਟ ਦੇ ਅਧੀਨ ਸੀ। ਜੋ ਰਾਜਨੀਤਿਕ ਤਾਕਤ ਦਾ ਬਦਲਾਅ ਸੀ ਮਹਿਜ਼। ਭਾਵ ਉਹ ਅਹਿਦਨਾਮਾ ਸੀ ਜੋ ਭਾਰਤ ਦੀ ਰਾਜਸੀ ਸ਼ਕਤੀ ਬਰਤਾਨਵੀ ਹਕੂਮਤ ਦੀ ਥਾਂ ਪੰਡਤ ਨਹਿਰੂ ਰਾਹੀਂ ਭਾਰਤੀਆਂ ਦੇ ਹਵਾਲੇ ਕਰਦਾ ਸੀ। ਪੂਰੀ ਆਜ਼ਾਦੀ ਨਹੀਂ ਸੀ ਦਿੰਦਾ। 1947 ਤੋਂ ਬਾਅਦ ਸੰਵਿਧਾਨ ਦਾ ਲਿਖਿਆ ਜਾਣਾ ਸ਼ੁਰੂ ਹੋਇਆ। ਜਿਸਨੂੰ ਕਰੀਬ ਤਿੰਨ ਸਾਲ ਲੱਗੇ ਪੂਰੇ ਹੋਣ 'ਤੇ। 7 ਮੈਂਬਰਾਂ ਦੀ ਕਮੇਟੀ ਬਣੀ, ਜਿਸਦੇ ਮੁਖੀਆ ਸਨ ਡਾ. ਅੰਬੇਡਕਰ। ਕਿਉਂਕਿ ਬਾਕੀ ਸਾਰੇ ਮੈਂਬਰ ਕਰੀਬ ਪੂਰਾ ਸਮਾਂ ਹੀ ਸੰਵਿਧਾਨ ਘੜਨ ਦੇ ਕੰਮ ਤੋਂ ਗੈਰ ਹਾਜ਼ਰ ਰਹੇ। ਇਸ ਕਾਰਨ ਸਾਰਾ ਕੰਮ ਅੰਬੇਡਕਰ ਨੂੰ ਹੀ ਕਰਨਾ ਪਿਆ। ਇਸ ਦੀ ਪੁਣਛਾਣ ਤੇ ਅਦਲ ਬਦਲ ਲਈ ਇਕ ਸੰਵਿਧਾਨ ਸਭਾ ਵੀ ਬਣਾਈ ਗਈ ਸੀ ਜੋ ਲਗਾਤਾਰ ਬੈਠਕਾਂ ਕਰਕੇ ਸੰਵਿਧਾਨ ਦੇ ਪੱਖਾਂ ਤੇ ਚਰਚਾ ਕਰਦੀ ਰਹੀ ਅਤੇ ਮੁੱਦਿਆਂ ਨੂੰ ਲੋੜ ਅਨੁਸਾਰ ਜਾਂਚ ਕੇ ਪਾਸ ਕਰਦੀ ਰਹੀ।

ਅੰਬੇਡਕਰ ਦੇ ਆਪਣੇ ਕਥਨ ਅਨੁਸਾਰ, ਇਕ ਦੋ ਖਾਸ ਮੈਂਬਰ ਵੀ ਸਨ ਜਿਹਨਾਂ ਨੇ ਆਪਣੀ ਹਾਜਰੀ ਤਾਂ ਲਗਾਤਾਰ ਨਾ ਬਣਾਈ ਪ੍ਰੰਤੂ ਅੰਬੇਡਕਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਦੇ ਰਹੇ। ਬਹੁਤ ਸਾਰੇ ਲੋਕਾਂ ਨੇ ਸਲਾਹ ਮਸ਼ਵਰਾ ਤੇ ਮੁੱਦੇ ਵੀ ਰੱਖੇ। ਜੋ ਵਿਚਾਰੇ ਵੀ ਗਏ ਤੇ ਪਾਸ ਵੀ ਹੋਏ, ਨਾ ਵੀ ਹੋਏ। ਅੰਬੇਡਕਰ ਨੇ ਸਾਰਾ ਮਸੌਦਾ ਆਪਣੇ ਹੱਥੀਂ ਟਾਈਪ ਕੀਤਾ। ਜੋ ਸਾਬਤ ਕਰਦਾ ਹੈ ਕਿ ਉਹਨਾਂ ਦੀ ਨਿੱਜੀ ਭੂਮਿਕਾ ਸਭ ਤੋਂ ਵਧੇਰੇ ਸੀ ਅਤੇ ਇਸਨੂੰ ਉਹ ਆਪਣੀ ਵੱਡੀ ਜ਼ਰੂਰਤ ਵੀ ਮੰਨ ਕੇ ਕੰਮ ਕਰਦੇ ਰਹੇ। ਕਿਉਂਕਿ ਸ਼ੂਦਰਾਂ ਅਤੇ ਔਰਤਾਂ ਨੂੰ ਸਵਰਨ ਜਾਤੀਆਂ ਦੇ ਬਰਾਬਰ ਲਿਆ ਖੜ੍ਹਾ ਕਰਨਾ ਉਹਨਾਂ ਦਾ ਵਿਸ਼ੇਸ਼ ਉਦੇਸ਼ ਸੀ। ਹਾਲਾਂਕਿ ਇਸ ਅਸਲੀ ਉਦੇਸ਼ ਨੂੰ ਹੋਰ ਕੂੜ ਕਵਾੜ ਜਮਾਂ ਹੋਣ ਕਾਰਨ ਨਾ ਸ਼ੂਦਰ ਜਾਣ ਸਕੇ ਅਤੇ ਨਾ ਔਰਤਾਂ। ਸਾਰੇ ਥਾਂ-ਥਾਂ ਪਏ ਕਰੋੜਾਂ ਭਗਵਾਨਾਂ ਦਾ ਸ਼ੁਕਰੀਆ ਕਰਨ ਦੌੜਦੇ ਰਹੇ। ਪ੍ਰੰਤੂ ਅੰਬੇਡਕਰ ਆਪਣੇ ਇਸ ਉਦੇਸ਼ ਨੂੰ ਪੂਰਾ ਕਰਨ ਲਈ ਉਹ ਜੋਰਦਾਰ ਤੇ ਅਣਥੱਕ ਕੰਮ ਕਰਦੇ ਰਹੇ। ਉਹਨਾਂ ਨੂੰ ਇਹ ਮੌਕਾ ਵੀ ਮਿਲਿਆ, ਜਦੋਂ ਉਹਨਾਂ ਨੇ ਸੰਸਾਰ ਦੇ ਸੰਵਿਧਾਨਾਂ, ਕਾਨੂੰਨਾਂ ਨੂੰ ਪ੍ਰਸੰਗਿਕ ਵੀ ਕੀਤਾ ਅਤੇ ਚਰਚਾ ਕੀਤੀ। ਮਹੱਤਵਪੂਰਨ ਗੱਲਾਂ ਨੂੰ ਸੰਵਿਧਾਨ ਦਾ ਹਿੱਸਾ ਬਣਾਇਆ ਗਿਆ ਅਤੇ ਬਾਬਾ ਸਾਹਿਬ ਨੇ ਬਹੁਤ ਬਰੀਕੀ ਨਾਲ ਇਹ ਵੇਖਿਆ ਕਿ ਉਹ ਆਪਣੇ ਉਦੇਸ਼ ਨੂੰ ਪੂਰੇ ਭਾਰਤ ਦੀ ਆਜ਼ਾਦੀ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਮਨਸੂਬੇ ਅਧੀਨ ਪੂਰਾ ਕਰ ਸਕਣ। ਅਜਿਹਾ ਉਹਨਾਂ ਕੀਤਾ। ਉਹਨਾਂ ਨੇ ਭਾਰਤ ਦੇ ਸਮੁੱਚੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਸਾਹਮਣੇ ਰੱਖਿਆ, ਪ੍ਰੰਤੂ ਦੇਸ਼ ਦੀ ਸ਼ੂਦਰ ਬਹੁਗਿਣਤੀ ਦੇ ਵਿਸ਼ੇਸ਼ ਅਧਿਕਾਰਾਂ ਦੇ ਮਸਲੇ ਨੂੰ ਕਿਧਰੇ ਵੀ ਗੁੰਮ ਨਹੀਂ ਹੋਣ ਦਿੱਤਾ।

ਮੈਂ ਸੰਵਿਧਾਨ ਦੀਆਂ ਧਾਰਾਵਾਂ ਵਿਚੋਂ ਗੁਜ਼ਰਤਾ ਹਾਂ ਤਾਂ ਦੇਖਦੇ ਹਾਂ ਕਿ ਮਹੱਤਵਪੂਰਨ ਸਭ ਧਾਰਾਵਾਂ ਦੀ ਦਿਸ਼ਾ ਨੂੰ ਹਜ਼ਾਰਾਂ ਸਾਲਾਂ ਦੇ ਗੁਲਾਮ ਅਤੇ ਦੱਬੇ ਕੁਚਲੇ ਵਰਗ ਦੇ ਹਿੱਤ ਵੱਲ ਕਿਵੇਂ ਟਿਕਾਇਆ ਗਿਆ ਹੈ।

ਉਹਨਾਂ ਨੇ ਸਾਂਝੀ ਆਜ਼ਾਦੀ ਵਿਚ, ਮਨੁੱਖੀ ਬਰਾਬਰੀ, ਭਾਈਚਾਰੇ ਅਤੇ ਵਿਸ਼ੇਸ਼ ਆਜ਼ਾਦੀ ਨੂੰ ਹੱਥੋਂ ਖਿਸਕਣ ਨਹੀਂ ਦਿੱਤਾ। ਇਕ ਇਕ ਸ਼ਬਦ ਮਾਪ ਤੋਲ ਕੇ ਰੱਖਿਆ ਗਿਆ ਹੈ।

ਕਿਉਂਕਿ ਸੰਵਿਧਾਨਕ ਅਧਿਕਾਰਾਂ ਦਾ ਸਵਾਲ ਉਹਨਾਂ ਸਵਰਨ ਤੇ ਤਾਕਤਵਰ ਜਾਤੀਆਂ ਅਤੇ ਲੋਕਾਂ ਦਾ ਨਹੀਂ ਸੀ ਜੋ ਹਜ਼ਾਰਾਂ ਸਾਲ ਤੋਂ ਗੈਰ ਕੁਦਰਤੀ ਅਧਿਕਾਰ ਵੀ ਮਾਣ ਰਹੇ ਸਨ ਤੇ ਹਰੇਕ ਪ੍ਰਭੁਸੱਤਾ ਉਹਨਾਂ ਪਾਸ ਹੀ ਸੀ। ਅਸੀਂ ਕਹਿ ਸਕਦੇ ਹਾਂ ਕਿ ਸੰਵਿਧਾਨਕ ਅਧਿਕਾਰ ਇਹਨਾਂ ਉੱਚ ਜਾਤੀਆਂ ਅਤੇ ਲੋਕਾਂ ਦਾ ਕੋਈ ਮਸਲਾ ਹੀ ਨਹੀਂ ਸੀ ਜੋ ਮਜੇ ਨਾਲ ਅਧਿਕਾਰ ਮਾਣ ਰਹੇ ਸਨ। ਵਰਤ ਰਹੇ ਸਨ ਸਗੋਂ ਪੂਰੀ ਧੌਂਸ ਨਾਲ ਵਰਤ ਰਹੇ ਸਨ। ਬਾਕੀ ਵਿਸ਼ਾਲ ਗਿਣਤੀ ਨੂੰ ਗੁਲਾਮ ਰੱਖ ਕੇ। ਪਰ ਇਹ ਗਿਣਤੀ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ, ਨੀਵੀਆਂ ਜਾਤੀਆਂ ਤੇ ਸ਼ਕਤੀਹੀਣ ਬੇਸਹਾਰਾ ਲੋਕਾਂ ਦੇ ਬਰਾਬਰ ਦੀ ਗੁਲਾਮ ਬਣੀ ਜਾਂ ਇਹ ਕਹੋ ਕਿ ਪਹਿਲੀ ਵਾਰ ਸੀ ਕਿ ਅੰਗਰੇਜ਼ੀ ਸ਼ਾਸਨ ਵਿਚ ਮਾਲਕ ਜਾਤੀਆਂ ਵੀ ਬਾਕੀਆਂ ਵਾਂਗ ਗੁਲਾਮ ਸਨ। ਤੇ ਕਾਨੂੰਨ ਸਭ ਤੇ ਬਰਾਬਰ ਲਾਗੂ ਹੁੰਦਾ ਸੀ ਨਿਮਨ ਵਰਗਾਂ ਤੇ ਵੀ ਅਤੇ ਤਾਕਤਵਰ ਉਚੇ ਵਰਗਾਂ 'ਤੇ ਵੀ। ਇਸ ਕਰਕੇ ਨਿਮਨ ਵਰਗਾਂ ਨੇ ਪਹਿਲੀ ਵਾਰ, ਅੰਗਰੇਜ਼ੀ ਸ਼ਾਸਨ ਵਿਚ ਆਜ਼ਾਦੀ ਦਾ ਅਹਿਸਾਸ ਕੀਤਾ। ਜਦੋਂ ਉਚੀਆਂ ਜਾਤੀਆਂ ਸੀਨਾ ਜ਼ੋਰੀ ਵਰਤਣ ਤੋਂ ਗੁਰੇਜ਼ ਕਰਦੀਆਂ ਦਿੱਖੀਆਂ। ਕਿਉਂਕਿ ਕਾਨੂੰਨ ਸਜ਼ਾ ਲਈ ਤਿਆਰ ਸੀ। ਤਾਂ ਵੀ ਅਸੀਂ ਦੇਖਦੇ ਹਾਂ ਕਿ ਤਾਕਤਵਰ ਹੋਣ ਕਾਰਨ, ਧਰਮ ਦੀ ਆੜ ਵਿਚ, ਆਰਥਿਕ ਮਜ਼ਬੂਤੀ ਕਾਰਨ ਕੁਝ ਪੜ੍ਹੇ ਲਿਖੇ ਹੋਣ ਕਾਰਨ, ਇਹਨਾਂ ਉਤਲੇ ਵਰਗਾਂ ਨੇ ਆਪਸੀ ਆਜ਼ਾਦੀ ਖਾਸ ਕਰਕੇ ਪਿੰਡਾਂ ਵਿਚ ਬਰਕਰਾਰ ਰੱਖੀ। ਦਬਾਅ ਬਣਾਈ ਰੱਖਿਆ, ਜੋ ਮਾਨਸਿਕ ਤੌਰ ਤੇ ਆਜ਼ਾਦ ਲੋਕ ਸਨ ਉਹਨਾਂ ਨੇ।

ਡਾ. ਅੰਬੇਡਕਰ ਦੀ ਚਿੰਤਾ ਵਿਚ ਇਹਨਾਂ ਸ਼ਕਤੀਸ਼ਾਲੀ ਦੀ ਆਜ਼ਾਦੀ ਤੇ ਬਰਾਬਰੀ ਦਾ ਪ੍ਰਸ਼ਨ ਵੱਡਾ ਨਹੀਂ ਸੀ। ਵੱਡਾ ਪ੍ਰਸ਼ਨ ਸੀ ਹਜ਼ਾਰਾਂ ਸਾਲ ਤੋਂ ਗੁਲਾਮ ਬਣਾ ਕੇ ਰੱਖੇ ਸ਼ੂਦਰਾਂ ਅਤੇ ਸੌ ਫੀਸਦੀ ਔਰਤ ਵਰਗ ਦੀ ਆਜ਼ਾਦੀ ਤੇ ਬਰਾਬਰੀ ਦਾ/ ਸਮਾਜਿਕ ਭਾਈਚਾਰੇ ਦਾ ਜਿਸਦੇ ਨਾ ਹੋਣ ਕਾਰਨ ਇਹ ਵਰਗ ਕੁਚਲੇ ਗਏ, ਸਤਾਏ ਗਏ, ਦਰੜੇ ਗਏ, ਪੀਸੇ ਗਏ, ਵੰਚਿਤ ਰੱਖੇ ਗਏ। ਜੀਵਨ ਦੇ ਕਿਸੇ ਵੀ ਅਧਿਕਾਰ ਤੋਂ ਵਾਂਝੇ ਕੀਤੇ ਗਏ, ਜਬਰਦਸਤੀ, ਸੀਨਾਜ਼ੋਰੀ ਨਾਲ, ਜਾਤੀ ਧੌਂਸ ਨਾਲ, ਆਰਥਿਕ ਤਾਕਤ ਨਾਲ, ਧਰਮ ਦੀ ਆੜ ਵਿਚ।

ਬਾਬਾ ਸਾਹਿਬ ਸਾਹਮਣੇ ਮੂਲ ਪ੍ਰਸ਼ਨ ਇਹਨਾਂ ਦੀ ਮੁਕਤੀ ਦਾ ਸੀ। ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਪ੍ਰਸ਼ਨ ਦਾ ਸਬੰਧ ਉਤਲੀਆਂ ਕਾਬਜ ਆ ਰਹੀਆਂ ਜਾਤੀਆਂ ਨਾਲ ਤਾਂ ਬਹੁਤ ਘੱਟ ਸੀ। ਜੇ ਸੀ ਤਾਂ ਇੰਨਾ ਹੀ ਕਿ ਇਹਨਾਂ ਨੂੰ ਭਾਈਚਾਰਾ ਬਣਾਉਣ ਦੇ ਰਾਹ ਪਾਇਆ ਜਾਵੇ। ਆਜ਼ਾਦੀ, ਬਰਾਬਰੀ ਜਾਂ ਸਿੱਖਿਆ ਜਾਂ ਆਰਥਿਕ ਤਾਕਤ ਇਹਨਾਂ ਦਾ ਮਸਲਾ ਹੀ ਨਹੀਂ ਸੀ ਜੋ ਇਹ ਸਦਾ ਮਾਣਦੇ ਰਹੇ। ਅੱਜ ਵੀ ਜਦੋਂ ਉਚ ਅਦਾਲਤਾਂ ਨਿਰਣੇ ਕਰਦੀਆਂ ਹਨ ਤਾਂ ਆਸਾਨੀ ਨਾਲ ਸਮਝ ਲੱਗਦੀ ਹੈ ਕਿ ਉਹ ਇਹਨਾਂ ਵਰਗਾਂ ਦੀ ਆਜ਼ਾਦੀ ਅਤੇ ਬਰਾਬਰੀ ਦੇ ਸਵਾਲ ਨੂੰ, ਵੰਚਿਤ ਜਨਤਾ ਦੀ ਆਜ਼ਾਦੀ ਅਤੇ ਬਰਾਬਰੀ ਤੋਂ ਵੱਧ ਤਰਜੀਹ ਦਿੰਦੀਆਂ ਹਨ ਜੋ ਨਿਆਂ ਦੇ ਨਾਂ ਤੇ ਦਰੜੇ ਪੀਸੇ ਲੋਕਾਂ ਨਾਲ ਅੰਨਿਆ ਬਣ ਜਾਂਦਾ ਹੈ। ਕਿਉਂਕਿ ਜਿਹਨਾਂ ਦੇ ਬਰਾਬਰ ਵੰਚਿਤ ਜਨਤਾ ਭਾਵ ਭਾਵ ਸ਼ੂਦਰਾਂ ਅਤੇ ਔਰਤਾਂ ਨੂੰ ਖੜ੍ਹੇ ਕਰਨਾ ਸੀ, ਸੰਵਿਧਾਨ ਉਹਨਾਂ ਦੀ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਆਰਥਿਕ ਪ੍ਰਗਤੀ ਦੀ, ਸਮਾਜਿਕ ਪਛਾਣ ਦੀ, ਰਾਜਨੀਤਿਕ ਅਤੇ ਪ੍ਰਸ਼ਾਸਨਿਕ ਹਿੱਸੇਦਾਰੀ ਦੀ ਜਾਮਨੀ ਵਧੇਰੇ ਹੈ। ਬਨਿਸਬਤ ਕਾਬਜ ਜਾਤੀਆਂ ਦੇ। ਜਦੋਂ ਕੋਈ ਨਿਆਂ ਇਸ ਪੱਧਰ 'ਤੇ ਹੁੰਦਾ ਹੈ ਕਿ ਕਾਬਜ ਜਾਤੀਆਂ ਦੇ ਅਧਿਕਾਰਾਂ ਨੂੰ ਸੱਟ ਕਿਉਂ ਵੱਜੇ ਤਾਂ ਇਹ ਧਾਰਨਾ ਹੀ ਸੰਵਿਧਾਨ ਦੀ ਰੂਹ ਦੇ ਖਿਲਾਫ ਖੜ੍ਹਦੀ ਹੈ। ਇਕ ਬ੍ਰਾਹਮਣ, ਖੱਤਰੀ ਤੇ ਬਾਣੀਏ ਨੂੰ ਜਾਂ ਹੋਰ ਉਚ ਵਰਗਾਂ ਨੂੰ ਜਾਂ ਹੋਰ ਤਾਕਤਵਰ ਲੋਕਾਂ ਨੂੰ ਆਜ਼ਾਦੀ ਤੇ ਬਰਾਬਰੀ ਦੀ ਕਿਹੜੀ ਜ਼ਰੂਰਤ ਹੈ? ਉਹ ਤਾਂ ਇਹ ਸਭ ਮਾਣ ਰਹੇ ਸਨ। ਗੁਲਾਮੀ ਦੇ ਸਮੇਂ ਵਿਚ ਵੀ ਮਾਣਦੇ ਰਹੇ ਸਨ।

ਹਰ ਪ੍ਰਸ਼ਨ ਇੱਥੇ ਆ ਖੜ੍ਹਦਾ ਹੈ ਕਿ ਜਿਹਨਾਂ ਤੋਂ ਉਤਲੇ ਤਾਕਤਵਰ ਵਰਗਾਂ/ਜਾਤੀਆਂ ਨੇ ਖੋਹਿਆ ਤੇ ਮਾਣਿਆ, ਉਹਨਾਂ ਵੰਚਿਤਾਂ ਨੂੰ ਆਜ਼ਾਦੀ ਦੇਣਾ, ਬਰਾਬਰੀ ਦੇਣਾ ਮਕਸਦ ਸੀ ਅੰਬੇਡਕਰ ਦੇ ਸੀਨੇ ਵਿਚ। ਸਹੀ ਅਰਥਾਂ ਵਿਚ ਭਾਰਤੀ ਸੰਵਿਧਾਨ ਦਾ ਅਰਥ ਤੇ ਮਨੋਰਥ ਇਹ ਹੈ। ਪ੍ਰੰਤੂ ਉਚੇ ਵਰਗਾਂ ਅਤੇ ਉਚ ਅਦਾਲਤਾਂ ਨੇ ਜੋ ਮੰਨਿਆ ਉਹ ਉਲਟ। ਸਭ ਨੂੰ ਆਜ਼ਾਦੀ, ਬਰਾਬਰੀ ਤੇ ਪ੍ਰਗਤੀ ਦੀ ਆੜ ਵਿਚ, ਤਾਕਤ ਦੀ ਵਰਤੋਂ ਵਰਤੇ ਆਜ਼ਾਦ ਰਹੇ ਲੋਕਾਂ ਦੇ ਹੱਕਾਂ ਵਿਚ ਹੀ ਵਰਤੋਂ ਹੀ ਕੀਤੀ ਜਾਂਦੀ ਰਹੀ। ਜਿਸ ਕਰਕੇ ਪੀੜਤਾਂ ਨਾਲ ਅਨਿਆ ਹੁੰਦਾ ਰਿਹਾ, ਜਦੋਂ ਕਿ ਬਰਾਬਰੀ ਤੇ ਆਜ਼ਾਦੀ ਦਾ ਸੰਵਿਧਾਨਕ ਮੂਲ ਮਸਲਾ ਦੇਸ਼ ਦੇ ਸ਼ੂਦਰਾਂ ਭਾਵ ਐਸ. ਸੀ., ਐਸ. ਟੀ., ਓ. ਬੀ. ਸੀ. ਅਤੇ ਔਰਤਾਂ ਦਾ ਹੈ, ਜਿਹਨਾਂ ਲਈ ਵਿਧੀ ਵਿਧਾਨ ਵਿਚ ਹੀ ਨਹੀਂ, ਮੌਲਿਕ ਅਧਿਕਾਰਾਂ ਅਤੇ ਪ੍ਰਸਤਾਵਨਾ ਵਿਚ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

ਜਿਵੇਂ ਅਸੀਂ ਪੁੱਛ ਸਕਦੇ ਹਾਂ ਕਿ ਬ੍ਰਾਹਮਣ ਕਸ਼ੱਤਰੀ ਤੇ ਵੈਸ਼ ਵਰਗਾਂ ਜਾਂ ਹੋਰ ਤਾਕਤਵਰ ਰਹੇ ਲੋਕਾਂ ਨੂੰ ਬੁਨਿਆਦੀ ਅਧਿਕਾਰਾਂ ਦੀ ਕੀ ਜ਼ਰੂਰਤ ਹੈ? ਜੇ ਕਾਨੂੰਨ ਸਾਹਮਣੇ ਬਰਾਬਰੀ ਦਾ ਬੁਨਿਆਦੀ ਅਧਿਕਾਰ ਹੈ ਤਾਂ ਇਸਦਾ ਅਰਥ ਸਿਰਫ ਇਹ ਹੈ ਕਿ ਜੋ ਹੁਣ ਤੱਕ ਸਜਾ ਮੁਕਤ ਤੇ ਪ੍ਰਭੂ ਸੰਪੰਨ ਜਾਤੀਆਂ, ਕਿਸੇ ਵੀ ਗੁਨਾਹ ਦੀ ਸਜ਼ਾ ਤੋਂ ਮੁਕਤ ਰਹੀਆਂ ਹਨ, ਉਹ ਵੀ ਭਾਰਤੀ ਸੰਵਿਧਾਨਕ ਵਿਵਸਥਾ ਵਿਚ ਸਜ਼ਾ ਦੀਆਂ ਹੱਕਦਾਰ ਬਣਾ ਦਿੱਤੀਆਂ ਗਈਆਂ ਹਨ ਜੋ ਸ਼ੂਦਰਾਂ ਅਤੇ ਔਰਤਾਂ ਨੂੰ ਬਿਨਾਂ ਗੁਨਾਹ ਸਜ਼ਾਵਾਂ ਦਿੰਦੀਆਂ ਆਈਆਂ ਸਨ।

ਹੁਣ ਅਗਲਾ ਸਵਾਲ ਹੈ ਕਿ ਸੰਵਿਧਾਨ ਨੇ 26 ਜਨਵਰੀ ਨੂੰ ਲਾਗੂ ਹੋ ਜਾਣ ਦੇ ਨਾਲ ਹੀ ਪੁਰਾਤਨ ਸੰਸਕਾਰੀ ਵਿਧੀਆਂ ਅਤੇ ਲਿਖਤਾਂ ਨੂੰ ਰੱਦ ਕੀਤਾ ਤਾਂ ਕਿਉਂ? ਕਿਉਂਕਿ ਧਰਮ, ਰਸਮਾਂ ਸੰਸਕ੍ਰਿਤੀ, ਪ੍ਰਭੂ, ਦੈਵੀ ਸ਼ਕਤੀਆਂ, ਲਿਖਤੀ ਰੂਪ ਵਿਚ ਹੀ ਨਹੀਂ ਨਿੱਤ ਦੇ ਅਮਲ ਵਿਚ, ਸ਼ੂਦਰਾਂ ਅਤੇ ਔਰਤਾਂ ਨੂੰ ਬਿਨਾਂ ਕਾਰਨ, ਬਿਨਾਂ ਗੁਨਾਹ ਭਿਆਨਕ ਸਜ਼ਾਵਾਂ ਦਿੰਦੇ ਆਏ ਸਨ। ਜੇਕਰ ਇਹ ਕਾਇਮ ਰਹਿੰਦੇ ਸਨ ਤਾਂ ਸੰਵਿਧਾਨ ਦਾ ਅਰਥ ਮਤਲਬ ਬੇਕਾਰ ਹੋ ਜਾਣਾ ਸੀ। ਕਿਉਂਕਿ ਸੰਵਿਧਾਨ ਹੀ ਸਭ ਕੁਝ ਬਣ ਗਿਆ ਸੀ, ਪ੍ਰਵਾਨ ਕਰ ਲਿਆ ਗਿਆ ਸੀ। ਇਸ ਕਰਕੇ ਸਭ ਅੜਚਣਾਂ ਨੂੰ ਇਕੋ ਝਟਕੇ ਨਾਲ ਰੱਦ ਕਰ ਦਿੱਤਾ ਗਿਆ। ਜਿਸਦੇ ਸ਼ਾਨਦਾਰ ਨਤੀਜੇ ਨਿਕਲੇ। ਜੋ ਵੀ ਗੁਨਾਹਗਾਰ ਹੈ, ਧਰਮ, ਜਾਤੀ, ਵਰਣ, ਲਿੰਗ, ਨਸਲ, ਰੁਤਬੇ ਆਦਿ ਨੂੰ ਵੇਖੇ ਬਿਨਾਂ ਭਾਰਤੀ ਕਾਨੂੰਨ ਸਾਹਮਣੇ ਗੁਨਾਹਗਾਰ ਹੈ, ਸਜ਼ਾ ਤਹਿ ਹੈ। 26 ਜਨਵਰੀ 1950 ਨੂੰ ਰਾਸ਼ਟਰਪਤੀ ਨੂੰ ਬ੍ਰਾਹਮਣ ਵਜੋਂ ਮਾਨਤਾ ਨਹੀਂ ਮਿਲੀ। ਬਰਤਾਨਵੀ ਨੁਮਾਇੰਦੇ ਨੇ ਸੁਗੰਧ ਨਹੀਂ ਖੁਆਈ। ਸਗੋਂ ਭਾਰਤ ਦੇ ਚੀਫ ਜਸਟਿਸ ਨੇ ਰਾਸ਼ਟਰਪਤੀ ਨੂੰ ਸੁਗੰਧ ਚੁਕਾਈ ਅਤੇ ਇਹ ਐਲਾਨ ਹੋਇਆ ਕਿ ਭਾਰਤ ਦਾ ਆਜ਼ਾਦ ਸ਼ਾਸਨ, ਸਰਬ ਸਾਂਝੀ ਵੋਟ ਪ੍ਰਣਾਲੀ ਨਾਲ, ਇਕ ਬੰਦਾ ਇਕ ਵੋਟ ਤੇ ਇਕ ਬਰਾਬਰ ਉਸਦੀ ਕੀਮਤ ਦੇ ਸਿਧਾਂਤ ਅਨੁਸਾਰ ਚੁਣਿਆ ਜਾਵੇਗਾ। ਇਸਦਾ ਇਕ ਹੀ ਅਰਥ ਹੈ ਕਿ ਬ੍ਰਾਹਮਣ ਪ੍ਰਭੂ ਨਹੀਂ ਰਿਹਾ। ਕਸ਼ੱਤਰੀ ਬਾਹੂਬਲੀ ਨਹੀਂ ਰਿਹਾ। ਸੰਵਿਧਾਨ ਨੇ ਭਾਰਤ ਦੀ ਸਮੁੱਚੀ ਜਨਤਾ ਨੂੰ ਪ੍ਰਭੂ ਸੰਪੰਨ ਬਣਾ ਦਿੱਤਾ ਕਿ ਜੋ ਜਨਤਾ ਚਾਹੇਗੀ ਉਹੀ ਸ਼ਾਸਨ ਕਰੇਗਾ।

ਸੰਵਿਧਾਨ ਦੀ ਪਹਿਲੀ ਸਤਰ ਹੈ: "We the People of India, India that is Bharat" ਭਾਵ ਅਸੀਂ ਇੰਡੀਆ ਦੇ ਲੋਕ, ਇੰਡੀਆ ਜਿਸਦਾ ਅਰਥ ਹੈ ਭਾਰਤ (ਨਾ ਕਿ ਹਿੰਦੁਸਤਾਨ) ਅਗਰ ਕਿਸੇ ਨੇ ਅੰਬੇਡਕਰ ਨੂੰ ਜਾਨਣਾ ਸਮਝਣਾ ਹੈ ਤਾਂ ਇਹ ਇਕ ਸੱਤਰ ਹੀ ਬਹੁਤ ਹੈ। ਜਿਸਦਾ ਅਰਥ ਹੈ ਉਸ ਦਿਨ 26 ਜਨਵਰੀ 1050 ਨੂੰ ਪੱਕੇ ਤੌਰ 'ਤੇ ਹਿੰਦੁਸਤਾਨ ਦੇ ਸੰਕਲਪ ਨੂੰ ਖਾਰਜ ਕਰ ਦਿੱਤਾ ਗਿਆ। ਜਿਸਦਾ 1939 'ਚ ਆਰ. ਐਸ. ਐਸ. ਦੇ ਪ੍ਰਮੁੱਖ ਨੇ ਲਿਖਤੀ ਅਰਥ ਕੀਤਾ ਸੀ ਹਿੰਦੂ ਰਾਸ਼ਟਰ। ਕੇਵਲ ਹਿੰਦੂਆਂ ਦਾ ਦੇਸ਼।

ਅੰਬੇਡਕਰ ਦੀ ਦੂਰ ਦ੍ਰਿਸ਼ਟੀ ਨੇ ਜੋ ਕਮਾਲ ਦੀ ਰਚਨਾ ਕੀਤੀ, ਉਹ ਇਹ ਹੈ ਕਿ ਉਹਨਾਂ ਅਤੇ ਹੋਰ ਸਿਆਣਿਆਂ ਦੇ ਰਚੇ ਸੰਵਿਧਾਨ ਨੇ ਪਹਿਲੇ ਹੱਲੇ ਹੀ ਹਿੰਦੁਸਤਾਨ ਅਤੇ ਹਿੰਦੂ ਰਾਸ਼ਟਰ ਦੇ ਸੰਕਲਪ ਨੂੰ ਸਦਾ ਲਈ ਰੱਦ ਕਰ ਦਿੱਤਾ।

ਉਸਨੂੰ ਜੜ੍ਹਾਂ ਤੋਂ ਉਖਾੜ ਦਿੱਤਾ ਇਹ ਕਹਿ ਕੇ ਕਿ ਅਸੀਂ ਭਾਰਤ ਦੇ ਲੋਕ। ਜਿਸਦਾ ਅਰਥ ਹੈ ਅਸੀਂ ਸਭ ਜੋ ਕੇਵਲ ਹਿੰਦੂ ਨਹੀਂ ਹਾਂ। ਭਾਵ ਮੁਸਲਮਾਨ, ਸਿੱਖ, ਈਸਾਈ, ਬੋਧੀ, ਜੈਨੀ, ਸ਼ੂਦਰ, ਅਤੀ ਸ਼ੂਦਰ ਅਤੇ ਸਭ ਔਰਤਾਂ ਹਾਂ। ਜੋ ਕੇਵਲ ਹਿੰਦੂ ਨਹੀਂ ਹਨ ਪ੍ਰੰਤੂ ਨਾਗਰਿਕ ਹਨ। ਕਿਸਦੇ? ਹਿੰਦੁਸਤਾਨ ਦੇ ਨਹੀਂ, ਹਿੰਦੂ ਰਾਸ਼ਟਰ ਦੇ ਨਹੀਂ, ਕੇਵਲ ਤੇ ਕੇਵਲ ਭਾਰਤ ਦੇ। ਇਸੇ ਇਕ ਸੱਤਰ ਵਿਚ ਤੀਜੀ ਭਾਵਨਾ ਕੀ ਹੈ ਕਿ ਅਸੀਂ ਭਾਰਤ ਵਿਚ ਕੇਵਲ ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਹੀ ਨਹੀਂ ਹਾਂ, ਸਗੋਂ ਨੇਤਾ ਜੀ ਸੁਭਾਸ਼ ਚੰਦਰ ਬੋਸ ਵੀ ਹਿਟਲਰ ਕੋਲ ਬੈਠਾ ਰਿਹਾ। ਸਾਰੇ ਦੇ ਸਾਰੇ ਨਾਗਰਿਕ ਜਿਹਨਾਂ ਨੇ ਇਸ ਧਰਤੀ 'ਤੇ ਜਨਮ ਲਿਆ ਹੈ। ਅਸੀਂ ਸਭ ਪ੍ਰਭੂਸੰਪੰਨ ਹਾਂ। ਭਾਵ ਹੁਣ ਕੋਈ ਭਗਵਾਨ, ਕੋਈ ਦੇਵੀ ਦੇਵਤਾ, ਕੋਈ ਬ੍ਰਾਹਮਣ ਭਾਰਤ ਦਾ ਪ੍ਰਭੂ ਨਹੀਂ ਹੈ। ਹੁਣ ਪ੍ਰਭੂਤਾ ਦੀ ਸ਼ਕਤੀ ਭਾਰਤ ਦੀ ਸਮੁੱਚੀ ਜਨਤਾ ਵਿਚ ਹੈ। ਇਹ ਧਾਰਨਾ ਪ੍ਰਵਾਨ ਚੜ੍ਹਦਿਆਂ ਹੀ ਬ੍ਰਾਹਮਣ ਪ੍ਰਭੂ ਅਸਮਾਨ ਵਿਚੋਂ ਥੱਲੇ ਆ ਗਿਆ ਅਤੇ ਸ਼ੂਦਰ, ਅਤੀ ਸ਼ੂਦਰ, ਅਛੂਤ, ਹਰੀਜਨ, ਗਿਰੀਜਨ, ਪਛੜੇ, ਦੱਬੇ ਕੁਚਲੇ, ਲਤਾੜੇ ਮਰਦ ਅਤੇ ਔਰਤਾਂ ਸਭ ਬ੍ਰਾਹਮਣ ਪ੍ਰਭੂ ਦੇ ਬਰਾਬਰ ਹੀ ਨਹੀਂ ਪ੍ਰਭੂ ਭਾਵ ਈਸ਼ਵਰ ਦੇ ਵੀ ਬਰਾਬਰ ਸ਼ਕਤੀਸ਼ਾਲੀ ਹੋ ਗਏ। ਇਹ ਹੈ ਭਾਰਤੀ ਲੋਕਾਂ ਦੇ ਪ੍ਰਭੂ ਸੰਪੰਨ ਹੋਣ ਦਾ ਅਰਥ। ਅਗਰ ਅਸੀਂ ਹਿੰਦੂ ਰਾਸ਼ਟਰ ਅਤੇ ਬ੍ਰਾਹਮਣ ਵਰਗ ਦੀ ਕਸ਼ੱਤਰੀ ਤੇ ਵੈਸ਼ ਵਰਗ ਦੀ ਇੱਕਜੁਟ ਸ਼ਕਤੀ ਨੂੰ ਸਾਹਮਣੇ ਰੱਖ ਕੇ ਨਹੀਂ ਵੇਖਦੇ ਤਾਂ ਸੰਵਿਧਾਨ ਨੂੰ ਇਸਦੀ ਰੂਹ ਨੂੰ, ਇਸਦੀ ਬੁਨਿਆਦੀ ਭਾਵਨਾ ਨੂੰ ਨਹੀਂ ਸਮਝ ਸਕਦੇ।

ਇਹ ਵਾਕ ਅੱਗੇ ਗਣਰਾਜੀ ਲੋਕਤੰਤਰ ਸੰਘ (ਡੈਮੋਕਰੇਟਿਕ ਰੀਪਬਲਿਕ ਆਫ ਇੰਡੀਆ) ਨਾਲ ਪੂਰਨ ਹੁੰਦਾ ਹੈ। ਲੋਕਤੰਤਰ ਦਾ ਅਰਥ ਹੈ ਕਿ ਜੋ ਵੀ ਅਧਿਕਾਰ ਹਨ, ਉਹ ਬ੍ਰਾਹਮਣ, ਠਾਕਰ, ਵੈਸ਼, ਜ਼ਿੰਮੀਦਾਰ, ਕਾਰਖਾਨੇਦਾਰ ਆਦਿ ਤੋਂ ਲੈ ਕੇ ਬਸਤੀ ਦੇ ਅਛੂਤ ਮਰਦ ਔਰਤ ਤੱਕ ਇਕ ਬਰਾਬਰ ਹਨ। ਭਾਵ ਕਿਸੇ ਦੇ ਵੀ ਅਧਿਕਾਰਾਂ ਵਿਚਕਾਰ ਅਸਮਾਨਤਾ ਖੜ੍ਹੀ ਨਹੀਂ ਕੀਤੀ ਜਾ ਸਕਦੀ। ਯਾਦ ਰਹੇ ਕਿ ਹਿੰਦੂ ਰਾਸ਼ਟਰ ਦਾ ਸੰਕਲਪ ਹਿਟਲਰਸ਼ਾਹੀ 'ਤੇ ਅਧਾਰਿਤ ਸੀ ਜੋ ਲਿਖਤ ਰੂਪ ਵਿਚ ਸੀ ਤੇ ਆਰ. ਐਸ. ਐਸ. ਅਤੇ ਹਿੰਦੂ ਮਹਾਂਸਭਾ ਦਾ ਮੁੱਖ ਏਜੰਡਾ ਸੀ। ਜਿਸਦਾ ਅਰਥ ਨਿਕਲਦਾ ਹੈ ਆਰੀਅਨ ਨਸਲ ਵੱਲੋਂ ਯਹੂਦ ਨਸਲ ਦਾ ਮੁਕੰਮਲ ਖਾਤਮਾ। ਭਾਵ ਹਿੰਦੁਸਤਾਨ ਵਿਚੋਂ ਹਿੰਦੂਆਂ ਬਿਨਾਂ ਸਭ ਖਾਰਜ। ਭਾਰਤੀ ਸੰਵਿਧਾਨ ਦੀ ਲੋਕਤੰਤਰ ਪ੍ਰਣਾਲੀ ਨੇ 'ਬਾਕੀ ਸਭ ਨੂੰ' ਹੀ ਹਿੰਦੂ ਦੇ ਬਰਾਬਰ ਲਿਆ ਖੜ੍ਹਾ ਕੀਤਾ। 60 ਸਾਲ ਅੰਦਰ ਜੋ ਜਾਤੀ ਜਾਂ ਜਮਾਤੀ ਖੂਨ ਖਰਾਬਾ ਹੈ, ਇਸੇ ਹਿੰਦੂ ਸੰਕਲਪ ਨੂੰ ਕਾਇਮ ਕਰਨ ਦੇ ਮਨਸੂਬੇ ਕਾਰਨ ਹੈ। ਜੋ ਬਹੁਤ ਖੁੱਲ੍ਹਾ ਹੈ। ਬਿਨਾਂ ਲੁਕਾ ਛਿਪਾਅ ਦੇ। ਅੰਤਲੀ ਚੀਜ਼ ਹੈ ਗਣਰਾਜ। ਜਿੱਥੇ ਲੋਕ, ਸਰਕਾਰਾਂ, ਪ੍ਰਸ਼ਾਸਨ, ਪੁਲਿਸ ਤੇ ਫੌਜ ਲਈ ਨਿਆਂ ਵਿਵਸਥਾ ਸੰਵਿਧਾਨਕ ਅਧਿਕਾਰਾਂ ਨੂੰ ਅਮਲ ਵਿਚ ਪਾ ਕੇ ਇਸਦਾ ਲਾਭ ਅਛੂਤ ਬਸਤੀ ਦੇ ਅੰਤਲੇ ਜੀਵ ਤੱਕ ਪੁੱਜਦਾ ਕਰਨਗੇ, ਬਿਨਾਂ ਵਿਤਕਰੇ ਦੇ, ਬਿਨਾਂ ਕਿਸੇ ਭਿੰਨ ਭੇਦ ਦੇ, ਬਿਨਾਂ ਈਰਖਾ ਦੇ, ਬਿਨਾਂ ਰੰਗ ਨਸਲ ਅਤੇ ਜਾਤ ਵਰਨ ਜਾਂ ਧਰਮ ਦੇ ਅੰਤਰ ਦੇ। ਜਿੱਥੇ ਅਧਿਕਾਰਾਂ ਅਤੇ ਫਰਜ਼ਾਂ ਅਧੀਨ ਸਭ ਨਾਗਰਿਕਾਂ ਨੂੰ ਬਰਾਬਰ ਤੇ ਬਿਨਾਂ ਰੋਕ ਤਰੱਕੀ ਕਰਨ, ਜੀਵਨ ਸੰਵਾਰਨ ਦਾ ਅਧਿਕਾਰ ਹੋਵੇਗਾ। ਇਹ ਹੈ 26 ਜਨਵਰੀ ਅਤੇ ਸੰਵਿਧਾਨ।

ਇਹ ਹੈ ਉਹ ਕਾਨੂੰਨੀ ਪ੍ਰਥਾ ਜਿਹੜੀ ਹਜ਼ਾਰਾਂ ਸਾਲ ਦੀ ਉਚ ਨੀਚ ਅਤੇ ਗੁਲਾਮੀ ਉਪਰੰਤ 26 ਜਨਵਰੀ ਨੂੰ ਅਮਲ ਵਿਚ ਆਈ ਅਤੇ ਅੰਬੇਡਕਰ ਦਾ ਬਰਾਬਰੀ ਅਤੇ ਆਜ਼ਾਦੀ ਦਾ ਸੰਕਲਪ ਅਮਲ ਵਿਚ ਆ ਗਿਆ। 1952 ਵਿਚ ਹੋਈਆਂ ਪਹਿਲੀਆਂ ਚੋਣਾਂ ਨੇ ਭਾਰਤ ਅੰਦਰ ਗਣਰਾਜੀ ਲੋਕਤੰਤਰ ਦੀਆਂ ਨੀਹਾਂ ਰੱਖੀਆਂ ਤੇ ਲੋਕ ਸਭਾ ਹੋਂਦ ਵਿਚ ਆ ਗਈ। ਜਿੱਥੇ ਭਾਰਤ ਦੀ ਜਨਤਾ ਨੇ 2000 ਸਾਲ ਲੰਮੀ ਗੁਲਾਮੀ ਤੋਂ ਬਾਅਦ ਆਪਣੀ ਪ੍ਰਭੁਤਾ ਅਧੀਨ ਆਪਣੇ ਨੁਮਾਇੰਦੇ ਚੁਣ ਕੇ ਭੇਜੇ।

ਸਵਾਲ ਗਲਤ ਸਹੀ ਦਾ ਨਹੀਂ, ਕੇਵਲ 26 ਜਨਵਰੀ ਦੀ ਸੰਵਿਧਾਨਕ ਵਿਵਸਥਾ ਦੇ ਪੈਦਾ ਹੋਏ ਅਮਲ ਵਿਚ ਪੈ ਜਾਣ ਦਾ ਹੈ, ਜੋ ਸਾਰੀ ਦੀ ਸਾਰੀ ਪ੍ਰਭੂ ਸੰਪੰਨ ਰਹੀਆਂ ਜਾਤੀਆਂ ਦੇ ਬਰਾਬਰ ਹਜ਼ਾਰਾਂ ਸਾਲਾਂ ਦੇ ਅਧਿਕਾਰ ਵੰਚਿਤ ਮਰਦ ਔਰਤਾਂ ਨੂੰ ਲਿਆ ਖੜ੍ਹਾ ਕਰਦੀ ਹੈ। ਕਿਉਂਕਿ ਸ਼ੁਰੂ ਵਿਚ ਹੀ ਲੋਕਤੰਤਰ ਦੀ ਸਮੁੱਚੀ ਪ੍ਰਣਾਲੀ ਬ੍ਰਾਹਮਣ ਵਰਗ ਦੇ ਹੱਥ ਆ ਗਈ ਜੋ ਇਕੱਲੀ ਪੜ੍ਹੀ ਲਿਖੀ ਅਗੜੀ ਸ਼੍ਰੇਣੀ ਸੀ, ਨੌਕਰਸ਼ਾਹ ਸੀ, ਇਸ ਕਰਕੇ 1952 ਤੋਂ ਬਾਅਦ ਪੰਡਿਤ ਨਹਿਰੂ ਦੀ ਕਮਾਨ ਹੇਠ ਭਾਰਤੀ ਸੰਵਿਧਾਨ ਦੀ ਤਾਕਤ ਦੀ ਦੁਰਵਰਤੋਂ ਕਰਦਿਆਂ ਬ੍ਰਾਹਮਣਸ਼ਾਹੀ ਲਾਗੂ ਹੋ ਗਈ ਜੋ ਫਿਰ ਕਦੀ ਨਾ ਰੁਕੀ। ਕਿਉਂਕਿ ਰੋਕਣ ਵਾਲੀ ਕੋਈ ਵੀ ਜਮਾਤ ਨਹੀਂ ਸੀ। ਭਾਰਤੀ ਕਮਿਊਨਿਸਟ ਵੀ ਸੰਵਿਧਾਨ ਦੇ ਖਿਲਾਫ ਸਨ, ਪ੍ਰੰਤੂ ਨਹਿਰੂ ਦੀ ਬ੍ਰਾਹਮਣ ਸ਼ਾਹੀ ਨਾਲ ਘਿਓ ਖਿਚੜੀ ਸਨ। ਅੱਜ 27 ਨਵੰਬਰ ਨੂੰ ਰਾਜ ਸਭਾ ਵਿਚ ਮੈਂ ਪਹਿਲੀ ਵਾਰ ਸੀ. ਪੀ. ਐਮ. ਦੇ ਜਨਰਲ ਸਕੱਤਰ (ਮੁਖੀ) ਸੀਤਾ ਰਾਮ ਯੇਚੁਰੀ ਨੂੰ ਅੰਬੇਡਕਰ ਅਤੇ ਸੰਵਿਧਾਨ ਦੀ ਇਕਦਮ ਸਟੀਕ ਵਿਆਖਿਆ ਕਰਦਿਆਂ ਸੁਣਿਆ। ਉਹ ਲੋਕ ਜੋ ਸੰਵਿਧਾਨ ਅਤੇ ਅੰਬੇਡਕਰ ਵਿਰੋਧੀ ਰਹੇ ਅੱਜ ਦੇ ਮੁੜ ਉਭਰੇ ਹਿੰਦੂ ਰਾਸ਼ਟਰ ਦੇ ਸੰਕਲਪ ਦੀ ਪੀੜਾ ਦਾ ਅਨੁਭਵ ਕਰਦਿਆਂ ਉਹ ਇੱਕਦਮ ਸਹੀ ਦਿਸ਼ਾ ਵਿਚ ਖੜ੍ਹੇ ਦਿੱਸੇ, ਮੈਂ ਇਸਦਾ ਦਿਲੋਂ ਸਵਾਗਤ ਕੀਤਾ। ਪਰ ਇਹ ਅੰਬੇਡਕਰ ਦੇ ਸਮੇਂ 'ਚ ਹੀ ਹੋ ਜਾਂਦਾ ਤਾਂ ਨੌਬਤ ਸ਼ਾਇਦ ਨਾ ਆਉਂਦੀ ਤੇ ਦੇਸ਼ ਸਹੀ ਦਿਸ਼ਾ ਵਿਚ ਵੱਧ ਰਿਹਾ ਹੁੰਦਾ।

ਦਲਿਤ ਪੱਛੜੇ ਕੌਮੀ ਨੇਤਾ ਸ਼ਰਦ ਯਾਦਵ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਭਾਰਤ ਦੀ ਸੁਪਰੀਮ ਕੋਰਟ ਖਾਸ ਕਰਕੇ ਐਸ. ਸੀ., ਐਸ. ਟੀ. ਅਤੇ ਓ. ਬੀ. ਸੀ. ਦੇ ਸੰਵਿਧਾਨਕ ਅਧਿਕਾਰਾਂ ਦੇ ਸਹੀ ਅਮਲ ਵਿਚ ਅੜਿੱਕਾ ਬਣ ਗਈ ਹੈ। ਇਹ ਗੱਲ ਅਸੀਂ ਮੁੱਢ ਵਿਚ ਹੀ ਕੀਤੀ ਹੈ ਕਿ ਉਚ ਅਦਾਲਤਾਂ ਜਦੋਂ ਸੰਪੰਨ ਰਹੀਆਂ ਜਾਤੀਆਂ, ਜਾਂ ਸੰਪੰਨ ਜਾਤੀਆਂ ਦੀ ਆਜ਼ਾਦੀ ਅਤੇ ਬਰਾਬਰੀ ਦੇ ਖਿਆਲ ਨੂੰ ਸਾਹਮਣੇ ਰੱਖ ਕੇ ਕੁਝ ਕਹਿਣਗੀਆਂ ਜਾਂ ਨਿਰਣੇ ਲੈਣਗੀਆਂ, ਵੰਚਿਤ ਵਰਗਾਂ ਦੇ ਮਸਲੇ ਨੂੰ ਸੰਵਿਧਾਨਕ ਪੱਧਰ 'ਤੇ ਖੜ੍ਹ ਕੇ ਕੋਈ ਮਾਨਤਾ ਪ੍ਰਦਾਨ ਨਹੀਂ ਕਰਦੀਆਂ ਤਾਂ ਅਨਿਆ ਨਿਸ਼ਚਿਤ ਹੈ। ਕਿਉਂਕਿ ਆਜ਼ਾਦੀ, ਬਰਾਬਰੀ ਅਤੇ ਅਧਿਕਾਰ ਜਿਹਨਾਂ ਦੀ ਅਸਲ ਜ਼ਰੂਰਤ ਹੈ, ਉਹਨਾਂ ਨੂੰ ਸੰਪੰਨ ਜਾਤੀਆਂ ਦੇ ਬਰਾਬਰ ਰੱਖ ਕੇ ਜਦੋਂ ਹੀ ਸੋਚਿਆ ਜਾਵੇਗਾ ਤਾਂ ਨਿਆਂ ਦੀਆਂ ਸੰਭਾਵਨਾਵਾਂ ਰੱਦ ਹੋਣਗੀਆਂ। ਇੰਝ ਹੀ ਹੋਇਆ ਹੈ। 26 ਜਨਵਰੀ ਨੂੰ ਸੰਵਿਧਾਨ ਲਾਗੂ ਹੋਣ ਤੋਂ ਛੇਤੀ ਬਾਅਦ ਮਦਰਾਸ ਦੇ ਇਕ ਬ੍ਰਾਹਮਣ ਨੇ ਆਪਣੇ ਬਰਾਬਰ ਹੱਕ ਅਧੀਨ ਆਪਣੀ ਅਪੀਲ ਪਾਈ ਤਾਂ ਹਾਈ ਕੋਰਟ ਨੇ ਉਸਦੇ ਹੱਕ 'ਚ ਫੈਸਲਾ ਦੇ ਦਿੱਤਾ ਕਿ ਰਾਖਵਾਂਕਰਨ, ਕਿਸੇ ਦੂਸਰੇ ਦੇ ਬਰਾਬਰ ਹੱਕ ਦੀ ਉਲੰਘਣਾ ਨਹੀਂ ਕਰ ਸਕਦਾ। ਤਦ ਸੰਵਿਧਾਨ ਵਿਚ ਪਹਿਲੀ ਸੋਧ ਕੀਤੀ ਗਈ। ਪਰ ਸਵਾਲ ਉਹੀ ਹੈ ਕਿ ਬ੍ਰਾਹਮਣ ਪ੍ਰਭੂ ਅਤੇ ਇਕ ਅਛੂਤ ਪ੍ਰਤੀ ਨਿਆਂ ਦਾ ਰਵੱਈਆ ਇਕਸਾਰ ਹੋਣਾ ਹੀ ਗਲਤ ਹੈ। ਸੰਵਿਧਾਨਕ ਵਿਵਸਥਾ ਦੀ ਮੂਲ ਭਾਵਨਾ ਅਨੁਸਾਰ ਆਜ਼ਾਦੀ ਤੇ ਬਰਾਬਰੀ ਜਿਹਨਾਂ ਦੀ ਅਸਲ ਜ਼ਰੂਰਤ ਹੈ, ਉਹਨਾਂ ਦੀ ਪਹਿਲ ਵਿਚ ਜਾਣੀ ਜ਼ਰੂਰੀ ਹੈ। ਇਸ ਵਿਤਕਰੇ ਨੂੰ ਰੋਕਣ ਲਈ ਹੀ ਅੰਬੇਡਕਰ ਨੇ ਐਸ. ਸੀ, ਐਸ. ਟੀ. ਅਤੇ ਓ. ਬੀ. ਸੀ. ਦੇ 80 ਫੀਸਦੀ ਵਰਗਾਂ ਲਈ ਵਿਸ਼ੇਸ਼ ਤੇ ਵੱਖਰੇ ਪ੍ਰਬੰਧ ਕੀਤੇ।

ਪ੍ਰੰਤੂ ਨਿਆਂਪਾਲਿਕਾ ਦੀ ਧਾਰਨਾ ਸਾਹਮਣੇ ਇਹ ਸਭ ਮੈਰਿਟ ਦੇ ਨਾਂ ਤੇ ਖਾਰਜ ਹੁੰਦਾ ਰਿਹਾ। ਜੋ ਜੰਜੂਆ ਫੈਸਲੇ ਨਾਲ ਸਿਖਰ 'ਤੇ ਪੁੱਜ ਗਿਆ, ਜਿਸ ਤੋਂ ਬਾਅਦ ਸਮਾਜਿਕ ਨਾਬਰਾਬਰੀ ਦਾ ਸੰਕਲਪ ਮੁੜ ਅਮਲ ਵਿਚ ਆ ਗਿਆ। ਅੱਜ ਬਰਾਬਰੀ ਅਤੇ ਮੈਰਿਟ ਦੇ ਨਾਂ ਤੇ ਹਾਕਮ ਜਾਤੀਆਂ ਅਤੇ ਅਦਾਲਤਾਂ ਨੇ ਉਸ ਮਕਸਦ ਨੂੰ ਖਾਰਜ ਕਰ ਦਿੱਤਾ ਹੈ ਜੋ ਹਜ਼ਾਰਾਂ ਸਾਲ ਦੇ ਨੀਵਿਆਂ ਨੂੰ ਬਰਾਬਰ ਹੋਣ ਤੋਂ ਰੋਕਣ ਲਈ ਬਹੁਤ ਹੈ।ਜਿਸਦਾ ਅਮਲ ਵੱਡੀ ਪੱਧਰ 'ਤੇ ਚੱਲ ਰਿਹਾ ਹੈ।

ਇਹ ਸਭ ਕਹਿਣ ਦਾ ਅਰਥ ਹੈ ਕਿ ਜੋ ਭਾਵਨਾ ਸੰਵਿਧਾਨ ਦੇ ਬੁਨਿਆਦੀ, ਵਿਸ਼ੇਸ਼ ਅਤੇ ਪ੍ਰਸਤਾਵਨਾ ਵਿਚ ਭਰੀ ਗਈ, ਉਸਨੂੰ ਅੰਨਿਆ ਵਿਚ ਬਦਲ ਦਿੱਤਾ ਗਿਆ,ਜਿਸ ਲਈ ਦਲਿਤ ਪੱਛੜਿਆਂ ਦਾ ਹੀ ਇਸਤੇਮਾਲ ਕੀਤਾ ਗਿਆ। ਜੋ ਪੂਨਾ ਪੈਕਟ ਦੇ ਕਾਰਨ, ਬਿਗਾਨੀਆਂ ਬੇੜੀਆਂ ਤੇ ਸਵਾਰ ਹੋ ਕੇ ਉਪਰ ਗਏ। ਜਿਹਨਾਂ ਨੇ ਆਪਣੀ ਜ਼ਮੀਨ ਖੋਈ। ਅੱਜ ਇਸ ਵਿਤਕਰੇ ਦਾ ਸਵਾਲ ਫਿਰ ਉੱਠ ਖੜ੍ਹਾ ਹੈ ਜੋ ਦੇਸੀ-ਵਿਦੇਸ਼ੀ ਦੇ ਸਵਾਲ ਤੱਕ ਪੁੱਜ ਗਿਆ ਹੈ।

ਅੰਤ ਵਿਚ ਮੈਂ ਇਹ ਕਹਿਣਾ ਚਾਹਾਂਗਾ ਕਿ 26 ਨਵੰਬਰ ਸੰਵਿਧਾਨ ਦਿਨ ਨਹੀਂ ਹੈ। ਹਾਂ ਇਸ ਦਿਨ ਇਸਨੇ ਆਪਣਾ ਅੰਤਿਮ ਰੂਪ ਅਖਤਿਆਰ ਕਰ ਲਿਆ ਸੀ। ਪ੍ਰੰਤੂ ਇਹ 26 ਜਨਵਰੀ 1950 ਨੂੰ ਅਮਲ ਵਿਚ ਪਿਆ ਅਤੇ ਲਾਗੂ ਹੋਇਆ। ਇਸ ਲਈ ਖਾਸ ਕਰਕੇ ਬਹੁਜਨਾਂ ਅਤੇ ਹੋਰ ਸਿਆਣੇ ਲੋਕਾਂ ਨੂੰ 26 ਜਨਵਰੀ ਦੇ ਇਤਿਹਾਸਕ ਦਿਨ ਨੂੰ ਬਿਲਕੁਲ ਨਹੀਂ ਵਿਸਾਰਨਾ ਚਾਹੀਦਾ।

ਹਾਕਮ ਜਮਾਤ ਦਾ ਇਹ 26 ਨਵੰਬਰ ਸਾਡੀ ਸਮਝ ਅਨੁਸਾਰ ਸਹੀ ਇਤਿਹਾਸ ਨੂੰ ਬਿਖੇਰਨਾ ਹੈ। ਜੋ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਜੋ ਸੀ ਨਹੀਂ ਹੈ। ਕਾਮਰੇਡ ਯੇਚੁਰੀ ਨੇ ਵੀ ਇਹੋ ਕਿਹਾ ਸੀ ਕਿ 26 ਨਵੰਬਰ ਨੂੰ ਸੰਵਿਧਾਨ ਦਿਵਸ ਕਿਸ ਗੱਲੋਂ ਬਣਾਇਆ ਜਾ ਰਿਹਾ ਹੈ?

# ਕਿਉਂ ਨਿਘਰਦੀ ਜਾ ਰਹੀ ਹੈ ਸਿੱਖ ਕੌਮ?



ਸਤਨਾਮ ਸਿੰਘ ਚਾਹਲ
(408-221-5732)

ਅੱਜ ਸ਼ੋ੍ਮਣੀ ਗੁਰੂਦੁਆਰਾ ਪਰਬੰਧਕ ਕਮੇਟੀ ਤੋਂ ਲੈ ਕੇ ਦੇਸ਼ ਵਿਦੇਸ਼ ਦੇ ਗੁਰੂਦੁਆਰਾ ਸਾਹਿਬਾਨ ਦੀਆਂ ਪਰਬੰਧਕ ਕਮੇਟੀਆਂ ਤੋਂ ਇਲਾਵਾ ਸੰਤ ਬਾਬੇ ਤੇ ਹੋਰ ਸਿਖ ਸੰਸਥਾਵਾਂ ਸਿਖੀ ਪਰਚਾਰ ਲਈ ਅੱਡੀ ਚੋਟੀ ਦਾ ਜੋਰ ਲਾਉਣ ਦਾ ਦਾਅਵਾ ਕਰਦੀਆਂ ਜਿਥੇ ਸਾਹ ਨਹੀਂ ਲੈਂਦੀਆਂ ਉਥੇ ਅਜ ਸ਼ਾਇਦ ਹੀ ਕੋਈ ਅਜਿਹੀ ਕਿਸੇ ਏਅਰ ਲਾਈਨ ਦਾ ਜਹਾਜ ਐਸਾ ਹੋਵੇਗਾ ਜਿਸ ਵਿਚ ਸਿਖ ਰਾਗੀ, ਢਾਡੀ, ਪਰਚਾਰਕ ਤੇ ਜਥੇਦਾਰ ਵਿਦੇਸ਼ਾਂ ਵਿਚ ਸਿਖੀ ਦਾ ਪਰਚਾਰ ਕਰਨ ਲਈ ਸਫਰ ਕਰਦੇ ਵਿਖਾਈ ਨਾ ਦਿੰਦੇ ਹੋਣ। ਪਰ ਇਸ ਦੇ ਬਾਵਜੂਦ ਵੀ ਅਜ ਸਿਖ ਕੌਮ ਦੀ ਜੋ ਤਰਸਯੋਗ ਹਾਲਤ ਬਣੀ ਹੋਈ ਹੈ ਉਹ ਸਾਡੇ ਸਾਹਮਣੇ ਹੈ। ਅਸੀਂ ਧਾਰਮਿਕ ਤੌਰ ਤੇ ਤਾਂ ਬਹੁਤ ਨਿਘਾਰ ਵਿਚ ਆਏ ਹੀ ਹਾਂ ਪਰ ਨੈਤਿਕ ਤੌਰ ਤੇ ਵੀ ਆਪਣੀਆਂ ਕਦਰਾਂ ਕੀਮਤਾਂ ਗੁਆ ਚੁਕੇ ਹਾਂ।ਇਸ ਸਾਰੇ ਦੁਖਾਂਤ ਦੇ ਜੇਕਰ ਪਿਛੋਕੜ ਵੱਲ ਝਾਤ ਮਾਰੀਏ ਤਾਂ ਇਹ ਗਲ ਸਚਾਈ ਦੇ ਬਹੁਤ ਨੇੜੇ ਹੈ ਕਿ ਅਜ ਕਿਰਤ ਕਰੋ ਦਾ ਉਪਦੇਸ਼ ਦੇਣ ਵਾਲਾ ਆਗੂ ਖੁਦ ਦੂਸਰਿਆਂ ਦੀ ਕਮਾਈ ਨਜਾਇਜ ਤੌਰ ਤੇ ਹੜੱਪਣ ਵਿਚ ਲਗਾ ਹੋਇਆ ਹੈ। ਟਿੰਡ ਕੁ ਲਾਹੁਣ(ਸ਼ਰਾਬ) ਰਾਤ ਨੂੰ ਪੀ ਕੇ ਸੌਂਣ ਵਾਲਾ ਆਗੂ ਸਵੇਰੇ ਉਠਦਿਆਂ ਲੋਕਾਂ ਨੂੰ ਨਸ਼ਾ ਛਡੋ, ਕੋਹੜ ਵਡੋ ਦੀਆਂ ਨਸੀਹਤਾਂ ਦੇਣ ਲਗ ਜਾਂਦਾ ਹੈ। ਅਜਿਹੀ ਸਥਿਤੀ ਵਿਚ ਅਸੀਂ ਆਪਣੀ ਆਉਣ ਵਾਲੀ ਪੀੜੀ ਨੂੰ ਕਿਸ ਤਰਾਂ ਸੰਭਾਲਣ ਵਿਚ ਸਫਲ ਹੋ ਸਕਾਂਗੇ ਇਹ ਅਜ ਸਿਖ ਕੌਮ ਦੀ ਚੜਦੀ ਕਲਾ ਦੇ ਚਾਹਵਾਨ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ

ਸਿੱਖ ਹੋਣ ਤੇ ਸਿੱਖ ਅਖਵਾਉਣ ਵਿੱਚ ਬਹੁਤ ਫ਼ਰਕ ਹੈ। ਸਿੱਖ ਘਰਾਂ ਵਿੱਚ ਪੈਦਾ ਹੋਣ ਵਾਲੇ ਸਭ ਲੋਕਾਂ ਦੀਆਂ ਭਾਵਨਾਵਾਂ ਕੁਦਰਤੀ ਤੌਰ ’ਤੇ ਸਿੱਖ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਸਮੇਂ ਸਮੇਂ ’ਤੇ ਇਨ੍ਹਾਂ ਭਾਵਨਾਵਾਂ ਦਾ ਆਪ-ਮੁਹਾਰੇ ਪ੍ਰਗਟਾਵਾ ਵੀ ਹੁੰਦਾ ਰਹਿੰਦਾ ਹੈ। ਸਿੱਖ ਕੌਮ ਵਿੱਚ ਮੌਜੂਦਾ ਸਮੇਂ ਇੱਕ ਸਵਾਲ ਵਾਰ-ਵਾਰ ਉੱਠ ਰਿਹਾ ਹੈ ਕਿ ਆਖ਼ਰ ਸਿੱਖ ਕੌਣ ਹੈ ਅਤੇ ਕੀ ਸਿੱਖ ਅਖਵਾਉਣ ਵਾਲਿਆਂ ਵਿੱਚ ਨਿਘਾਰ ਆ ਚੁੱਕਾ ਹੈ? ਕੀ ਉਹ ਸਿੱਖ ਵਿਚਾਰਧਾਰਾ ਜਾਂ ਸਿੱਖ ਜੀਵਨ-ਜਾਂਚ ਤੋਂ ਦੂਰ ਹੋ ਰਹੇ ਹਨ ਤੇ ਨਾਂ ਦੇ ਹੀ ਸਿੱਖ ਰਹਿ ਗਏ ਹਨ? ਬਹੁਤ ਮਾਮਲਿਆਂ ਵਿੱਚ ਇਨ੍ਹਾਂ ਸਵਾਲਾਂ ਦਾ ਜਵਾਬ ਹਾਂ ਵਿੱਚ ਹੈ ।ਇਹੀ ਰੁਝਾਨ ਸਿੱਖ ਕੌਮ ਦੇ ਮੌਜੂਦਾ ਦੁਖਾਂਤ ਦਾ ਕਾਰਨ ਹੈ। ਘੱਟ ਸ਼ਬਦਾਂ ਵਿੱਚ ਸਿੱਖ ਕੌਣ ਹੈ ਦਾ ਜਵਾਬ ਇਹੀ ਦਿੱਤਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਵੱਲੋਂ ਗੁਰਬਾਣੀ (ਗੁਰੂ ਗ੍ਰੰਥ ਸਾਹਿਬ) ਵਿੱਚ ਪੇਸ਼ ਕੀਤੀ ਵਿਚਾਰਧਾਰਾ ਨੂੰ ਮੰਨਣ ਵਾਲਾ ਤੇ ਉਸਨੂੰ ਆਪਣੀ ਜ਼ਿੰਦਗੀ ਵਿੱਚ ਰੂਪਮਾਨ ਕਰ ਸਕਣ ਵਾਲਾ ਹੀ ਸਿੱਖ ਹੈ। ਬਾਕੀ ਲੋਕਾਂ ਦੀ ਇਸ ਵਿਚਾਰਧਾਰਾ ਨਾਲ ਸਹਿਮਤੀ ਹੋ ਸਕਦੀ ਹੈ। ਉਹ ਇਸਦੇ ਪ੍ਰਸੰਸਕ ਜਾਂ ਸਮਰਥਕ ਹੋ ਸਕਦੇ ਹਨ। ਉਪਾਸ਼ਕ ਹੋ ਸਕਦੇ ਹਨ ਪਰ ਸਿੱਖ ਉਹ ਉਦੋਂ ਹੀ ਅਖਵਾ ਸਕਦੇ ਨੇ ਜਦੋਂ ਉਹ ਇਸ ਵਿਚਾਰਧਾਰਾ ਨੂੰ ਆਪਣੀ ਜ਼ਿੰਦਗੀ ਵਿੱਚ ਲਾਗੂ ਕਰ ਸਕਣਗੇ।

ਪਰ ਅਸਲ ਜ਼ਿੰਦਗੀ ਵਿੱਚ ਅਜਿਹਾ ਘੱਟ ਹੀ ਵੇਖਣ ਨੂੰ ਮਿਲ ਰਿਹਾ ਹੈ। ਸਿੱਖ ਵਿਚਾਰਧਾਰਾ ਤੋਂ ਅਸੀਂ ਬਹੁਤ ਦੂਰ ਹਾਂ। ਵੱਡੇ ਪੱਧਰ ’ਤੇ ਸਿੱਖ ਸਿਧਾਂਤਾਂ ਦੀ ਅਵੱਗਿਆ ਕਰਕੇ ਅਨਮਤੀ ਧਰਮਾਂ ਦੇ ਕਰਮ-ਕਾਂਡਾਂ ਨੂੰ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਗਿਆ ਹੈ। ਸਿੱਖੀ ਦੀ ਇੱਕ ਰੱਬ ਦੇ ਫ਼ਲਸਫ਼ੇ ਨੂੰ ਤਾਂ ਬਹੁਤੇ ਸਿੱਖ ਮੂਲੋਂ ਹੀ ਵਿਸਾਰ ਚੁੱਕੇ ਹਨ। ਆਪਣੇ ਵੱਖਰੇਪਣ ਨੂੰ ਬਚਾ ਕੇ ਰੱਖਣ ਦਾ ਕਿਸੇ ਨੂੰ ਵੀ ਕੋਈ ਵਿਚਾਰ ਨਹੀਂ ਰਿਹਾ ਜੋ ਸਾਡੇ ਲਈ ਇੱਕ ਅਹਿਮ ਮੁੱਦਾ ਬਣਿਆ ਰਿਹਾ ਹੈ। ਜਿਨ੍ਹਾਂ ਪੁਰਾਤਨ, ਗੈਰ-ਵਿਗਿਆਨਕ ਧਾਰਮਿਕ ਝੰਜਟਾਂ ’ਚੋਂ ਗੁਰੂਆਂ ਨੇ ਕੱਢਿਆ ਸੀ ਅੱਜ ਫਿਰ ਅਸੀਂ ਉੱਥੇ ਹੀ ਗਲਤਾਨ ਹਾਂ। ਸਿੱਖੀ ਵਿੱਚ ਕਾਬਜ਼ ਹੋਇਆ ਡੇਰਾਵਾਦ ਅੰਦਰੋਂ-ਅੰਦਰ ਇਸਨੂੰ ਘੁਣ ਵਾਂਗ ਖਾ ਰਿਹਾ ਹੈ ਤੇ ਬਹੁਤੇ ਸਿੱਖ ਪਰਿਵਾਰ ਇਨ੍ਹਾਂ ਬਾਬਿਆਂ ਨੂੰ ਗੁਰੂਆਂ ਵਾਂਗ ਸਮਝਦੇ ਹਨ।ਇਹ ਲੋਕ ਗੁਰਬਾਣੀ ਦੀ ਜਿਸ ਗ਼ਲਤ ਢੰਗ ਨਾਲ ਵਿਆਖਿਆ ਕਰਦੇ ਹਨ ਉਸੇ ਨੂੰ ਇਨ੍ਹਾਂ ਦੇ ਚੇਲੇ ਪਰਮ-ਸੱਚ ਸਮਝਦੇ ਹਨ।

ਸਾਡੇ ਲੋਕਾਂ ਦੀ ਨਿੱਜੀ ਜ਼ਿੰਦਗੀ ਵੀ ਗੁਰੂ ਆਸ਼ੇ ਤੋਂ ਦੂਰ ਹੈ। ਸਭ ਪਾਸੇ ਨਿੱਜਵਾਦ ਭਾਰੂ ਹੈ। ਸਮਾਜ ਅਤੇ ਮਾਨਵਤਾ ਲਈ ਜ਼ਿੰਮੇਵਾਰੀਆਂ ਤੋਂ ਲੋਕ ਵੀ ਮੂੰਹ ਮੋੜ ਚੁੱਕੇ ਹਨ ਅਤੇ ਸਾਡੇ ਆਗੂ ਵੀ। ਝੂਠ, ਬੇਈਮਾਨੀ, ਈਰਖਾ, ਧੋਖਾ, ਫ਼ਰੇਬ ਬਾਕੀ ਭਾਰਤੀਆਂ ਵਾਂਗ ਸਾਡੇ ਲੋਕਾਂ ਵਿੱਚ ਵੀ ਵੱਡੇ ਪੱਧਰ ’ਤੇ ਹਾਵੀ ਹੋ ਚੁੱਕਾ ਹੈ। ਗੁਰੂ ਸਾਹਿਬ ਵੱਲੋਂ ਸਿਰਜਿਆ ਸਚਿਆਰਾ ਮਨੁੱਖ ਅੱਜ ਕਿਧਰੇ ਵਿਰਲਾ ਹੀ ਹੋਵੇਗਾ।

ਸਾਡੇ ਸਮਾਜਿਕ ਜੀਵਨ ਵਿੱਚ, ਸਾਡੀ ਪਰਿਵਾਰਕ ਸੰਸਥਾ ਵਿੱਚ ਨਿੱਜਵਾਦ ਤੇ ਸਵਾਰਥ ਭਾਰੂ ਹੋ ਚੁੱਕਾ ਹੈ। ਇਨ੍ਹਾਂ ਖੇਤਰਾਂ ਵਿੱਚ ਆਇਆ ਨਿਘਾਰ ਸਿੱਖ ਬੁੱਧੀਜੀਵੀਆਂ ਲਈ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪੀੜ੍ਹੀ ਦਾ ਪਾੜਾ ਘੱਟੋ-ਘੱਟ ਸਾਡੀ ਕੌਮ ਵਿੱਚ ਤਾਂ ਨਜ਼ਰ ਨਹੀਂ ਸੀ ਆਉਣਾ ਚਾਹੀਦਾ। ਇਸ ਵਿੱਚ ਵੀ ਗੈਰ ਸਿਧਾਂਤਕ ਤੱਤ ਦਾਖ਼ਲ ਹੋ ਗਏ ਹਨ। ਜਨਮ ਤੇ ਵਿਆਹ ਸੰਸਕਾਰ ਸਿੱਖ ਰਹਿਤ ਮਰਿਯਾਦਾ ਮੁਤਾਬਕ ਨਾ ਹੋ ਕੇ ਜੋਤਸ਼ੀਆਂ ਤੇ ਤਾਂਤਰਿਕਾਂ ਦੀਆਂ ਸਲਾਹਾਂ ’ਤੇ ਕੀਤੇ ਜਾ ਰਹੇ ਹਨ। ਕਈ ਵਾਰ ਸਿੱਖ ਪਰਿਵਾਰਾਂ ਵੱਲੋਂ ਬੱਚਿਆਂ ਦੇ ਮੁੰਡਨ ਦੀਆਂ ਰਸਮਾਂ ਵੀ ਕਰਵਾਈਆਂ ਜਾਂਦੀਆਂ ਹਨ ਜੋ ਚੁੱਪ ਚਪੀਤੇ ਨਹੀਂ ਹੁੰਦੀਆਂ ਸਗੋਂ ਰਿਸ਼ਤੇਦਾਰਾਂ-ਸਨੇਹੀਆਂ ਨੂੰ ਵਿਸ਼ੇਸ਼ ਤੌਰ ’ਤੇ ਸੱਦਾ-ਪੱਤਰ ਭੇਜੇ ਜਾਂਦੇ ਹਨ। ਵਿਆਹਾਂ ਮੌਕੇ ਆਨੰਦ ਕਾਰਜਾਂ ਦੇ ਨਾਲ-ਨਾਲ ਫੇਰੇ ਵੀ ਲਏ ਜਾਂਦੇ ਹਨ। ਵਰ-ਮਾਲਾ ਜੈ ਮਾਲਾ ਹੋਰ ਪਤਾ ਨਹੀਂ ਕੀ ਕੁੱਝ! ਵਿਆਹਾਂ ਮੌਕੇ ਸ਼ਰਾਬਾਂ ਤੇ ਨਸ਼ਿਆਂ ਦਾ ਦੌਰ ਵੀ ਆਮ ਚਰਚਾ ਦਾ ਵਿਸ਼ਾ ਬਣਦਾ ਚੱਲਿਆ ਆ ਰਿਹਾ ਹੈ। ਹੁਣੇ-ਹੁਣੇ ਪ੍ਰਸਿੱਧ ਸਿੱਖ ਕ੍ਰਿਕਟ ਖਿਡਾਰੀ ਹਰਭਜਨ ਸਿੰਘ ਦੇ ਵਿਆਹ ਮੌਕੇ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਹੁੱਕਾ-ਬਾਰਾਂ ਦਾ ਪ੍ਰਬੰਧ ਕਰਨ ਦਾ ਮਾਮਲਾ ਵੀ ਭੱਖਿਆ ਹੋਇਆ ਹੈ। ਕੁੱਝ ਸਿੱਖਾਂ ਨੇ ਉਸਨੂੰ ਅਕਾਲ ਤਖ਼ਤ ਸਾਹਿਬ ’ਤੇ ਤਲਬ ਕਰਨ ਦੀ ਮੰਗ ਵੀ ਕੀਤੀ ਹੈ। ਤੰਬਾਕੂ ਸਿੱਖੀ ਵਿੱਚ ਬੁਰੀ ਤਰ੍ਹਾਂ ਵਰਜਿਤ ਹੈ ਤੇ ਸਿੱਖ ਘਰਾਂ ਵਿੱਚ ਇਸਦੀ ਆਮਦ ਸਾਡੇ ਸਮਾਜ ਵਿੱਚ ਆਏ ਵੱਡੇ ਨਿਘਾਰ ਦੀ ਸਪੱਸ਼ਟ ਨਿਸ਼ਾਨੀ ਹੈ। ਮੱਧ-ਵਰਗ ਜਾਂ ਇਸ ਤੋਂ ਹੇਠਲੇ ਸਿੱਖ ਪਰਿਵਾਰਾਂ ਦੇ ਬੱਚਿਆਂ ਵੱਲੋਂ ਤੰਬਾਕੂ ਦੀ ਚੋਰੀ ਛੁਪੇ ਜਾਂ ਕੁੱਝ ਮਾਮਲਿਆਂ ਵਿੱਚ ਖੁੱਲ੍ਹ ਕੇ ਹੋ ਰਹੀ ਵਰਤੋਂ ਤਾਂ ਚਿੰਤਾ ਦਾ ਵਿਸ਼ਾ ਚੱਲੀ ਆ ਰਹੀ ਸੀ ਪਰ ਉਸ ਸਮੇਂ ਦੁੱਖ ਹੋਰ ਵੀ ਜ਼ਿਆਦਾ ਹੁੰਦਾ ਹੈ ਜਦੋਂ ਵੱਡੇ ਸਿੱਖ ਘਰਾਣਿਆਂ ਵਿੱਚੋਂ ਇਸਦੀ ਕਨਸੋਅ ਆਉਂਦੀ ਹੈ, ਜਿਨ੍ਹਾਂ ਨੂੰ ਦੁਨੀਆ ਇੱਕ ਸਿੱਖ ਦੇ ਰੂਪ ਵਿੱਚ ਹੀ ਵੇਖਦੀ ਹੈ ਤੇ ਕਈ ਵਾਰ ਉਨ੍ਹਾਂ ਦੀ ਇਮੇਜ਼ ਵਿੱਚੋਂ ਹੀ ਦੂਜੇ ਲੋਕ ਇੱਕ ਸਿੱਖ ਦੀ ਇਮੇਜ਼ ਘੜ ਲੈਂਦੇ ਹਨ। ਸਿੱਖ ਕੁੜੀਆਂ ਦੇ ਗੈਰ-ਸਿੱਖ ਘਰਾਂ ਵਿੱਚ ਕੀਤੇ ਜਾ ਰਹੇ ਵਿਆਹ ਵੀ ਸਿੱਖਾਂ ਵਿੱਚ ਵੱਖਰੇਪਣ ਦੀ ਘਟਦੀ ਜਾ ਰਹੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਵਿਆਹਾਂ ਵਿੱਚ ਦਾਜ ਲੈਣ ਤੇ ਦਾਜ ਦੇਣ ਦਾ ਅਮਲ ਮੂਲੋਂ ਹੀ ਸਿੱਖ ਵਿਰੋਧੀ ਹੈ। ਅਚੇਤ ਰੂਪ ਵਿੱਚ ਇਹ ਹਰ ਘਰ ਵਿੱਚ ਹੋ ਰਿਹਾ ਹੈ। ਪਿਛਲੇ ਸਮੇਂ ਵਿੱਚ ਭਾਰਤ ਸਰਕਾਰ ਨੇ ਭਰੂਣ ਹੱਤਿਆ ਦੇ ਮਾਮਲੇ ਵਿੱਚ ਸਿੱਖਾਂ ਦੀ ਤਸਵੀਰ ਬਹੁਤ ਵਿਗਾੜ ਕੇ ਪੇਸ਼ ਕੀਤੀ ਸੀ ਪਰ ਬਾਅਦ ਵਿੱਚ ਸਾਹਮਣੇ ਆਈ ਸਚਾਈ ਮੁਤਾਬਕ ਸੱਚ ਕੁੱਝ ਹੋਰ ਹੀ ਸੀ। ਮਾਦਾ ਭਰੂਣ ਦੇ ਕਤਲ ਦੇ ਮਾਮਲਿਆਂ ਵਿੱਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀਤ਼ਪਰ ਇਹ ਘੱਟ ਵੀ ਕਿਉਂ? ਸਿੱਖਾਂ ਵਿੱਚ ਤਾਂ ਇਹ ਰੁਝਾਨ ਹੋਣਾ ਹੀ ਨਹੀਂ ਚਾਹੀਦਾ। ਉਕਤ ਸਾਰੇ ਵਰਤਾਰੇ ਵਿੱਚ ਕਿਸੇ ਵੀ ਤਰ੍ਹਾਂ ਭਾਗੀਦਾਰ ਲੋਕਾਂ ਨੂੰ ਸਿੱਖ ਕਿਵੇਂ ਮੰਨਿਆ ਜਾ ਸਕਦਾ ਹੈ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਅਪਣਾਇਆ ਹੀ ਨਹੀਂ।

ਸਾਡਾ ਰਾਜਨੀਤਿਕ ਪੱਖ ਵੀ ਕੋਈ ਬਹੁਤ ਚੰਗਾ ਨਹੀਂ ਹੈ। ਪੰਥਕ ਅਖਵਾਉਣ ਵਾਲੀਆਂ ਧਿਰਾਂ ਦਾ ਕਿਰਦਾਰ ਸਾਡੇ ਸਭ ਦੇ ਸਾਹਮਣੇ ਹੈ। ਪੰਥ ਦੀਆਂ ਵੋਟਾਂ ਲੈਣ ਵਾਲੇ ਲੀਡਰ ਪੰਥ ਦੋਖੀਆਂ ਨੂੰ ਬਚਾਉਣ ਲਈ ਪੰਥ ’ਤੇ ਗੋਲੀਆਂ ਵੀ ਚਲਾ ਦਿੰਦੇ ਹਨ। ਹਰ ਪੰਥ ਵਿਰੋਧੀ ਸ਼ਕਤੀ ਨਾਲ ਇਨ੍ਹਾਂ ’ਤੇ ਸਾਂਝ ਭਿਆਲੀ ਦੇ ਦੋਸ਼ ਲਗਦੇ ਆਏ ਹਨ ਤੇ ਲਗਾਤਾਰ ਲੱਗ ਰਹੇ ਹਨ। ਗੁਰੂ ਘਰਾਂ. ਗੁਰੂ ਦੀ ਗੋਲਕ, ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕਰਨ ਵਾਲੇ ਕਦੇ ਸਿੱਖ ਕਿਵੇਂ ਹੋ ਸਕਦੇ ਹਨ। ਸਿੱਖ ਵਿਚਾਰਧਾਰਾ ਮੁਤਾਬਕ ਰਾਜਨੀਤੀ ਸੱਚੇ ਧਰਮ ਤੋਂ ਸੇਧਤ ਹੋਣੀ ਚਾਹੀਦੀ ਹੈ। ਪਰ ਅੱਜ ਸਾਡੀ ਰਾਜਨੀਤੀ ਕਾਰੋਬਾਰ ਬਣ ਕੇ ਰਹਿ ਗਈ ਹੈ। ਆਗੂ ਲੋਕਾਂ ਪ੍ਰਤੀ ਆਪਣੇ ਫ਼ਰਜ਼ ਤਿਆਗ ਚੁੱਕੇ ਹਨ। ਇਨ੍ਹਾਂ ਦੇ ਅਧੀਨ ਬੈਠੇ ਕਾਜ਼ੀ ਵੱਢੀ ਲੈ ਕੇ ਆਪਣੇ ਹੱਕ ਗਵਾ ਚੁੱਕੇ ਹਨ। ਗੁਰਦੁਆਰਿਆਂ ਦੇ ਪ੍ਰਬੰਧਕ ਜਿਹੜੇ ਹਰ ਅਨਿਆਂ ਦੇ ਖਿਲਾਫ ਮਜ਼ਲੂਮ ਦੇ ਹੱਕ ਵਿੱਚ ਕਿਸੇ ਵੀ ਜ਼ਾਬਰ ਦੇ ਅੱਗੇ ਡਟ ਜਾਣੇ ਚਾਹੀਦੇ ਸਨ, ਅੱਜ ਜ਼ਾਬਰ ਦੇ ਅੱਗੇ ਨਿਵ ਰਹੇ ਹਨ। ਸਾਰੀ ਗੰਗਾ ਹੀ ਉਲਟੀ ਚੱਲ ਰਹੀ ਹੈ। ਸਾਡੇ ਗੁਰਦੁਆਰਾ ਪ੍ਰਬੰਧਕਾਂ, ਸਾਡੇ ਉਕਤ ਰਾਜਸੀ ਲੀਡਰਾਂ ਨੂੰ ਵੀ ਸਿੱਖ ਕਿਹਾ ਜਾ ਸਕਦਾ ਹੈ ਜਾਂ ਨਹੀਂ ਇਸਦਾ ਫ਼ੈਸਲਾ ਵੀ ਗੁਰੂ ਪੰਥ ਨੇ ਬਹੁਤ ਸਮਾਂ ਪਹਿਲਾਂ ਹੀ ਕਰ ਦਿੱਤਾ ਹੋਇਆ ਹੈ। ਸਥਾਪਤ ਧਿਰ ਦੇ ਵਿਰੋਧੀ ਰਾਜਸੀ ਦਲਾਂ ਦਾ ਹਾਲ ਵੀ ਕੋਈ ਬਹੁਤ ਚੰਗਾ ਨਹੀਂ ਹੈ। ਉਨ੍ਹਾਂ ਦੀ ਕਹਿਣੀ ਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਉਨ੍ਹਾਂ ਦੀ ਚੌਧਰਾਂ ਦੀ ਭੁੱਖ ਕੌਮ ਦਾ ਕੁੱਝ ਵੀ ਭਲਾ ਨਹੀਂ ਹੋਣ ਦੇ ਰਹੀ। ਚੌਧਰਾਂ ਦੀ ਇਸੇ ਭੁੱਖ ਵਿੱਚ ਜਨਮ ਲੈ ਚੁੱਕੇ ਵਰਤਾਰਿਆਂ ਨੇ ਪਤਾ ਨਹੀਂ ਕੌਮ ਦਾ ਕਿੰਨਾ ਖ਼ੂਨ ਵਹਾ ਦਿੱਤਾ ਹੈ। ਇਹ ਦਲ ਮੌਕਾ ਪੈਣ ’ਤੇ ਕੁੱਝ ਸਮੇਂ ਲਈ ਇਕੱਠੇ ਵੀ ਹੋ ਜਾਂਦੇ ਹਨ ਤੇ ਮੌਕਾ ਪੈਣ ’ਤੇ ਬਿਖੜ ਵੀ ਜਾਂਦੇ ਹਨ। ਹਰ ਵਾਰ ਨੁਕਸਾਨ ਕੌਮ ਦਾ ਹੀ ਹੁੰਦਾ ਹੈ। ਧੋਖਾ ਦੇਣ ਵਾਲਿਆਂ ਵਿੱਚ ਹਮੇਸ਼ਾਂ ਡੇਰੇਦਾਰ (ਜਿਨ੍ਹਾਂ ਨੂੰ ਸਿੱਖੀ ਵਿੱਚ ਪ੍ਰਵਾਨ ਹੀ ਨਹੀਂ ਕੀਤਾ ਗਿਆ) ਜਾਂ ਇਨ੍ਹਾਂ ਦੇ ਸਮਰਥਕ ਹੁੰਦੇ ਹਨ। ਮੌਜੂਦਾ ਚੱਲ ਰਹੇ ਘਟਨਾਕ੍ਰਮ ਦੌਰਾਨ ਵੀ ਇਹ ਇੱਕ ਮੰਚ ’ਤੇ ਇਕੱਠੇ ਹਨ। ਪਰ ਬਿਨਾਂ ਕੋਈ ਪ੍ਰਾਪਤੀ ਕੀਤਿਆਂ ਅੱਧ-ਵਿਚਕਾਰ ਕੌਣ ਲੋਕ ਵਾਪਸ ਮੁੜਦੇ ਹਨ, ਆਉਣ ਵਾਲੇ ਦਿਨਾਂ ਵਿੱਚ ਕੌਮ ਨੇ ਇਹ ਸਭ ਆਪਣੀਆਂ ਅੱਖਾਂ ਨਾਲ ਦੇਖ ਲੈਣਾ ਹੈ। ਇਸ ਤਰ੍ਹਾਂ ਦੀ ਕਾਰਗੁਜ਼ਾਰੀ ਨਿਭਾਉਣ ਵਾਲੇ ਰਾਜਸੀ ਦਲ ਜਾਂ ਪ੍ਰਚਾਰਕਾਂ ਦੇ ਨਾਂ ਹੇਠ ਵਿਚਰ ਰਹੇ ਡੇਰੇਦਾਰ ਵੀ ਕਿਵੇਂ ਸਿੱਖ ਕਹੇ ਜਾ ਸਕਦੇ ਹਨ? ਅਤੇ ਇਨ੍ਹਾਂ ਦੀ ਕਾਰਗੁਜ਼ਾਰੀ ਅੱਖੀਂ ਦੇਖ ਕੇ ਵੀ ਇਨ੍ਹਾਂ ਦਾ ਸਾਥ ਨਾ ਛੱਡਣ ਵਾਲੇ ਅੰਧ-ਭਗਤਾਂ ਨੂੰ ਵੀ ਸਿੱਖ ਕਦੋਂ ਕਿਹਾ ਜਾ ਸਕਦਾ ਹੈ ਜਦੋਂ ਕਿ ਗੁਰਬਾਣੀ ਤਾਂ ਸਿੱਖਿਆ ਹੀ ਜਾਗਰੂਕ ਅਤੇ ਬਿਬੇਕਸੀਲ ਬਣੇ ਰਹਿਣ ਦੀ ਦਿੰਦੀ ਹੈ। ਸਾਡੇ ਰਾਜਸੀ ਦਲ ਅਤੇ ਰਾਜਸੀ ਲੋਕ ਵੀ ਲੋਕ ਹਿੱਤਾਂ ਲਈ ਨਹੀਂ ਸਗੋਂ ਨਿੱਜੀ ਹਿੱਤਾਂ ਲਈ ਰਾਜਸੀ ਸਮਝੌਤੇ ਕਰਦੇ ਹਨ। ਸਿਆਸਤ ਵਿੱਚ ਵਰਤਾਰਿਆਂ ਦਾ ਵਿਰੋਧ ਅਤੇ ਸਮਰਥਨ ਨਿੱਜੀ ਹਿੱਤਾਂ ਲਈ ਕੀਤੇ ਜਾਂਦੇ ਹਨ ਤੇ ਲੋਕਾਂ ਨੂੰ ਗੁੰਮਰਾਹਕਰਨ ਲਈ ਉਸ ਵਿਰੋਧ ਅਤੇ ਸਮਰਥਨ ਵਿੱਚ ਦਲੀਲਾਂ ਵੀ ਜੁਟਾ ਲਈਆਂ ਜਾਂਦੀਆਂ ਹਨ। ਕਈ ਵਾਰ ਤਾਂ ਇਹ ਦਲੀਲਾਂ ਇੰਨੀਆਂ ਬਚਕਾਨਾ ਹੁੰਦੀਆਂ ਹਨ ਕਿ ਲੀਡਰਾਂ ਦੀ ਸੋਚ ’ਤੇ ਤਰਸ ਆਉਂਦਾ ਹੈ ਜਿਹੜੇ ਸਮਝਦੇ ਹਨ ਕਿ ਲੋਕ ਉਨ੍ਹਾਂ ਦੀਆਂ ਅਜਿਹੀਆਂ ਹੋਛੀਆਂ ਦਲੀਲਾਂ ਨਾਲ ਸਹਿਮਤ ਹੋਣਗੇ।ਇਹ ਸਾਡੇ ਪੰਥਕ ਆਗੂਆਂ ਦਾ ਕਿਰਦਾਰ ਹੈ।ਸਾਡਾ ਸਮੁੱਚਾ ਸਮਾਜਿਕ, ਸਭਿਆਚਾਰਕ ਤੇ ਸਿਆਸੀ ਤਾਣਾ ਬਾਣਾ ਬੁਰੀ ਤਰ੍ਹਾਂ ਭ੍ਰਿਸ਼ਟਿਆ ਗਿਆ ਹੈ। ਗੁਰਬਾਣੀ ਦੇ ਆਸ਼ਿਆਂ ’ਤੇ ਚੱਲਣ ਵਾਲੇ ਸਿੱਖ ਤਾਂ ਬਹੁਤ ਥੋੜ੍ਹੀ ਗਿਣਤੀ ਵਿੱਚ ਹਨ। ਸਿੱਖ ਸਮਾਜ ਨੂੰ ਮੁੜ ਤੋਂ ਸਚਿਆਰੇ ਰਾਹ ਤੋਰਨ ਲਈ ਸਿੰਘ ਸਭਾ ਲਹਿਰ ਦੀ ਤਰਜ ਤੇ ਪਰ ਨਵੀਆਂ ਤਕਨੀਕਾਂ ਨਾਲ ਲੈਸ, ਚੰਗੇ ਪੜ੍ਹੇ-ਲਿਖੇ ਵਾਲੰਟੀਅਰਾਂ ਵਾਲੀ ਕੋਈ ਵੱਡੀ ਲਹਿਰ ਸ਼ੁਰੂ ਕਰਨੀ ਪਵੇਗੀ।

# ਮੇਰੀਆਂ ਅਭੁੱਲ ਯਾਦਾਂ

ਰੋਮ ਸਰਕਾਰ ਦੇ ਰਿਕਾਰਡ ਵਿਚ ਵੀ ਮੌਜੂਦ ਹੈ। (ਗ) ਰੋਮ ਸਰਕਾਰ ਦੇ ਅਨੁਸਾਰ ਵੀ ਪ੍ਰਭੂ ਯਿਸੂ ਕਦੇ ਵੀ ਇਸਰਾਏਲ ਦੇ ਘੇਰੇ ਤੋਂ ਬਾਹਰ ਨਹੀਂ ਗਏ ਅਰਥਾਤ ਕਦੇ ਵੀ ਭਾਰਤ ਨਹੀਂ ਆਏ। (ਘ) ਸਮੁੱਚੀ ਬਾਈਬਲ ਵਿਚ ਕਿਸੇ ਵੀ ਯੋਗਾ ਦਾ ਵਰਣਨ ਨਹੀਂ ਹੈ। (ਙ) ਯੋਗਾ ਸਿੱਖਣ ਦੀ ਪ੍ਰਭੂ ਯਿਸੂ ਨੂੰ ਕੋਈ ਲੋੜ ਨਹੀਂ ਸੀ।

ਮੈਨੂੰ ਉਮੀਦ ਨਹੀਂ ਸੀ ਕਿ ਲਾਲਾ ਜੀ ਮੇਰਾ ਇਹ ਲੇਖ ਛਾਪ ਦੇਣਗੇ। ਪਰ ਮੈਂ ਸੋਚਿਆ, ਛਾਪਣ ਜਾਂ ਨਾ ਛਾਪਣ ਮੈਂ ਉਹਨਾਂ ਨੂੰ ਉਹਨਾਂ ਦੇ ਲੇਖ ਦਾ ਉਤਰ ਜ਼ਰੂਰ ਦੇ ਕੇ ਆਉਣਾ ਹੈ ਤਾਂ ਜੋ ਉਹ ਇਹ ਨਾ ਕਹਿਣ ਈਸਾਈ ਜਵਾਬ ਨਹੀਂ ਦੇ ਸਕੇ।

ਜਦੋਂ ਮੈਂ ਲਾਲਾ ਜੀ ਕੋਲ ਲੈ ਕੇ ਗਿਆ ਅਤੇ ਉਹਨਾਂ ਨੂੰ ਉਹਨਾਂ ਦਾ ਵਾਅਦਾ ਚੇਤੇ ਕਰਾਇਆ ਤਾਂ ਉਹਨਾਂ ਨੇ ਘੰਟੀ ਮਾਰੀ ਅਤੇ ਪੀਅਨ ਨੂੰ ਮੈਗਜ਼ੀਨ ਸੈਕਸ਼ਨ ਦੇ ਸੰਪਾਦਕ ਨੂੰ ਬੁਲਾਉਣ ਲਈ ਕਿਹਾ। ਜਦ ਉਹ ਆਇਆ ਤਾਂ ਉਹਨਾਂ ਨੇ ਉਸ ਨੂੰ ਅਖਿਆ ਸਾਡੇ ਅਖਬਾਰ ਵਿਚ ਲਾਰਡ ਕਰਾਈਸਟ ਬਾਰੇ ਇਕ ਵਿਵਾਦਗ੍ਰਸਤ ਲੇਖ ਛਪ ਗਿਆ ਜਿਸ ਕਰਕੇ ਈਸਾਈ ਬਹੁਤ ਨਰਾਜ਼ ਹਨ। ਇਹ ਨੌਜਵਾਨ ਜਵਾਬ ਲੈ ਕੇ ਆਇਆ ਹੈ ਇਹ ਛਾਪ ਦਿਓ। ਜਦ ਉਹ ਸੰਪਾਦਕ ਜਾਣ ਲੱਗਾ ਤਾਂ ਮੈਂ ਉਸਨੂੰ ਕਿਹਾ- ਇਹ ਲੇਖ ਉਸੇ ਹੀ ਸਫੇ ਤੇ ਛਪਣਾ ਚਾਹੀਦਾ ਹੈ ਜਿੱਥੇ ਕਰਾਈਸਟ ਦੇ ਵਿਰੁੱਧ ਲੇਖ ਛਪਿਆ ਸੀ ਅਤੇ ਇਸ ਦੇ ਨਾਲ ਉਹੀ ਫੋਟੋ ਵੀ ਛਾਪੋ ਜੋ ਉਸ ਲੇਖ ਨਾਲ ਛਾਪੀ ਸੀ। ਲਾਲਾ ਜੀ ਨੇ ਉਸ ਸੰਪਾਦਕ ਨੂੰ ਕਿਹਾ- ਜਿਸ ਤਰ੍ਹਾਂ ਇਹ ਮੁੰਡਾ ਕਹਿੰਦਾ ਹੈ ਉਸ ਤਰ੍ਹਾਂ ਕਰ ਦਿਓ।

ਮੇਰੀ ਉਮੀਦ ਦੇ ਉਲਟ ਠੀਕ ਉਸੇ ਤਰੀਕ ਉਤੇ ਉਹ ਲੇਖ ਹਿੰਦ ਸਮਾਚਾਰ ਦੇ ਪਹਿਲੇ ਸਫੇ ਤੇ ਛਪ ਗਿਆ। ਇਸ ਨਾਲ ਈਸਾਈ ਬਹੁਤ ਖੁਸ਼ ਹੋਏ। ਉਸ ਦਿਨ ਮੈਂ 70 ਤੋਂ ਵੱਧ ਹਿੰਦ ਸਮਾਚਾਰ ਦੀਆਂ ਕਾਪੀਆਂ ਲੈ ਕੇ ਈਸਾਈਆਂ ਵਿਚ ਵੰਡੀਆਂ। ਮੇਰੀ ਖੁਸ਼ੀ ਸਾਂਭੇ ਨਹੀਂ ਸੀ ਸਾਂਭ ਹੁੰਦੀ। ਲਾਲਾ ਜੀ ਦੀ ਇੱਜ਼ਤ ਮੇਰੀਆਂ ਨਜ਼ਰਾਂ ਵਿਚ ਇੰਨੀ ਵੱਧ ਗਈ ਕਿ ਮੈਂ ਬਿਆਨ ਨਹੀਂ ਸੀ ਕਰ ਸਕਦਾ। ਉਸ ਦਿਨ ਤੋਂ ਲੈ ਕੇ ਇਸ ਪਰਿਵਾਰ ਪ੍ਰਤੀ ਮੇਰੀ ਇੱਜ਼ਤ ਲਗਾਤਾਰ ਵਧਦੀ ਗਈ।

ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਦੇ ਵੱਡੇ ਬੇਟੇ ਰਮੇਸ਼ ਚੋਪੜਾ ਜੀ ਉਹਨਾਂ ਦੀ ਗੱਦੀ ਤੇ ਬੈਠੇ। ਉਹਨਾਂ ਨਾਲ ਅਤੇ ਉਹਨਾਂ ਤੋਂ ਬਾਅਦ ਉਹਨਾਂ ਦੀ ਗੱਦੀ ਤੇ ਬੈਠੇ ਵਿਜੇ ਚੋਪੜਾ ਅਤੇ ਉਹਨਾਂ ਦੇ ਸਪੁੱਤਰ ਅਸ਼ਵਨੀ ਕੁਮਾਰ ਨਾਲ ਮੇਰੇ ਸਬੰਧ ਕਿਸ ਤਰ੍ਹਾਂ ਵਧਦੇ ਗਏ ਅਤੇ ਕਿਸ ਤਰ੍ਹਾਂ ਅਗਲੇ 19-20 ਸਾਲ ਹਰ ਕ੍ਰਿਸਮਿਸ ਅਤੇ ਹਰ ਈਸਟਰ ਤੇ ਮੇਰੇ ਲੇਖ ਹਿੰਦ ਸਮਾਚਾਰ, ਪੰਜਾਬ ਕੇਸਰੀ ਅਤੇ ਜਗਬਾਣੀ ਵਿਚ ਲਗਾਤਾਰ ਛਪਦੇ ਰਹੇ। ਇਸ ਬਾਰੇ ਮੈਂ ਫਿਰ ਕਿਸੇ ਵੇਲੇ ਲਿਖਾਂਗਾ। ਪਰ ਅੱਜ ਜਦ ਵੀ ਮੈਂ ਜੀਵਨ ਦੇ 70ਵੇਂ ਸਾਲ ਵਿਚੋਂ ਦੀ ਲੰਘ ਰਿਹਾ ਹਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਲਾਲਾ ਜੀ ਐਮ. ਪੀ. ਰਹਿ ਚੁੱਕੇ ਸਨ ਜਿਸ ਤਰ੍ਹਾਂ ਮੈਂ ਉਹਨਾਂ ਦੇ ਦਫਤਰ ਜਾ ਕੇ ਉਹਨਾਂ ਦੀ ਲਾਹ-ਪਾਹ ਕੀਤੀ, ਅਵਾ ਤਵਾ ਬੋਲਿਆ।

ਉਹਨਾਂ ਨੂੰ ਧਮਕੀਆਂ ਦਿੱਤੀਆਂ। ਉਹ ਮਾੜਾ ਜਿਹਾ ਫੋਨ ਕਰਦੇ ਤਾਂ ਪੁਲਿਸ ਤੁਰੰਤ ਮੈਨੂੰ ਫੜ ਕੇ ਲੈ ਜਾਂਦੀ। ਮੇਰੇ ਵਿਰੁੱਧ ਪ੍ਰੈਸ ਨੂੰ ਧਮਕੀਆਂ ਦੇਣ ਅਤੇ ਇਕ ਪੱਤਰਕਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਕੇਸ ਦਰਜ ਹੋ ਜਾਂਦਾ। ਮੈਂ ਕੁਝ ਸਾਲਾਂ ਲਈ ਜੇਲ੍ਹ ਚਲਾ ਹੀ ਜਾਂਦਾ ਅਤੇ ਮੇਰੀ ਜ਼ਿੰਦਗੀ ਤਬਾਹ ਹੋ ਜਾਂਦੀ।

ਜਦ ਮੈਂ ਅਕਾਲੀ ਪੱਤਿਕਾ ਵਿਚ ਉਪ ਸੰਪਾਦਕ ਲੱਗਾ ਤਾਂ ਇਕ ਦਿਨ ਹਿੰਦ ਸਮਾਚਾਰ ਵਿਚ ਕੰਮ ਕਰਨ ਵਾਲੇ ਅਸ਼ੋਕ ਵਸ਼ਿਸ਼ਟ ਆਏ। ਉਹਨਾਂ ਨੂੰ ਜਦ ਪਤਾ ਲੱਗਿਆ ਕਿ ਮੈਂ ਫਰੈਡੀ ਜੋਜ਼ਫ ਹਾਂ ਤਾਂ ਉਹਨਾਂ ਨੇ ਅਕਾਲੀ ਪੱਤ੍ਰਿਕਾ ਦੇ ਸੰਪਾਦਕਾਂ ਨੂੰ ਦੱਸਿਆ ਕਿ ਇਸ ਲੇਖ ਨਾਲ ਹਿੰਦੂਆਂ ਵਿਚ ਕਿੰਨਾ ਰੋਸ ਫੈਲ ਗਿਆ ਸੀ। ਉਹਨਾਂ ਦੱਸਿਆ ਕਿ ਸ਼ਹਿਰ ਦੇ ਹਿੰਦੂਆਂ ਦਾ ਇਕ ਵਫਦ ਲਾਲਾ ਜੀ ਨੂੰ ਮਿਲਿਆ ਅਤੇ ਉਹਨਾਂ ਨੂੰ ਉਲ੍ਹਾਮਾ ਦਿੱਤਾ ਕਿ ਇਕ ਇਸਾਈ ਦਾ ਹਿੰਦੂ ਧਰਮ ਬਾਰੇ ਵਿਵਾਦਿਤ ਲੇਖ ਤੁਸੀਂ ਕਿਵੇਂ ਛਾਪ ਦਿੱਤਾ। ਲਾਲਾ ਜੀ ਨੇ ਕਿਹਾ- ਸਾਡੇ ਅਖਬਾਰ ਵਿਚ ਲਾਰਡ ਕਰਾਈਸਟ ਬਾਰੇ ਕਈ ਵਿਵਾਦਿਤ ਲੇਖ ਛਪੇ ਹਨ। ਇਕ ਉਹਨਾਂ ਦਾ ਲੇਖ ਵੀ ਛਪ ਗਿਆ ਤਾਂ ਉਹ ਸਾਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ। ਆਖਿਰ ਇਹਨਾਂ ਲੋਕਾਂ ਨੂੰ ਅਸੀਂ ਆਪਣੇ ਨਾਲ ਲੈ ਕੇ ਚੱਲਣਾ ਹੈ। **(ਚਲਦਾ)**

# ‘ਗੱਜਣਵਾਲਾ ਕਰਤਾਰਾ’



ਮਿੰਟੂ ਬਰਾੜ ਆਸਟ੍ਰੇਲੀਆ
Editor Punjabinewsonline.com

ਆਹ ਯਾਰ ਗੱਜਣਵਾਲਾ ਸੁਖਮਿੰਦਰ ਸਿੰਘ ਤਾਂ ਸੁਣਿਆ ਸੀ
ਪਰ ਆਹ ਗੱਜਣਵਾਲਾ ਕਰਤਾਰਾ ਕੌਣ ਆ ਗਿਆ?

ਇਨਸਾਨੀ ਫ਼ਿਤਰਤ ਰਹੀ ਹੈ ਕਿ ਜਿਸ ਚੀਜ਼ ਦੀ ਘਾਟ ਬੰਦੇ ਦੇ ਜੀਵਨ ਵਿਚ ਰਹਿ ਜਾਂਦੀ ਹੈ ਉਹ ਲਾਲਸਾ ਉਸ ਦੇ ਵਿਚੋਂ ਗਾਹੇ-ਵਗਾਹੇ ਪਰਗਟ ਹੁੰਦੀ ਰਹਿੰਦੀ ਹੈ। ਭਾਵੇਂ ਉਹ ਸ਼ਬਦੀ ਰੂਪ ’ਚ ਹੋਵੇ ਭਾਵੇਂ ਵਿਵਹਾਰਿਕ ਰੂਪ ’ਚ ਹੋਵੇ। ਸੋ ਇਹਨਾਂ ਲਾਲਸਾਵਾਂ ਦੀ ਪੂਰਤੀ ਕਰਨ ਲਈ ਇਨਸਾਨ ਕੋਲ ਦੋ ਮਾਰਗ ਹੁੰਦੇ ਹਨ। ਜਾਂ ਤਾਂ ਉਹ ਇਸ ਕਾਬਿਲ ਬਣ ਜਾਵੇ ਕਿ ਉਹ ਖ਼ੁਦ ਉਨ੍ਹਾਂ ਲੋੜਾਂ ਦੀ ਪੂਰਤੀ ਕਰ ਸਕੇ ਜਾਂ ਫੇਰ ਉਹ ਇਸ ਘਾਟ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਰਾਹੀਂ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਹੁਣ ਅੱਗੇ ਲੋੜਾਂ ਵੀ ਦੋ ਕਿਸਮ ਦੀਆਂ ਹੁੰਦੀਆਂ ਹਨ ਇਕ ਪਦਾਰਥਿਕ ਅਤੇ ਦੂਜੀਆਂ ਰੂਹਾਨੀਅਤ। ਪਦਾਰਥਿਕ ਲੋੜਾਂ ਦੀ ਇੱਛਾ ਤਾਂ ਬੰਦਾ ਮਿਹਨਤ ਕਰ ਕੇ ਪੂਰੀਆਂ ਕਰ ਲੈਂਦਾ ਹੈ। ਪਰ ਰੂਹ ਦੀ ਤ੍ਰਿਪਤੀ ਲਈ ਉਸ ਕੋਲ ਫੇਰ ਦੋ ਹੀ ਸਾਧਨ ਹੁੰਦੇ ਹਨ। ਜਿਨ੍ਹਾਂ ਵਿਚੋਂ ਇਕ ਤਾਂ ਹੈ ‘ਸਾਧਨਾ’ ਮਤਲਬ ਆਪਣੇ ਆਪ ਨੂੰ ਸਾਧ ਲੈਣਾ ਹੈ ਤੇ ਦੂਜੀ ਹੈ, ਤੀਜੀ ਧਿਰ ਰਾਹੀਂ ਆਪਣੀ ਰੂਹ ਨੂੰ ਸ਼ਾਂਤ ਕਰਨਾ। ਕੱਚ ਘਰੜ ਗਿਆਨ ’ਚੋਂ ਨਿਕਲਿਆ ਪ੍ਰਵਚਨ ਕੁੱਝ ਜ਼ਿਆਦਾ ਹੀ ਹੋ ਗਿਆ ਮੁੱਦੇ ਤੇ ਆਉਂਦੇ ਹਾਂ। ਉੱਘੇ ਕਾਲਮਨਵੀਸ ਅਤੇ ਰੀਸਰਚ ਸਕਾਲਰ ਚੰਡੀਗੜ੍ਹ ‘ਗੱਜਣਵਾਲਾ ਸੁਖਮਿੰਦਰ ਸਿੰਘ’ ਅੱਜ ਕੱਲ੍ਹ ਫੇਰ ਆਪਣੇ ਬੱਚਿਆਂ ਕੋਲ ਆਸਟ੍ਰੇਲੀਆ ਆਏ ਹੋਏ ਹਨ। ਅੱਜ ਤੜਕੇ ਤੜਕੇ ਉਨ੍ਹਾਂ ਨੇ ਖ਼ੁਸ਼ਖ਼ਬਰੀ ਸੁਣਾਈ ਕਿ ਉਨ੍ਹਾਂ ਦੇ ਘਰ ਪੋਤੇ ਦੀ ਆਮਦ ਹੋਈ ਹੈ। ਵਧਾਈਆਂ ਦੇਣ ਤੋਂ ਬਾਅਦ ਉਨ੍ਹਾਂ ਨਾਲ ਕੁੱਝ ਦੇਰ ਖੁੱਲ੍ਹ ਕੇ ਗੱਲਾਂ ਹੋਈਆਂ। ਜਿਨ੍ਹਾਂ ਵਿਚੋਂ ਪੋਤੇ ਦੇ ਨਾਮਕਰਨ ਦੀ ਗੱਲ ਨੇ ਇਹ ਲੇਖ ਲਿਖਣ ਲਈ ਪ੍ਰੇਰਿਆ। ਜਿਵੇਂ-ਜਿਵੇਂ ਨਵੇਂ ਯੁੱਗ ਦਾ ਅਗਾਜਿ ਹੋ ਰਿਹਾ ਤਿਵੇਂ-ਤਿਵੇਂ ਪੁਰਾਣੇ ਯੁੱਗ ਦੀਆਂ ਯਾਦਾਂ ਵਲਵਲੇ ਬਣ ਕੇ ਸਾਡਾ ਅੰਦਰ ਹਲੂਣਦਿਆਂ ਹਨ। ਅੱਜ ਤੋਂ ਅੱਧੀ ਸਦੀ ਤੋਂ ਵੀ ਪਹਿਲਾਂ ਜਦੋਂ ਇਕ ਛੋਟੇ ਜਿਹੇ ਤੇ ਅਣਗੌਲੇ ਪਿੰਡ ‘ਗੱਜਣਵਾਲਾ’ ਵਿਚ ਸ ਮੇਜਰ ਸਿੰਘ ਦੇ ਘਰ ਕਿਲਕਾਰੀ ਗੂੰਜੀ ਹੋਣੀ ਹੈ ਤਾਂ ਦਾਦੇ ਮੇਜਰ ਸਿੰਘ ਦੇ ਅੰਦਰੋਂ ਇਹ ਆਵਾਜ਼ ਨਿਕਲੀ ਹੋਣੀ ਹੈ ਕਿ ਮੈਂ ਆਪਣੇ ਪੋਤੇ ਨੂੰ ਪਿੰਡ ’ਚ ਨਹੀਂ ਰੁਲਨ ਦੇਣਾ। ਪੜਾਵਾਂਗੇ, ਲਿਖਾਵਾਂਗੇ ਤੇ ਸ਼ਹਿਰੀ ਬਣਾਵਾਂਗੇ। ਇਸ ਲਈ ਨਾਮ ਵੀ ਸ਼ਹਿਰੀ ਜਿਹਾ ਹੋਣਾ ਚਾਹੀਦਾ। ‘ਸੁਖਮਿੰਦਰ ਸਿੰਘ’ ਨਾਮਕਰਨ ਕੀਤਾ ਉਨ੍ਹਾਂ ਆਪਣੇ ਪੋਤੇ ਦਾ। ਪੋਤੇ ਨੇ ਵੀ ਨਾਂ ਦੀ ਡੋਰ ਫੜ ਕੇ ਬਜ਼ੁਰਗਾ ਦੇ ਸੁਪਨੇ ਸਾਕਾਰ ਕੀਤੇ। ਪੜ੍ਹਿਆ ਲਿਖਿਆ ਤੇ ਸ਼ਹਿਰੀ ਬਣਿਆ। ਉਸ ਵਕਤ ਦਾਦੇ ਨੂੰ ਅਹਿਮ ਸੀ ਕਿ ਜੇ ਨਾਂ ਗੰਡਾ ਸਿੰਘ ਜਾਂ ਝੰਡਾ ਸਿੰਘ ਰੱਖ ਦਿਤਾ ਤਾਂ ਕਿਤੇ ਸਾਡਾ ਖ਼ਾਨਦਾਨ ਪੇਂਡੂ ਬਣ ਕੇ ਨਾ ਰਹਿ ਜਾਵੇ। ਸਮੇਂ ਦੇ ਹਾਣ ਦਾ ਰਹਿਣ ਲਈ ਆਧੁਨਿਕ ਨਾਮਕਰਨ ਕੀਤਾ ਗਿਆ। ਬਾਅਦ ਵਿਚ ਇਸੇ ਸੁਖਮਿੰਦਰ ਸਿੰਘ ਨੇ ਦਾਦੇ ਵੱਲੋਂ ਦਿੱਤੇ ਸੁਖਮਿੰਦਰ ਨਾਂ ਅੱਗੇ ਆਪਣੇ ਪਿੰਡ ’ਗੱਜਣਵਾਲਾ’ ਦਾ ਨਾਂ ਜੋੜ ਕੇ ਜਨਮ ਭੋਏਂ ਦਾ ਕਰਜ ਮੋੜਨ ਦੀ ਸਫਲ ਕੋਸ਼ਿਸ਼ ਕੀਤੀ।

ਵਕਤ ਨੇ ਸੁਖਮਿੰਦਰ ਸਿੰਘ ਨੂੰ ਦਾਦੇ ਵਾਲਾ ਜਾਮਾ ਪੁਆ ਦਿੱਤਾ। ਹੁਣ ਫ਼ਿਕਰ ਕਰਨ ਦਾ ਟਾਈਮ ਇਸ ਦਾਦੇ ਸੀ। ਇਸ ਆਧੁਨਿਕ ਦਾਦੇ ਨੂੰ ਵੀ ਆਪਣੀਆਂ ਆਉਣ ਵਾਲੀਆਂ ਪੀੜਿਆ ਪ੍ਰਤੀ ਇਕ ਸਹਿਮ ਤੇ ਅਹਿਮ ਸੱਤਾ ਰਿਹਾ ਸੀ। ਬੱਸ ਫ਼ਰਕ ਏਨਾ ਕੁ ਸੀ ਕਿ ਜਿੱਥੇ ਸੁਖਮਿੰਦਰ ਦੇ ਜਨਮ ਤੇ ਦਾਦੇ ਦੀ ਸੋਚ ਪਿੰਡ ਦੇ ਪਿਛੜੇ ਪਣ ’ਚੋਂ ਪੋਤੇ ਨੂੰ ਕੱਢਣ ਦੀ ਸੀ, ਉੱਥੇ ਅੱਜ ਦੇ ਇਸ ਦਾਦੇ ਦੀ ਸੋਚ ਵਿਦੇਸ਼ੀ ਚਕਾਚੌਂਧ ਵਿਚ ਦੁਨੀਆਂ ਦੇ ਪਹਿਲੇ ਨੰਬਰ ਦੇ ਸ਼ਹਿਰ ਮੈਲਬਾਰਨ ’ਚ ਵਿਚ ਰਹਿੰਦੀਆਂ ਆਪਣੀਆਂ ਪੀੜ੍ਹੀਆਂ ਨੂੰ ਆਪਣੇ ਪਿੰਡ ਦੀਆਂ ਗਲੀਆਂ ਦੀ ਯਾਦ ’ਚ ਲਬਰੇਜ਼ ਰੱਖਣ ਦੀ ਹੈ। ਸੋ ਅੱਜ ਜਦੋਂ ਗੱਜਣਵਾਲਾ ਸੁਖਮਿੰਦਰ ਸਿੰਘ ਦੇ ਘਰ ਪੋਤੇ ਨੇ ਜਨਮ ਲਿਆ ਤਾਂ ਮੈਂ ਵਧਾਈ ਦੇਣ ਲਈ ਜਦੋਂ ਉਨ੍ਹਾਂ ਨੂੰ ਫ਼ੋਨ ਕੀਤਾ ਤਾਂ ਉਨ੍ਹਾਂ ਦੇ ਦਿਲ ਦੀ ਹੂਕ ਆਖ਼ਿਰ ਬਾਹਰ ਆ ਹੀ ਗਈ। ਜਦੋਂ ਮੈਂ ਨਵੇਂ ਆਏ ਜੀਅ ਦੇ ਨਾਂ ਬਾਰੇ ਪੁੱਛਿਆ ਤਾਂ ਕਹਿੰਦੇ! “ਓਏ ਯਾਰ ਮਿੰਟੂ ਬਰਾੜਾ, ਮੇਰੀ ਪੋਤੀ ਤਾਂ ਕੋਈ ਹੋਰ ਹੀ ਆਧੁਨਿਕ ਜਿਹਾ ਨਾਂ ਲੈ ਰਹੀ ਆ ਪਰ ਮੈਂ ਤਾਂ ਸਾਰੇ ਟੱਬਰ ਨੂੰ ਕਹਿ ਦਿੱਤਾ ਵੀ ਮੈਂ ਤਾਂ ਇਸ ਨੂੰ ‘ਕਰਤਾਰਾ’ ਹੀ ਕਹਾਂਗਾ।”

ਮੈਂ ਥੋੜ੍ਹਾ ਜਿਹਾ ਹੱਸਿਆ ਤਾਂ ਬਾਈ ਜੀ ਕਹਿੰਦੇ “ਯਾਰ ਤੂੰ ਮੈਨੂੰ ਇਹ ਦੱਸ ਕੀ ’ਓਏ ਕਰਤਾਰਿਆ ਓਏ’ ਕਹਿਣ ਨਾਲ ਰੂਹ ਰੱਜਦੀ ਹੈ ਕਿ “ਓਏ ਜੋਜਫ ਓਏ’ ਕਹਿ ਕੇ?” ਮੈਂ ਕਿਹਾ ਗੱਲ ਤਾਂ ਬਾਈ ਤੁਹਾਡੀ ਠੀਕ ਹੈ ਪਰ ਮਨੋ ਨਾ ਮੰਨੋ ਜਿੱਥੇ ਤੁਹਾਡੇ ਦਾਦੇ ਨੇ ਤੁਹਾਡੇ ’ਚੋਂ ਪਿੰਡ ਕੱਢਣ ਦੀ ਖ਼ਾਹਿਸ਼ ਨਾਲ ਤੁਹਾਨੂੰ ‘ਸੁਖਮਿੰਦਰ’ ਨਾਂ ਦਿੱਤਾ ਸੀ, ਉੱਥੇ ਤੁਸੀਂ ਆਪਣੇ ਪੋਤੇ ਦਾ ਨਾਂ ’ਕਰਤਾਰਾ’ ਰੱਖ ਕੇ ਉਸ ਵਿਚ ਪਿੰਡ ਨੂੰ ਰਚਾਉਣ ਦੀ ਕੋਸ਼ਿਸ਼ ਕੀਤੀ ਹੈ। ਵੇਲੇ-ਵੇਲੇ ਦੇ ਰਾਗ ਹੁੰਦੇ ਹਨ, ਉਸ ਵਕਤ ਸ ਮੇਜਰ ਸਿੰਘ ਆਪਣੀ ਥਾਂ ਤੇ ਸਹੀ ਸੀ ਅੱਜ ਸੁਖਮਿੰਦਰ ਸਿੰਘ ਵੀ ਸਹੀ ਨਾਮਕਰਨ ਕਰ ਕੇ ਆਪਣਾ ਫ਼ਰਜ਼ ਨਿਭਾ ਰਿਹਾ ਹੈ। ਪਤਾ ਨਹੀਂ ਜਦੋਂ ਨੂੰ ਕਰਤਾਰੇ ਨੇ ਦਾਦਾ ਬਣਨਾ ਉਦੋਂ ਕਿਹੋ ਜਿਹਾ ਵਕਤ ਹੋਵੇਗਾ। ਪਰ ਇਹ ਗੱਲ ਪੱਕੀ ਹੈ ਕਿ ਸੋਚਣਾ ਉਸ ਨੂੰ ਵੀ ਨਾਮਕਰਨ ਦੇ ਵਿਸ਼ੇ ਤੇ ਪਵੇਗਾ। ਚਲੋ ਜੀ ਜੋ ਵੀ ਹੈ ਇਸ ਆਧੁਨਿਕ ਯੁੱਗ, ਆਧੁਨਿਕ ਸ਼ਹਿਰ ’ਚ ਜਨਮੇ ਪੇਂਡੂ ‘ਗੱਜਣਵਾਲਾ ਕਰਤਾਰ ਸਿਓਂ’ ਦਾ ਸਵਾਗਤ ਹੈ ਤੇ ਪਰਵਾਰ ਨੂੰ ਲੱਖ ਲੱਖ ਮੁਬਾਰਕਾਂ।

# ਸਪੋਰਟਸ ਸਟਾਰਾਂ ਦੇ ਅਜਿਹੇ ਬੱਚੇ ਜੋ ਲਿਵ ਇਨ ਰਿਲੇਸ਼ਨਸ਼ਿਪ ਦੇ ਦੌਰਾਨ ਪੈਦਾ ਹੋਏ



ਹਾਲ ਹੀ ਵਿਚ ਫੈਸ਼ਨ ਡਿਜ਼ਾਇਨਰ ਮਸਾਬਾ ਗੁਪਤਾ ਨੇ ਪ੍ਰੋਡਿਊਸਰ ਮਧੂ ਮੰਤੇਨਾ ਨਾਲ ਵਿਆਹ ਕੀਤਾ। ਮਸਾਬਾ ਬਾਲੀਵੁੱਡ ਦਾ ਵੱਡਾ ਨਾਂ ਹੈ। ਉਹਨਾਂ ਦੀ ਮਾਂ ਨੀਨਾ ਗੁਪਤਾ ਹੈ, ਜਦਕਿ ਪਿਤਾ ਸਾਬਕਾ ਵੈਸਟ ਇੰਡੀਜ਼ ਕ੍ਰਿਕਟਰ ਵਿਵੀਆਨ ਰਿਚਰਡਸ। 1980 ਦੇ ਦਹਾਕੇ ਵਿਚ ਜਦੋਂ ਵੈਸਟ ਇੰਡੀਜ਼ ਦੀ ਟੀਮ ਇੰਡੀਆ ਦੇ ਦੌਰੇ ਤੇ ਸੀ, ਉਦੋਂ ਰਿਚਰਡਸ ਦੀ ਨੀਨਾ ਨਾਲ ਮੁਲਾਕਾਤ ਹੋਈ। ਇਸੇ ਵਿਚਕਾਰ ਦੋਵਾਂ ਵਿਚ ਨਜ਼ਦੀਕੀਆਂ ਵਧੀਆਂ। ਹਾਲਾਂਕਿ ਨੀਨਾ ਦੇ ਘਰਵਾਲੇ ਇਸ ਵਿਆਹ ਦੇ ਲਈ ਰਾਜ਼ੀ ਨਹੀਂ ਸਨ।

### ਲਿਵ-ਇਨ ਰਿਲੇਸ਼ਨਸ਼ਿਪ ਦੌਰਾਨ ਹੋਇਆ ਮਸਾਬਾ ਦਾ ਜਨਮ

ਇਸੇ ਵਿਚਕਾਰ ਨੀਨਾ ਗਰਭਵਤੀ ਹੋ ਗਈ। ਇਸ ਬਾਰੇ ਪਤਾ ਲੱਗਦੇ ਹੀ ਵਿਵੀਅਨ ਰਿਚਰਡਸ ਨੇ ਉਸ ਨਾਲੋਂ ਦੂਰੀਆਂ ਬਣਾ ਲਈਆਂ ਪਰ ਨੀਨਾ ਨੇ ਬੱਚੇ ਨੂੰ ਜਨਮ ਦੇਣ ਦਾ ਫੈਸਲਾ ਕੀਤਾ। 1989 ਵਿਚ ਨੀਨਾ ਨੇ ਰਿਚਰਡ ਦੀ ਬੇਟੀ ਮਸਾਬਾ ਨੂੰ ਜਨਮ ਦਿੱਤਾ ਸੀ। ਉਸ ਦੌਰ ਵਿਚ ਨੀਨਾਂ ਦੇ ਫੈਸਲੇ ਨੂੰ ਬਹੁਤ ਹਿੰਮਤੀ ਮੰਨਿਆ ਗਿਆ ਸੀ।

ਹਾਲਾਂਕਿ ਹੁਣ ਸਪੋਰਟਸ ਵਰਲਡ ਵਿਚ ਅਜਿਹੇ ਕਈ ਸਟਾਰ ਖਿਡਾਰੀ ਹਨ ਜੋ ਨਾਂ ਸਿਰਫ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿੰਦੇ ਹਨ ਬਲਕਿ ਇਸ ਰਿਸ਼ਤੇ ਤੋਂ ਉਹਨਾਂ ਦੇ ਬੱਚੇ ਵੀ ਹਨ। ਇਹਨਾਂ ਵਿਚੋਂ ਕੁਝ ਰਿਸ਼ਤਿਆਂ ਵਿਚ ਵਿਆਹ ਹੋਇਆ ਅਤੇ ਕੁਝ ਲੰਮੇ ਸਮੇਂ ਤੋਂ ਲਿਵ-ਇਨ ਵਿਚ ਹਨ। ਉਥੇ ਹੀ ਕੁਝ ਰਿਸ਼ਤੇ ਅਜਿਹੇ ਵੀ ਹਨ ਜੋ ਲਿਵ-ਇਨ ਤੋਂ ਅੱਗੇ ਨਹੀਂ ਵੱਧ ਸਕੇ ਹਨ।



**ਇਮਰਾਨ ਖਾਨ**

ਪਾਕਿਸਤਾਨੀ ਕ੍ਰਿਕਟਰ ਇਮਰਾਨ ਖਾਨ ਦੀ ਲੜਕੀ ਤੈਰਾਨ ਲਿਵ ਇਨ ਰਿਲੇਸ਼ਨਸ਼ਿਪ ਤੋਂ ਹੋਈ। ਉਹਨਾਂ ਦੀ ਪਾਰਟਨਰ ਸੀਤਾ ਵਾਈਟ ਸੀ। ਕੁਝ ਸਮੇਂ ਤੱਕ ਅਫੇਅਰ ਅਤੇ ਲਿਵ ਇਨ ਵਿਚ ਰਹੇ। 1997 ਵਿਚ ਬੇਟੀ ਹੋਣ ਦਾ ਖੁਲਾਸਾ ਹੋਇਆ। ਸੀਤਾ ਦੀ ਮੌਤ ਤੋਂ ਬਾਅਦ ਇਮਰਾਨ ਨੇ ਲੜਕੀ ਨੂੰ ਅਪਣਾ ਲਿਆ ਸੀ।




**ਲੀਏਂਡਰ ਪੇਸ, ਇੰਡੀਅਨ ਟੈਨਿਸ ਸਟਾਰ**

ਭਾਰਤੀ ਟੈਨਿਸ ਸਟਾਰ ਲੀਏਂਡਰ ਪੇਸ ਦੇ ਇਕ ਲੜਕੀ ਰਿਆ ਪਿਲਈ ਦੇ ਨਾਲ ਲਿਵ ਇਨ ਰਿ-ਲੇਸ਼ਨਸ਼ਿਪ ਦਰਮਿਆਨ ਹੋਈ। ਇਹ ਦੋਵੇਂ ਲੰਮੇ ਸਮੇਂ ਤੱਕ ਰਿਲੇਸ਼ਨਸ਼ਿਪ ਵਿਚ ਰਹੇ। ਇਹਨਾਂ ਦੇ 2014 ਵਿਚ ਅਲੱਗ ਹੋਣ ਦੀਆਂ ਖਬਰਾਂ ਆਈਆਂ ਸਨ।



**ਗੇਰਾਰਡ ਪੀਕੂ, ਸਪੈਨਿਸ਼ ਫੁਟਬਾਲਰ**

ਸਪੇਨ ਦੇ ਪ੍ਰਸਿੱਧ ਫੁਟਬਾਲਰ ਗੇਰਾਰਡ ਪੀਕੂ ਦੇ ਦੋ ਬੱਚੇ ਹਨ ਜੋ ਲਿਵ ਇਨ ਰਿਲੇਸ਼ਨਸ਼ਿਪ ਦਰਮਿਆਨ ਹੋਏ ਹਨ। ਉਹਨਾਂ ਦਾ ਸਬੰਧ ਪੌਪ ਸਿੰਗਰ ਸ਼ਕੀਰਾ ਨਾਲ ਰਿਹਾ ਹੈ। ਇਹਨਾਂ ਦੇ ਸਬੰਧ ਕਾਫੀ ਲੰਮਾ ਸਮਾਂ ਚੱਲੇ ਹਨ ਅਤੇ 2010 ਤੋਂ ਲਗਾਤਾਰ ਜਾਰੀ ਰਹੇ ਹਨ।



**ਲਿਯੋਨੇਲ ਮੈਸੀ**

ਅਰਜਨਟੀਨਾ ਦੇ ਪ੍ਰਸਿੱਧ ਫੁਟਬਾਲਰ ਲਿਵੋਨੇਲ ਮੈਸੀ ਦੇ ਵੀ ਲਿਵ ਇਨ ਰਿਲੇਸ਼ਨਸ਼ਿਪ ਵਿਚ 2 ਬੱਚੇ ਹੋਏ ਹਨ। ਉਹਨਾਂ ਦੀ ਪਾਰਟਨਰ ਐਂਟੋਨੇਲਾ ਰੋਕਯੂਜੋ ਹੈ। ਇਹਨਾਂ ਦੀ ਰਿਲੇਸ਼ਨਸ਼ਿਪ 2008 ਤੋਂ ਚੱਲੀ ਆ ਰਹੀ ਹੈ।



**ਡੇਵਿਡ ਵਾਰਨਰ, ਆਸਟ੍ਰੇਲੀਅਨ ਕ੍ਰਿਕਟਰ**

ਆਸਟ੍ਰੇਲੀਆ ਦੇ ਕ੍ਰਿਕਟਰ ਡੇਵਿਡ ਵਾਰਨਰ ਦੇ ਇਕ ਬੇਟੀ ਹੈ ਜੋ ਉਹਨਾਂ ਦੀ ਪਾਰਟਨਰ ਕੈਂਡਿਸ ਵਾਰਨਰ ਤੋਂ ਹੋਈ ਹੈ। ਇਹਨਾਂ ਦੇ ਸਤੰਬਰ 2014 ਵਿਚ ਬੇਟੀ ਦਾ ਜਨਮ ਹੋਇਆ। ਅਪ੍ਰੈਲ 2015 ਵਿਚ ਇਹਨਾਂ ਦਾ ਵਿਆਹ ਹੋ ਗਿਆ ਸੀ।



**ਕ੍ਰਿਸਟਯਾਨੋ ਰੋਨਾਲਡੋ**

ਪੁਰਤਗਾਲ ਦੇ ਪ੍ਰਸਿੱਧ ਫੁਟਬਾਲਰ ਕ੍ਰਿਸਟੀਯਾਨੋ ਰੋਨਾਲਡੋ ਦੇ ਰਿਲੇਸ਼ਨਸ਼ਿਪ ਵਿਚ ਇਕ ਬੱਚਾ ਹੈ। ਇਸ ਬੱਚੇ ਦੀ ਮਾਂ ਦੇ ਨਾਂ ਦਾ ਖੁਲਾਸਾ ਨਹੀਂ ਹੋ ਸਕਿਆ। ਫਿਲਹਾਲ ਏਜੰਟ ਦੀ ਲੜਕੀ ਨੂੰ ਡੇਟ ਕਰਨ ਦੀ ਖਬਰ ਹੈ ਅਤੇ ਰੋਨਾਲਡੋ ਦੀਆਂ ਹੁਣ ਤੱਕ ਕਰੀਬ 16 ਗਰਲ ਫਰੈਂਡ ਰਹੀਆਂ ਹਨ।



**ਨੇਮਾਰ ਜੂਨੀਅਰ, ਬ੍ਰਾਜੀਲੀਅਨ ਫੁਟਬਾਲਰ**

ਬ੍ਰਾਜੀਲ ਦੇ ਫੁਟਬਾਲਰ ਨੇਮਾਰ ਜੂਨੀਅਰ ਦੇ ਲਿਵ ਇਨ ਰਿਲੇਸ਼ਨਸ਼ਿਪ ਤੋਂ ਇਕ ਲੜਕਾ ਡੇਵਿਡ ਹੈ। ਉਹਨਾਂ ਦਾ ਸਬੰਧ ਕੈਰੋਲੀਨਾ ਡੈਂਟਸ ਨਾਲ ਰਿਹਾ ਹੈ। ਇਹ ਦੋਵੇਂ ਕਈ ਸਾਲਾਂ ਤੱਕ ਲਿਵ ਇਨ ਰਿਲੇਸ਼ਨਸ਼ਿਪ ਵਿਚ ਰਹੇ ਹਨ। 2011 ਵਿਚ ਬੱਚੇ ਦੇ ਜਨਮ ਤੋਂ ਬਾਅਦ ਉਹ ਅਲੱਗ ਹੋ ਗਏ।

# ਆਈ ਐਸ ਜੁਆਇਨ ਕਰ ਚੁੱਕੀ ਲੜਕੀ ਮਾਂ ਨੂੰ ਦਿੰਦੀ ਹੈ ਸਿਰ ਕਲਮ ਕਰਨ ਦੀ ਧਮਕੀ

ਸਾਈਬੇਰੀਆ ਦੀ ਫਾਤਿਮਾ ਜਰਫਾਰੋਵਾ ਨੇ ਅੱਤਵਾਦੀ ਸੰਗਠਨ ਆਈ ਐਸ ਜੁਆਇਨ ਕਰ ਲਿਆ। ਉਸਦੀ ਮਾਂ ਸ਼ਾਖਲਾ ਬੋਚਕਾਰਯੋਵਾ ਨੇ ਕਨਫਰਮ ਕੀਤਾ ਹੈ। ਲੜਕੀ ਦੀਆਂ ਹਰਕਤਾਂ ਤੋਂ ਮਾਂ ਨੂੰ ਡੂੰਘਾ ਸਦਮਾ ਲੱਗਿਆ ਹੈ। ਇਸ ਮਾਂ ਦਾ ਕਹਿਣਾ ਹੈ ਕਿ ਉਸਨੇ ਲੜਕੀ ਨਹੀਂ, ਬਲਕਿ ਇਕ ਸ਼ੈਤਾਨ ਪੈਦਾ ਕੀਤਾ ਹੈ। 20 ਸਾਲ ਦੀ ਫਾਤਿਮਾ ਤੁਰਕੀ ਦੇ ਰਸਤੇ ਸੀਰੀਆ ਪਹੁੰਚੀ ਹੈ। ਹਾਲ ਹੀ ਵਿਚ ਉਸਨੇ ਪੈਰਿਸ ਹਮਲਿਆਂ ਨੂੰ ਲੈ ਕੇ ਸੋਸ਼ਲ ਮੀਡੀਆ ਤੇ ਕਈ ਪ੍ਰਾਪੋਗੰਡਾ ਮੈਸੇਜ ਵੀ ਪੋਸਟ ਕੀਤੇ ਸਨ।



41 ਸਾਲ ਦੀ ਸ਼ਾਖਲਾ ਨੇ ਇਕ ਰੂਸੀ ਚੈਨਲ ਨੂੰ ਦੱਸਿਆ ਕਿ ਫਾਤਿਮਾ ਕਹਿੰਦੀ ਸੀ ਕਿ ਇਕ ਦਿਨ ਉਸਦੇ ਭਰਾ (ਅੱਤਵਾਦੀ) ਆਉਣਗੇ ਅਤੇ ਮੁੰਡਾ ਵਰਗੇ ਕਾਫਰਾਂ ਨੂੰ ਮੌਤ ਦੇ ਘਾਟ ਉਤਾਰਨਗੇ। ਉਹਨਾਂ ਮੁਤਾਬਕ ਫਾਤਿਮਾ ਨੇ ਉਹਨਾਂ ਨੂੰ ਇਹ ਵੀ ਕਿਹਾ ਸੀ ਕਿ ਅੱਤਵਾਦੀ ਜਦੋਂ ਛੁਰੇ ਨਾਲ ਉਹਨਾਂ ਦਾ ਸਿਰ ਕਲਮ ਕਰਨਗੇ ਤਾਂ ਉਸਦਾ ਦਿਲ ਵੀ ਨਹੀਂ ਘਬਰਾਏਗਾ।

ਇਸੇ ਮਾਂ ਦਾ ਕਹਿਣਾ ਹੈ ਕਿ ਆਪਣੀ ਲੜਕੀ ਨੂੰ ਅੱਤਵਾਦੀਆਂ ਦੇ ਝਾਂਸੇ ਵਿਚ ਆਉਣ ਤੋਂ ਬਚਾਉਣ ਦੇ ਲਈ ਉਸਨੇ ਕਈ ਯਤਨ ਕੀਤੇ ਹਨ। ਸ਼ਾਖਲਾ ਮੁਤਾਬਕ ਫਾਤਿਮਾ ਘਰ ਛੱਡ ਕੇ ਸੀਰੀਆ ਨਾ ਭੱਜ ਜਾਵੇ, ਇਸ ਕਰਕੇ ਉਸਨੇ ਉਸਨੂੰ ਬੈਡਰੂਮ ਵਿਚ ਚੈਨ ਨਾਲ ਬੰਨ੍ਹ ਰੱਖਿਆ ਸੀ ਪਰ ਉਹ ਕਿਸੇ ਤਰ੍ਹਾਂ ਖਿੜਕੀ ਤੋਂ ਨਿਕਲ ਗਈ।

ਇਸ ਮਾਂ ਦੀ ਚਿੰਤਾ ਉਦੋਂ ਹੋਰ ਵੱਧ ਗਈ, ਜਦੋਂ ਅਬਦੁੱਲਾ ਨਾਂ ਦੇ ਵਿਅਕਤੀ ਦੀ ਪੁਲਿਸ ਨੇ ਆਈ ਐਸ ਭਰਤੀ ਕਰਨ ਵਾਲੇ ਦੇ ਰੂਪ ਵਿਚ ਪਛਾਣ ਕੀਤੀ। ਸ਼ਾਖਲਾ ਮੁਤਾਬਕ ਅਬਦੁੱਲਾ ਉਹਨਾਂ ਦੀ ਲੜਕੀ ਫਾਤਿਮਾ ਨਾਲ ਵਿਆਹ ਕਰਨਾ ਚਾਹੁੰਦਾ ਹੈ। ਉਸਨੇ ਕਿਹਾ, ਮੇਰੀ ਲੜਕੀ ਉਸੇ ਦੇ ਨਾਲ ਰਹਿ ਰਹੀ ਹੈ। ਉਹ ਵੀ ਜਾਣਦੀ ਹੈ ਕਿ ਅੱਤਵਾਦੀ ਉਸਨੂੰ ਜਿੰਦਾ ਨਹੀਂ ਛੱਡਣਗੇ, ਉਸਦਾ ਅੰਤ ਇਕ ਗੋਲੀ ਨਾਲ ਹੀ ਹੋਵੇਗਾ।

ਫਾਤਿਮਾ ਇਕ ਮੁਸਲਿਮ ਪਰਿਵਾਰ ਵਿਚ ਪਲੀ ਹੈ। ਸ਼ਾਖਲਾ ਮੁਤਾਬਕ ਉਸਦੀ ਡ੍ਰੈਸਿੰਗ ਸੈਂਸ ਕਾਫੀ ਚੰਗੀ ਸੀ। ਪਰ ਬ੍ਰੇਨ ਵਾਸ਼ ਹੋਣ ਤੋਂ ਬਾਅਦ ਉਸਨੇ ਹਿਜਾਬ ਪਾਉਣਾ ਆਰੰਭ ਕਰ ਦਿੱਤਾ। ਉਸਨੂੰ ਹਰ ਵਕਤ ਕਿਆਮਤ ਦਾ ਇੰਤਜ਼ਾਰ ਰਹਿੰਦਾ ਸੀ।

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532



# A & S

## Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673



# Continental

ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Truck, Trailer Repair & Tyre Servicse

Bhajji Gill (510-277-6315)
Chain Gill 510-542-1181

42400 Boyce Rd.,
Unite F,
Fremont,
CA 94538





FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

## Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM



Ram Gopal

Features All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi · Varieties of Video Games Available · Variety of Sandwiches are also available · FREE WiFi

Ram Gopal (916) 448-6239
200 "J" Street, Sacramento, CA 95814

## ਵਿਸ਼ਵ ਏਡਜ਼ ਦਿਵਸ ਸਬੰਧੀ ਵਿਸ਼ੇਸ਼


# ਵੱਡਾ ਖਤਰਾ ਬਣ ਰਹੀ ਹੈ ਐਚ ਆਈ ਵੀ/ਏਡਜ਼ ਦੀ ਬਿਮਾਰੀ



ਕੁਲਦੀਪ ਚੰਦ
91-9417563054

ਲੱਗਭੱਗ ਤਿੰਨ ਦਹਾਕੇ ਪਹਿਲਾਂ ਸਾਹਮਣੇ ਆਏ ਐਚ ਆਈ ਵੀ/ਏਡਜ਼ ਦੇ ਰੋਗ ਨੇ ਅੱਜ ਦੁਨੀਆਂ ਦੇ ਸਭ ਮੁਲਕਾਂ ਵਿੱਚ ਪੈਰ ਪਿਸਾਰੇ ਹੋਏ ਹਨ। ਅੱਜ ਕੋਈ ਵੀ ਇਨਸਾਨ ਅਜਿਹਾ ਨਹੀਂ ਹੋਵੇਗਾ ਜਿਸ ਨੂੰ ਐਚ ਆਈ ਵੀ/ਏਡਜ਼ ਵਰਗੀ ਨਾਮੁਰਾਦ ਬਿਮਾਰੀ ਬਾਰੇ ਪਤਾ ਨਾ ਹੋਵੇ। ਦੁਨੀਆਂ ਦੇ ਸਭ ਮੁਲਕ ਇਸ ਰੋਗ ਦੇ ਵਾਧੇ ਤੋਂ ਚਿੰਤਿਤ ਹਨ। ਐਚ ਆਈ ਵੀ/ਏਡਜ਼ ਦਾ ਸ਼ਿਕਾਰ ਕੋਈ ਵੀ ਵਿਅਕਤੀ ਹੋ ਸਕਦਾ ਹੈ। ਭਾਵੇਂ ਉਹ ਮਾਂ ਦੇ ਗਰਭ ਵਿੱਚ ਪਲ ਰਿਹਾ ਬੱਚਾ ਹੀ ਕਿਉਂ ਨਾ ਹੋਵੇ ਬਸ਼ਰਤੇ ਕਿ ਮਾਂ ਨੂੰ ਵੀ ਏਡਜ਼ ਹੋਵੇ। ਕਈ ਵਿਅਕਤੀ ਅਣਜਾਣੇ ਵਿੱਚ ਹੀ ਏਡਜ਼ ਦਾ ਸ਼ਿਕਾਰ ਬਣ ਜਾਂਦੇ ਹਨ। ਏਡਜ਼ ਗ੍ਰਸਤ ਵਿਅਕਤੀ ਦੁਆਰਾ ਵਰਤੀ ਹੋਈ ਸਰਿੰਜ ਵਰਤਣ ਨਾਲ ਅਤੇ ਏਡਜ਼ ਗ੍ਰਸਤ ਵਿਅਕਤੀ ਦਾ ਖ਼ੂਨ ਚੜ੍ਹਾਉਣ ਨਾਲ ਵੀ ਕੋਈ ਵੀ ਵਿਅਕਤੀ ਏਡਜ਼ ਗ੍ਰਸਤ ਹੋ ਸਕਦਾ ਹੈ। ਵਿਸ਼ਵ ਸਿਹਤ ਸਗੰਠਨ ਵਲੋਂ ਅਗਸਤ 1987 ਵਿੱਚ ਇਸ ਸਮੱਸਿਆ ਨਾਲ ਨਜਿੱਠਣ ਲਈ ਵਿਸ਼ਵ ਏਡਜ਼ ਦਿਵਸ ਮਨਾਉਣ ਦਾ ਵਿਚਾਰ ਪੇਸ ਕੀਤਾ ਗਿਆ। ਇਸ ਲਾਇਲਾਜ਼ ਰੋਗ ਦੇ ਵਾਧੇ ਨੂੰ ਵੇਖਦੇ ਹੋਏ ਯੂਨਾਇਟਡ ਨੇਸ਼ਨਜ਼ ਦੇ ਮੈਂਬਰ ਦੇਸ਼ਾਂ ਵਲੋਂ 1 ਦਸੰਬਰ 1988 ਤੋਂ ਬਾਦ ਹਰ ਸਾਲ 01 ਦਸੰਬਰ ਦਾ ਦਿਨ ਵਿਸ਼ਵ ਏਡਜ਼ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਹਿਲੇ 02 ਸਾਲ ਇਸ ਦਿਨ ਦਾ ਮੁੱਖ ਵਿਸ਼ਾ ਬੱਚੇ ਅਤੇ ਨੌਜਵਾਨ ਪਿੜ੍ਹੀ ਹੀ ਰਿਹਾ। 1996 ਵਿੱਚ ਯੂਨਾਇਟਡ ਨੇਸ਼ਨਜ਼ ਵਲੋਂ ਸੰਯੁਕਤ ਏਡਜ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਅਤੇ 1997 ਵਿੱਚ ਇੱਕ ਦਿਨ ਦੀ ਬਜਾਏ ਪੂਰਾ ਸਾਲ ਇਸ ਸਬੰਧੀ ਜਾਗਰੂਕਤਾ ਫੈਲਾਉਣ ਲਈ ਸਮਰਪਿਤ ਕੀਤਾ ਗਿਆ। 2004 ਵਿੱਚ ਵਿਸ਼ਵ ਏਡਜ਼ ਮੁਹਿੰਮ ਇੱਕ ਅਲੱਗ ਸੰਗਠਨ ਹੀ ਬਣ ਗਿਆ ਅਤੇ ਹੁਣ ਇਸ ਸੰਗਠਨ ਵਲੋਂ ਵਿਸ਼ਵ ਏਡਜ਼ ਸਬੰਧੀ ਸਾਰਾ ਪ੍ਰੋਗਰਾਮ ਆਯੋਜਿਤ ਕੀਤਾ ਜਾਂਦਾ ਹੇ ਅਤੇ ਹਰ ਸਾਲ ਇਸ ਲਈ ਵਿਸ਼ਾ ਨਿਸ਼ਚਿਤ ਕੀਤਾ ਜਾਂਦਾ ਹੈ। ਸਾਲ 2015 ਲਈ ਵਿਸ਼ਵ ਏਡਜ਼ ਦਿਵਸ ਲਈ 2011 ਤੋਂ 2015 ਤੱਕ ਰੱਖਿਆ ਗਿਆ ਵਿਸ਼ਾ ਜ਼ੀਰੋ ਪ੍ਰਾਪਤ ਕਰਨਾ ਹੀ ਸ਼ਾਮਿਲ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਪੂਰੇ ਵਿਸ਼ਵ ਵਿੱਚ 1981 ਤੋਂ ਲੈਕੇ 2012 ਤੱਕ ਲੱਗਭੱਗ 36 ਮਿਲੀਅਨ ਵਿਅਕਤੀਆਂ ਦੀ ਐਚ ਆਂਈ ਵੀ/ਏਡਜ਼ ਨਾਲ ਮੋਤ ਹੋ ਚੁੱਕੀ ਹੈ ਅਤੇ 35.3 ਮਿਲੀਅਨ ਵਿਅਕਤੀ ਐਚ ਆਈ ਵੀ/ਏਡਜ਼ ਤੋਂ ਪੀੜ੍ਹਿਤ ਹਨ। ਪਿਛਲੇ ਕੁੱਝ ਸਾਲਾਂ ਤੋਂ ਦੁਨੀਆਂ ਦੇ ਕੁੱਝ ਦੇਸ਼ਾਂ ਵਿੱਚ ਕੁੱਝ ਹਾਲਾਤਾਂ ਵਿੱਚ ਇਸ ਐਚ ਆਈ ਵੀ/ਏਡਜ਼ ਦੇ ਇਲਾਜ਼ ਅਤੇ ਰੋਕਥਾਮ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਬਾਬਜੂਦ ਹਰ ਸਾਲ ਲੱਗਭੱਗ 02 ਮਿਲੀਅਨ ਜਾਨਾਂ ਇਸਦੀ ਭੇਂਟ ਚੜ ਰਹੀਆਂ ਹਨ ਜਿਸ ਵਿੱਚ ਲੱਗਭੱਗ 2,70,000 ਬੱਚੇ ਹੀ ਸ਼ਾਮਿਲ ਹਨ। ਸਾਡੇ ਦੇਸ਼ ਵਿੱਚ ਐਚ ਆਈ ਵੀ/ਏਡਜ਼ ਪੀੜਿਤ ਵਿਅਕਤੀਆਂ ਦੀ ਵੱਧ ਰਹੀ ਸੰਖਿਆ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਐਚ ਆਈ ਵੀ/ਏਡਜ਼ ਦੀ ਬਿਮਾਰੀ ਬਾਰੇ ਵਿਆਪਕ ਪ੍ਰਚਾਰ ਕਰਨ ਦੇ ਬਾਵਜੂਦ ਵੀ ਲੋਕ ਇਸਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਦੇਸ਼ ਵਿੱਚ ਐਚ ਆਈ ਵੀ ਏਡਜ਼ ਦੇ ਮਰੀਜ਼ਾ ਦੀ ਸੰਖਿਆ 2.08 ਮਿਲੀਅਨ ਤੱਕ ਪਹੁੰਚ ਚੁੱਕੀ ਹੈ। ਸਭਤੋਂ ਵੱਧ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਇਸ ਵਿੱਚੋਂ ਐਚ ਆਈ ਵੀ ਪੀੜ੍ਹਿਤ ਨੌਜਵਾਨਾਂ ਜੋ ਕਿ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਦੀ ਸੰਖਿਆ ਲੱਗਭੱਗ 0.27 ਫੀਸਦੀ ਹੈ। ਸਰਕਾਰੀ ਰਿਪੋਰਟ ਅਨੁਸਾਰ ਪੰਜਾਬ ਵਿੱਚ 2011 ਤੱਕ 31961 ਨੋਜਵਾਨ ਐਚ ਆਈ ਵੀ/ਏਡਜ਼ ਤੋਂ ਪੀੜ੍ਹਿਤ ਹਨ। ਪੰਜਾਬ ਵਿੱਚ ਚੱਲ ਰਹੇ ਟੈਸਟਿੰਗ ਸੈਂਟਰਾਂ ਦੀ ਰਿਪੋਰਟ ਮੁਤਾਬਕ 1993 ਤੋਂ ਲੈ ਕੇ ਅਪ੍ਰੈਲ 2015 ਤੱਕ 45948 ਵਿਅਕਤੀ ਐਚ ਆਈ ਵੀ/ਏਡਜ਼ ਤੋਂ ਪੀੜ੍ਹਿਤ ਪਾਏ ਗਏ ਹਨ। ਪੰਜਾਬ ਵਿੱਚ ਇਸ ਸਮੇਂ 371 ਆਈ ਸੀ ਟੀ ਸੀ ਸੈਂਟਰ ਐਚ ਆਈ ਵੀ/ਏਡਜ਼ ਦੀ ਜਾਂਚ ਲਈ ਸਥਾਪਿਤ ਕੀਤੇ ਗਏ ਹਨ, 09 ਏ ਆਰ ਟੀ ਸੈਂਟਰ, 03 ਲਿੰਕ ਏ ਆਰ ਟੀ ਸੈਂਟਰ, 03 ਲਿੰਕ ਏ ਆਰ ਟੀ ਪਲੱਸ ਸੈਂਟਰ ਅਤੇ 01 ਏ ਆਰ ਟੀ ਪਲੱਸ ਇਲਾਜ ਸੈਂਟਰ ਚੱਲ ਰਹੇ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਅਨੁਸਾਰ ਪੰਜਾਬ ਵਿੱਚ ਐਚ ਆਈ ਵੀ ਕੇਅਰ ਸੈਂਟਰਾਂ ਵਿੱਚ ਅਪ੍ਰੈਲ 2015 ਤੱਕ ਰਜਿਸਟਰਡ ਮਰੀਜ਼ਾਂ ਦੀ ਗਿਣਤੀ 34819 ਹੈ। ਏ ਆਰ ਟੀ ਇਲਾਜ ਸ਼ੁਰੂ ਕਰਵਾਉਣ ਵਾਲੇ ਮਰੀਜ਼ਾਂ ਦੀ ਗਿਣਤੀ 21587 ਹੈ। ਮੌਜੂਦਾ ਸਮੇਂ ਵਿੱਚ 15575 ਵਿਅਕਤੀ ਏ ਆਰ ਟੀ ਦੁਆਰਾ ਇਲਾਜ ਕਰਵਾ ਰਹੇ ਹਨ ਅਤੇ ਇਲਾਜ ਕਰਵਾ ਰਹੇ ਵਿਅਕਤੀਆਂ ਵਿਚੋਂ 4221 ਵਿਅਕਤੀਆਂ ਦੀ ਮੌਤ ਹੋ ਚੁੱਕੀ ਸੀ। ਜੇਕਰ ਜਿਲ੍ਹਾਵਾਰ ਵੇਖੀਏ ਤਾਂ ਪੰਜਾਬ ਦਾ ਸਭਤੋਂ ਪਵਿੱਤਰ ਸ਼ਹਿਰ ਅਤੇ ਜਿਲ੍ਹਾ ਸ਼੍ਰੀ ਅੰਮ੍ਰਿਤਸਰ ਇਸ ਮਾਮਲੇ ਵਿੱਚ ਸਭਤੋਂ ਉਪਰ ਹੈ ਜਿੱਥੇ 1993 ਤੋਂ ਲੈਕੇ ਅਪ੍ਰੈਲ 2015 ਤੱਕ ਕੁੱਲ 387437 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 12372 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਬਰਨਾਲਾ ਜ਼ਿਲ੍ਹੇ ਵਿੱਚ ਕੁੱਲ 60128 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 372 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਬਠਿੰਡਾ ਜ਼ਿਲ੍ਹੇ ਵਿੱਚ ਕੁੱਲ 134691 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 1699 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਫਰੀਦਕੋਟ ਜ਼ਿਲ੍ਹੇ ਵਿੱਚ ਕੁੱਲ 68769 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 1345 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਕੁੱਲ 49353 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 400 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਫਾਜ਼ਿਲਕਾ ਜ਼ਿਲ੍ਹੇ ਵਿੱਚ ਕੁੱਲ 39265 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 203 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਫਿਰੋਜ਼ਪੁਰ ਜ਼ਿਲ੍ਹੇ ਵਿੱਚ ਕੁੱਲ 89210 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 1131 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਗੁਰਦਾਸਪੁਰ ਜ਼ਿਲ੍ਹੇ ਵਿੱਚ ਕੁੱਲ 163781 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 2390 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਕੁੱਲ 148355 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 1527 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਜਲੰਧਰ ਜ਼ਿਲ੍ਹੇ ਵਿੱਚ ਕੁੱਲ 170378 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 4847 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ।

ਕਪੂਰਥਲਾ ਜ਼ਿਲ੍ਹੇ ਵਿੱਚ ਕੁੱਲ 90001 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 992 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਲੁਧਿਆਣਾ ਜ਼ਿਲ੍ਹੇ ਵਿੱਚ ਕੁੱਲ 397391 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 5241 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਮਾਨਸਾ ਜ਼ਿਲ੍ਹੇ ਵਿੱਚ ਕੁੱਲ 71706 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 470 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਮੋਗਾ ਜ਼ਿਲ੍ਹੇ ਵਿੱਚ ਕੁੱਲ 70092 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 1128 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਮੋਹਾਲੀ ਜ਼ਿਲ੍ਹੇ ਵਿੱਚ ਕੁੱਲ 118168 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 583 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਕੁੱਲ 67192 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 337 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਨਵਾਂਸ਼ਹਿਰ ਜ਼ਿਲ੍ਹੇ ਵਿੱਚ ਕੁੱਲ 51736 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 677 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਪਠਾਨਕੋਟ ਜ਼ਿਲ੍ਹੇ ਵਿੱਚ ਕੁੱਲ 28266 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 307 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਪਟਿਆਲਾ ਜ਼ਿਲ੍ਹੇ ਵਿੱਚ ਕੁੱਲ 283188 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 5955 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਰੂਪਨਗਰ ਜ਼ਿਲ੍ਹੇ ਵਿੱਚ ਕੁੱਲ 104398 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 1004 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਸੰਗਰੂਰ ਜ਼ਿਲ੍ਹੇ ਵਿੱਚ ਕੁੱਲ 136773 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 1265 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਤਰਨਤਾਰਨ ਜ਼ਿਲ੍ਹੇ ਵਿੱਚ ਕੁੱਲ 86453 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 1703 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ।




ਇਸ ਰਿਪੋਰਟ ਅਨੁਸਾਰ ਪੰਜਾਬ ਦਾ ਕੋਈ ਵੀ ਜਿਲ੍ਹਾ ਅਜਿਹਾ ਨਹੀਂ ਹੈ ਜਿੱਥੇ ਤੱਕ ਇਹ ਬਿਮਾਰੀ ਨਾਂ ਪਹੁੰਚੀ ਹੋਵੇ ਅਤੇ ਕਈ ਜਿਲ੍ਹਿਆਂ ਦੇ ਮਰੀਜ ਨਾਲ ਲੱਗਦੇ ਦੂਜੇ ਇਲਾਕਿਆਂ ਵਿੱਚ ਜਾ ਕੇ ਵੀ ਟੈਸਟ ਕਰਵਾ ਰਹੇ ਹਨ। ਜੇਕਰ ਪੂਰੇ ਪੰਜਾਬ ਦੀ ਗੱਲ ਕਰੀਏ ਤਾਂ ਪੂਰੇ ਪੰਜਾਬ ਵਿੱਚ ਇਸ ਸਮੇਂ ਦੌਰਾਨ ਕੁੱਲ 2816731 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 45948 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਅਜੇ ਵੀ ਬਹੁਤੇ ਵਿਅਕਤੀ ਸਰਕਾਰੀ ਸੈਂਟਰਾਂ ਵਿੱਚ ਜਾਕੇ ਟੈਸਟ ਕਰਵਾਉਣ ਦੀ ਥਾਂ ਪ੍ਰਾਈਵੇਟ ਲੈਬਾਰਟਰੀਆਂ ਵਿੱਚ ਜਾਕੇ ਹੀ ਟੈਸਟ ਕਰਵਾਂਦੇ ਹਨ ਅਤੇ ਪਤਾ ਲੱਗਣ ਤੇ ਵੀ ਛੁਪਾਕੇ ਰੱਖਦੇ ਹਨ।

ਮੌਜੂਦਾ ਸਮੇਂ ਵਿੱਚ ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਦੁਆਰਾ ਸੂਬੇ ਵਿੱਚ ਐਚ ਆਈ ਵੀ/ਏਡਜ਼ ਨੂੰ ਫੈਲਣ ਤੋਂ ਰੋਕਣ ਅਤੇ ਐਚ ਆਈ ਵੀ/ਏਡਜ਼ ਪੀੜਿਤ ਵਿਅਕਤੀਆਂ ਨੂੰ ਬਣਦੀਆਂ ਸੇਵਾਵਾਂ ਦਿਤੀਆਂ ਜਾ ਰਹੀਆਂ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸੂਬੇ ਵਿੱਚ ਲੱਗਭੱਗ 66 ਗੈਰ ਸਰਕਾਰੀ ਸੰਗਠਨ ਐਚ ਆਈ ਵੀ/ ਏਡਜ਼ ਰੋਕਣ ਲਈ ਕੰਮ ਕਰ ਰਹੇ ਹਨ। ਇਸ ਮੁਹਿੰਮ ਵਿੱਚ ਲੱਗੇ 14 ਗੈਰ ਸਰਕਾਰੀ ਸੰਗਠਨਾਂ ਵੱਲੋਂ ਟੀਚਾ ਰੱਖੀਆਂ ਗਈਆਂ ਦੇਹ ਵਪਾਰ ਦੇ ਧੰਦੇ ਨਾਲ ਜੁੜੀਆਂ 20200 ਮਹਿਲਾਵਾਂ ਵਿਚੋਂ 19377 ਮਹਿਲਾਂਵਾਂ ਨੂੰ ਬਣਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ। 02 ਗੈਰ ਸਰਕਾਰੀ ਸੰਗਠਨਾਂ ਦੁਆਰਾ ਟੀਚਾ ਰੱਖੇ ਗਏ 10750 ਸਮਲਿੰਗੀ ਵਿਅਕਤੀਆਂ ਵਿਚੋਂ 8924 ਵਿਅਕਤੀਆਂ ਨੂੰ ਬਣਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ। 23 ਗੈਰ ਸਰਕਾਰੀ ਸੰਗਠਨਾਂ ਦੁਆਰਾ ਟੀਚਾ ਰੱਖੇ ਗਏ 12500 ਟੀਕਿਆਂ ਦੁਆਰਾ ਨਸ਼ੇ ਕਰਨ ਵਾਲੇ ਵਿਅਕਤੀਆਂ ਦੀ ਥਾਂ 13345 ਵਿਅਕਤੀਆਂ ਨੂੰ ਬਣਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ। 05 ਗੈਰ ਸਰਕਾਰੀ ਸੰਗਠਨਾਂ ਦੁਆਰਾ ਟੀਚਾ ਰੱਖੇ ਗਏ 35000 ਟਰੱਕਾਂ ਦੇ ਧੰਦੇ ਨਾਲ ਜੁੜ੍ਹੇ ਵਿਅਕਤੀਆਂ ਵਿਚੋਂ 9011 ਵਿਅਕਤੀਆਂ ਨੂੰ ਬਣਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ। 04 ਗੈਰ ਸਰਕਾਰੀ ਸੰਗਠਨਾਂ ਦੁਆਰਾ ਟੀਚਾ ਰੱਖੇ ਗਏ 65000 ਪ੍ਰਵਾਸੀ ਵਿਅਕਤੀਆਂ ਦੀ ਥਾਂ 66435 ਪ੍ਰਵਾਸੀ ਵਿਅਕਤੀਆਂ ਨੂੰ ਬਣਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ। ਸਰਕਾਰ ਵਲੋਂ ਸੂਬੇ ਵਿੱਚ ਯੋਨ ਰੋਗਾਂ ਦੇ ਇਲਾਜ਼ ਲਈ 31 ਕੇਂਦਰ ਖੋਲੇ ਗਏ ਹਨ ਅਤੇ 102 ਬਲੱਡ ਬੈਂਕ ਚਲਾਏ ਜਾ ਰਹੇ ਹਨ। ਅੱਜ ਦੇ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ਵ ਏਡਜ਼ ਦਿਵਸ ਮਨਾਇਆ ਜਾ ਰਿਹਾ ਹੈ। ਇਸ ਦਿਨ ਦੇਸ ਨੂੰ ਐਚ ਆਈ ਵੀ/ਏਡਜ਼ ਮੁੱਕਤ ਬਣਾਉਣ ਲਈ ਕੰਮ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾਣਗੀਆਂ। ਦੇਸ਼ ਵਿੱਚ ਵੱਧ ਰਹੇ ਐਚ ਆਈ ਵੀ/ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਅਤਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸਾਨੂੰ ਸਭ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਨਹੀਂ ਤਾਂ ਆਣ ਵਾਲੇ ਸਮੇਂ ਵਿੱਚ ਇਹ ਇੱਕ ਤਬਾਹੀ ਬਣ ਸਕਦਾ ਹੈ। ਅੱਜ ਲੋੜ ਹੈ ਕਿ ਵਿਸਵ ਏਡਜ਼ ਮੁਹਿੰਮ ਸੰਗਠਨ ਵਲੋਂ ਸ਼ੁਰੂ ਕੀਤੀ ਗਈ ਇਸ ਮਾਮਲੇ ਵਿੱਚ ਜ਼ੀਰੋ ਪ੍ਰਾਪਤ ਕਰਨ ਦੀ ਮੁਹਿੰਮ ਨੂੰ ਸਫਲ ਬਣਾਈਏ।

## ਅੰਤਰਰਾਸ਼ਟਰੀ ਗੁਲਾਮੀ ਖਾਤਮਾ ਦਿਵਸ ਸਬੰਧੀ ਵਿਸੇਸ਼

# ਦੁਨੀਆਂ ਵਿੱਚ ਲੱਗਭੱਗ 03 ਕਰੋੜ ਲੋਕ ਗੁਲਾਮੀ ਵਿੱਚ ਫਸੇ ਹੋਏ ਹਨ

ਮਨੁੱਖ ਕੁਦਰਤੀ ਤੋਰ ਤੇ ਅਜ਼ਾਦ ਪੈਦਾ ਹੁੰਦਾ ਹੈ ਪ੍ਰੰਤੂ ਸਮੇਂ ਦੇ ਅਨੁਸਾਰ ਅਤੇ ਕੁੱਝ ਲੋਕਾਂ ਦੀਆਂ ਕੋਝੀਆਂ ਚਾਲਾਂ ਕਾਰਨ ਕੁੱਝ ਲੋਕ ਗੁਲਾਮੀ ਵਾਲਾ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੁੰਦੇ ਹਨ। ਮਨੁੱਖੀ ਸਭਿਅਤਾ ਸ਼ੁਰੂ ਵਿੱਚ ਬਿਲਕੁੱਲ ਅਜਾਦ ਸੀ ਪਰੰਤੂ ਹੋਲੀ ਹੋਲੀ ਸੋਝੀ ਆਣ ਨਾਲ ਕੁੱਝ ਚਲਾਕ ਲੋਕਾਂ ਨੇ ਬਾਕੀਆਂ ਨੂੰ ਗੁਲਾਮ ਬਣਾਉਣਾ ਸ਼ੁਰੂ ਕਰ ਦਿਤਾ। ਸਮੇਂ ਸਮੇਂ ਤੇ ਗੁਲਾਮੀ ਪ੍ਰਥਾ ਨੂੰ ਰੋਕਣ ਲਈ ਅਵਾਜ਼ ਬੁਲੰਦ ਕੀਤੀ ਗਈ ਹੈ ਅਤੇ ਇਸਨੂੰ ਖਤਮ ਕਰਨ ਲਈ ਕਨੂੰਨ ਬਣਾਏ ਗਏ ਹਨ। ਅੱਜ ਬੇਸ਼ੱਕ ਅਸੀਂ 21ਵੀਂ ਸਦੀ ਵਿੱਚ ਜੀਅ ਰਹੇ ਹਾਂ ਪ੍ਰੰਤੂ ਗੁਲਾਮੀ ਵਰਗੀ ਪ੍ਰਥਾ ਅਜੇ ਤੱਕ ਵੀ ਕਾਇਮ ਹੈ। ਲੱਗਭੱਗ 3000 ਸਾਲ ਪਹਿਲਾਂ ਗੁਲਾਮੀ ਦੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ ਜਿਸ ਅਨੁਸਾਰ ਗੁਲਾਮ ਔਰਤ ਤੋਂ ਪੈਦਾ ਹੋਇਆ ਬੱਚਾ ਗੁਲਾਮ ਰਹੇਗਾ, ਤੋਹਫੇ ਵਿੱਚ ਮਿਲਿਆ ਗੁਲਾਮ ਗੁਲਾਮ ਹੀ ਰਹੇਗਾ, ਖ੍ਰੀਦਿਆ ਗਿਆ ਗੁਲਾਮ ਵਿਅਕਤੀ ਗੁਲਾਮ ਹੀ ਹੋਵੇਗਾ, ਜਿਸ ਵਿਅਕਤੀ ਨੇ ਭੁਖਿਆਂ ਮਰਨ ਤੋਂ ਬਚਣ ਲਈ ਮਜ਼ਬੂਰੀਵਸ ਗੁਲਾਮੀ ਸਵਿਕਾਰ ਕੀਤੀ ਹੋਵੇ, ਜਿਸ ਵਿਅਕਤੀ ਨੂੰ ਜੰਗ ਵਿੱਚ ਗ੍ਰਿਫਤਾਰ ਕੀਤਾ ਹੋਵੇ, ਜਿਸ ਵਿਅਕਤੀ ਨੇ ਲਾਲਚ ਵਿੱਚ ਧੰਨ ਲੈਕੇ ਗੁਲਾਮੀ ਸਵਿਕਾਰ ਕੀਤੀ ਹੋਵੇ, ਕਿਸੇ ਵਿਸੇਸ਼ ਜਾਤ, ਨਸਲ ਆਦਿ ਨਾਲ ਸਬੰਧਿਤ ਵਿਅਕਤੀ ਗੁਲਾਮ ਹੋਵੇਗਾ। 02 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਗੁਲਾਮੀ ਪ੍ਰਥਾ ਨੂੰ ਖਤਮ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। 02 ਦਸੰਬਰ, 1949 ਨੂੰ ਇਸ ਸਬੰਧੀ ਯੂਨਾਇਟਡ ਨੇਸ਼ਨਜ ਦੀ ਜਨਰਲ ਅਸੈਂਬਲੀ ਵਲੋਂ ਮਤਾ ਨੰਬਰ 317-(4) ਪਾਸ ਕੀਤਾ ਗਿਆ ਸੀ। 02 ਦਸੰਬਰ, 1985 ਨੂੰ ਗੁਲਾਮੀ ਨੂੰ ਖਤਮ ਕਰਨ ਲਈ ਕੰਮ ਕਰਨ ਵਾਲੇ ਸਮੂਹ ਨੇ ਯੂਨਾਇਟਡ ਨੇਸ਼ਨਜ਼ ਵਿੱਚ ਅਪਣੀ ਰਿਪੋਰਟ ਪੇਸ ਕੀਤੀ ਅਤੇ 02 ਦਸੰਬਰ ਦਾ ਦਿਨ ਵਿਸ਼ਵ ਪੱਧਰ ਤੇ ਗੁਲਾਮੀ ਖਾਤਮਾ ਦਿਵਸ ਵਜੋਂ ਮਨਾਉਣ ਲਈ ਸੁਝਾਓ ਦਿਤਾ। 1995 ਤੋਂ ਇਹ 02 ਦਸੰਬਰ ਦਾ ਦਿਨ ਅੰਤਰ-ਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਜਾਣਿਆਂ ਜਾਂਦਾ ਹੈ। 18 ਦਸੰਬਰ, 2002 ਨੂੰ ਯੂਨਾਇਟਡ ਨੇਸ਼ਨਜ਼ ਦੀ ਜਨਰਲ ਅਸੈਂਬਲੀ ਨੇ ਸਾਲ 2004 ਨੂੰ ਗੁਲਾਮੀ ਵਿਰੋਧੀ ਅਤੇ ਗੁਲਾਮੀ ਖਾਤਮਾ ਵਜੋਂ ਘੋਸਿਤ ਕੀਤਾ ਸੀ। ਸਮੇਂ ਸਮੇਂ ਤੇ ਗੁਲਾਮੀ ਨੂੰ ਖਤਮ ਕਰਨ ਲਈ ਚੁੱਕੇ ਗਏ ਕਦਮਾਂ ਦੇ ਬਾਬਜੂਦ ਵਿਸ਼ਵ ਵਿੱਚ ਲੱਗਭੱਗ 03 ਕਰੋੜ ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ




ਅਤੇ ਦੁਨੀਆਂ ਦੇ ਲੱਗਭੱਗ ਅੱਧੇ ਗੁਲਾਮ ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰ ਭਾਰਤ ਦੇਸ਼ ਵਿੱਚ ਰਹਿੰਦੇ ਹਨ। ਅਸਟ੍ਰੇਲੀਆ ਦੇ ਮਨੁਖੀ ਅਧਿਕਾਰ ਸੰਗਠਨ ਵਾਕ ਫਰੀ ਫਾਊਂਡੇਸ਼ਨ ਵਲੋਂ ਵਿਸ਼ਵ ਗੁਲਾਮੀ ਸੂਚਕਾਂਕ ਸਬੰਧੀ ਜਾਰੀ ਕੀਤੀ ਗਈ ਰਿਪੋਰਟ ਵਿੱਚ ਹੈਰਾਨੀਜਨਕ ਸੱਚ ਸਾਹਮਣੇ ਆਇਆ ਹੈ। ਗੁਲਾਮੀ ਵਿੱਚ ਫਸੇ ਵਿਅਕਤੀਆਂ ਦੀ ਗਿਣਤੀ ਵਿੱਚ ਭਾਰਤ ਦਾ ਨਾਮ ਸਭਤੋਂ ਉਪਰ ਹੈ। ਗੁਲਾਮੀ ਦੇ ਖਿਲਾਫ ਕੰਮ ਕਰਨ ਵਾਲੀ ਸੰਸਥਾ ਵਾਕ ਫਰੀ ਦੇ ਗਲੋਬਲ ਸਲੇਵਰੀ ਸੂਚਕਾਂਕ ਅਨੁਸਾਰ ਦੁਨੀਆਂ ਭਰ ਵਿੱਚ 3.60 ਕਰੋੜ ਲੋਕ ਗੁਲਾਮੀ ਦਾ ਜੀਵਨ ਗੁਜ਼ਾਰ ਰਹੇ ਹਨ। ਰਿਪੋਰਟ ਵਿੱਚ ਉਹਨਾਂ ਲੋਕਾਂ ਨੂੰ ਗੁਲਾਮ ਮੰਨਿਆ ਗਿਆ ਹੈ, ਜੋ ਜਬਰਨ ਵਿਆਹ, ਜਬਰਨ ਮਜ਼ਦੂਰੀ, ਮਾਨਵ ਤਸਕਰੀ ਜਾਂ ਦੇਹ ਵਪਾਰ ਦੇ ਧੰਦੇ ਵਿੱਚ ਵੇਚੇ ਗਏ ਹਨ ਜਾਂ ਫਿਰ ਜਿਨ੍ਹਾਂ ਤੇ ਬਹੁਤ ਜ਼ਿਆਦਾ ਕਰਜ਼ ਹੈ। ਇਸ ਰਿਪੋਰਟ ਵਿੱਚ ਵਿਸ਼ਵ ਦੇ 167 ਦੇਸ਼ਾਂ ਵਿੱਚ ਨਾਗਰਿਕ ਪੱਧਰ ਤੇ ਸਰਵੇਖਣ ਅਤੇ ਖੋਜ ਕੀਤੀ ਗਈ ਹੈ ਜਿਸ ਅਨੁਸਾਰ ਭਾਰਤ ਗੁਲਾਮੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਤੇ ਹੈ ਅਤੇ ਇੱਥੇ ਲੱਗਭੱਗ 13956010 ਵਿਅਕਤੀ, ਜਦਕਿ ਚੀਨ ਦੂਸਰੇ ਸਥਾਨ ਤੇ ਜਿੱਥੇ 2949243 ਵਿਅਕਤੀ ਅਤੇ ਪਾਕਿਸਤਾਨ ਤੀਸਰੇ ਸਥਾਨ ਤੇ ਹੈ ਜਿੱਥੇ 2127132 ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ। ਰਿਪੋਰਟ ਦੇ ਮੁਤਾਬਿਕ, ਭਾਰਤ ਅਤੇ ਪਾਕਿਸਤਾਨ ਵਿੱਚ ਇਸ ਤਰ੍ਹਾਂ ਦੇ ਲੋਕਾਂ ਦੀ ਸੰਖਿਆ ਵਿਸ਼ਵ ਦੇ 45 ਫੀਸਦੀ ਲੋਕਾਂ ਦੇ ਬਰਾਬਰ ਹੈ। 2.35 ਕਰੋੜ ਲੋਕ ਏਸ਼ੀਆ ਵਿੱਚ ਗੁਲਾਮੀ ਦਾ ਜੀਵਨ ਜੀਅ ਰਹੇ ਹਨ। ਭਾਰਤ ਅਤੇ ਪਾਕਿਸਤਾਨ ਦੇ ਇਲਾਵਾ ਨਾਇਜੀਰੀਆ ਵਿੱਚ 701032, ਇਥੋਪੀਆ ਵਿੱਚ 651010, ਰੂਸ ਵਿੱਚ 516217, ਥਾਈਲੈਂਡ ਵਿੱਚ 472811, ਬਰਮਾ ਵਿੱਚ 384037, ਬੰਗਲਾ ਦੇਸ਼ ਵਿੱਚ 343192 ਲੋਕ ਗੁਲਾਮੀ ਵਿੱਚ ਫਸੇ ਹੋਏ ਹਨ। ਸਰਵੇ ਵਿੱਚ ਗੁਲਾਮੀ ਨੂੰ ਆਧੁਨਿਕ ਅਰਥਾਂ ਵਿੱਚ ਦੱਸਿਆ ਗਿਆ ਹੈ ਨਾ ਕਿ ਪਰੰਪਰਿਕ ਅਰਥਾਂ ਵਿੱਚ ਜਿੱਥੇ ਸਿਰਫ ਉਹਨਾਂ ਲੋਕਾਂ ਨੂੰ ਹੀ ਗੁਲਾਮ ਮੰਨਿਆ ਜਾਂਦਾ ਸੀ, ਜੋ ਕਿਸੇ ਦੀ ਕੈਦ ਵਿੱਚ ਰਹਿੰਦੇ ਸੀ। ਸਭਤੋਂ ਵੱਧ ਗੁਲਾਮ ਮਜ਼ਦੂਰ ਹਨ ਜਿਨ੍ਹਾਂ ਦੀ ਸੰਖਿਆ ਲੱਗਭੱਗ ਕੁੱਲ ਗੁਲਾਮਾਂ ਵਿਚੋਂ 78 ਫਿਸਦੀ ਹੈ, ਗੁਲਾਮਾਂ ਵਿਚੋਂ 22 ਫਿਸਦੀ ਦੇਹ ਵਪਾਰ ਦੇ ਧੰਦੇ ਵਿੱਚ ਫਸੇ ਹੋਏ ਹਨ। ਗੁਲਾਮਾਂ ਵਿਚੋਂ ਮਹਿਲਾਵਾਂ ਅਤੇ ਲੜਕੀਆਂ ਲੱਗਭੱਗ 55 ਫਿਸਦੀ ਹਨ ਅਤੇ 26 ਫਿਸਦੀ 18 ਸਾਲ ਤੋਂ ਘੱਟ ਉਮਰ ਦੇ ਬੱਚੇ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਅੰਕੜਿਆਂ ਦੇ ਅਨੁਸਾਰ

(ਬਾਕੀ ਅਗਲੇ ਸਫੇ ਤੇ)

# ਪੂਨਾ ਸਮਝੌਤੇ ਦੀ ਅਸਲੀਅਤ



ਜਸਟਿਸ (ਰਿਟਾ:) ਨਿਰਮਲ ਸਿੰਘ

ਭਾਰਤ ਵਿਚ ਰਾਖਵੇਂਕਰਨ ਦਾ ਮੁੱਦਾ ਭਾਵੇਂ ਮੁਲਕ ਦੇ ਆਜ਼ਾਦ ਹੋਣ ਦੇ ਸਮੇਂ ਤੋਂ ਹੀ ਵਿਵਾਦਾਂ ਵਿਚ ਘਿਰਿਆ ਹੋਇਆ ਹੈ ਪਰ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਇਹ ਇਕ ਭਖਵਾਂ ਵਿਸ਼ਾ ਬਣ ਗਿਆ ਹੈ। ਹਾਲ ਹੀ ਵਿਚ ਗੁਜਰਾਤ ਦੇ ਪਟੇਲ (ਪਾਟੀਦਾਰ) ਭਾਈਚਾਰੇ ਵੱਲੋਂ ਰਾਖਵੇਂਕਰਨ ਨੂੰ ਲੈ ਕੇ ਵਿੱਢੇ ਸੰਘਰਸ਼ ਅਤੇ ਰਾਜਸਥਾਨ ਵਿਧਾਨ ਸਭਾ ਦੁਆਰਾ ਉਚੀਆਂ ਸ਼੍ਰੇਣੀਆਂ ਦੇ ਗਰੀਬ ਵਿਦਿਆਰਥੀਆਂ ਲਈ 14 ਫੀਸਦੀ ਰਾਖਵਾਂਕਰਨ ਦਾ ਬਿਲ ਪਾਸ ਕਰਨ ਨਾਲ ਇਹ ਮੁੱਦਾ ਮੁੜ ਮੁਲਕ ਵਿਆਪੀ ਚਰਚਾ ਵਿਚ ਆ ਗਿਆ ਹੈ। ਦੱਬੇ ਕੁਚਲੇ (ਅਛੂਤਾਂ) ਲਈ ਰਾਖਵੇਂਕਰਨ ਦੀ ਸ਼ੁਰੂਆਤ ਕਰਨ ਦਾ ਸਿਹਰਾ ਡਾ. ਬੀ. ਆਰ. ਅੰਬੇਦਕਰ ਨੂੰ ਜਾਂਦਾ ਹੈ। ਉਹਨਾਂ ਨੇ ਇਸ ਦਾ ਮੁੱਢ ਬਰਤਾਨਵੀ ਹਕੂਮਤ ਸਮੇਂ ਹੀ ਬੰਨ੍ਹ ਦਿੱਤਾ ਸੀ।

ਜਮਾਂਦਰੂ ਭਾਰਤੀਆਂ ਲਈ ਸਵੈ-ਸ਼ਾਸਨ ਸਬੰਧੀ ਨਵਾਂ ਸੰਵਿਧਾਨ ਤਿਆਰ ਕਰਨ ਵਾਸਤੇ ਬਰਤਾਨੀਆ ਵੱਲੋਂ ਮੁਖਤਲਿਫ ਪਾਰਟੀਆਂ ਦੇ ਆਗੂਆਂ ਨੂੰ 1932-32 ਵਿਚ ਗੋਲਮੇਜ਼ ਕਾਨਫਰੰਸਾਂ ਵਿਚ ਆਉਣ ਦਾ ਸੱਦਾ ਦਿੱਤਾ ਗਿਆ। ਮਹਾਤਮਾ ਗਾਂਧੀ ਨੇ ਪਹਿਲੀ ਤੇ ਆਖਰੀ ਕਾਨਫਰੰਸ ਵਿਚ ਭਾਗ ਨਾ ਲਿਆ ਪਰ ਦੂਜੀ ਕਾਨਫਰੰਸ ਵਿਚ ਉਹ ਸ਼ਾਮਲ ਹੋਏ ਸਨ। ਇਹਨਾਂ ਕਾਨਫਰੰਸਾਂ ਵਿਚ ਡਾ. ਅੰਬੇਦਕਰ ਵੱਲੋਂ ਅਛੂਤਾਂ ਲਈ ਵੱਖਰੇ ਚੋਣ ਹਲਕਿਆਂ ਦਾ ਸੰਕਲਪ ਪੇਸ਼ ਕੀਤਾ ਗਿਆ। ਇਸ ਪ੍ਰਕਾਰ ਦੀਆਂ ਵਿਵਸਥਾਵਾਂ ਪਹਿਲਾਂ ਹੀ ਹੋਰਨਾਂ ਘੱਟ ਗਿਣਤੀਆਂ, ਮੁਸਲਮਾਨਾਂ, ਇਸਾਈਆਂ, ਐਂਗਲੋ ਇੰਡੀਅਨਜ਼ ਅਤੇ ਸਿੱਖਾਂ ਲਈ ਉਪਲਬਧ ਸਨ। ਬ੍ਰਿਟਿਸ਼ ਹਕੂਮਤ ਅੰਬੇਡਕਰ ਦੇ ਮਤ ਨਾਲ ਸਹਿਮਤ ਹੋ ਗਈ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਰਾਮਸੇ ਮੈਕਡੌਲਲਡ ਵੱਲੋਂ ਦੱਬੇ ਕੁਚਲੇ ਵਰਗਾਂ ਬਾਰੇ ਦਿੱਤੇ ਗਏ ਫਿਰਕੂ ਮੈਕਡੌਨਲਡ ਵੱਲੋਂ ਦੱਬੇ ਕੁਚਲੇ ਵਰਗਾਂ ਬਾਰੇ ਦਿੱਤੇ ਗਏ ਫਿਰਕੂ ਫੈਸਲੇ ਨੂੰ ਬ੍ਰਿਟਿਸ਼ ਭਾਰਤ ਦੇ ਸ਼ਾਸਨ ਦੇ ਸੰਵਿਧਾਨ ਵਿਚ ਸ਼ਾਮਲ ਕੀਤਾ ਜਾਣਾ ਸੀ। ਗਾਂਧੀ ਵੱਲੋਂ ਇਸ ਦਾ ਜ਼ੋਰਦਾਰ ਵਿਰੋਧ ਇਸ ਆਧਾਰ 'ਤੇ ਕੀਤਾ ਗਿਆ ਕਿ ਇਹ ਹਿੰਦੂ ਸਮਾਜ ਨੂੰ ਖੇਰੂੰ-ਖੇਰੂੰ ਕਰ ਦੇਵੇਗਾ ਜਦੋਂ ਕਿ ਹਿੰਦੂ ਸਮਾਜ ਨੇ ਕਦੇ ਵੀ ਭਿੰਨ ਭਿੰਨ ਸ਼੍ਰੇਣੀਆਂ, ਖਾਸ ਕਰਕੇ ਅਛੂਤਾਂ ਨੂੰ ਆਪਣੇ ਸਮਾਜ ਦਾ ਸੰਪੂਰਨ ਭਾਗ ਨਹੀਂ ਮੰਨਿਆ। ਮਹਾਤਮਾ ਗਾਂਧੀ ਨੇ ਦਲਿਤਾਂ ਲਈ ਵੱਖਰੇ ਵੱਖਰੇ ਵੋਟ ਦੇ ਸਿਧਾਂਤ ਦਾ ਕਿਉਂ ਵਿਰੋਧ ਕੀਤਾ ਸੀ; ਇਸ ਬਾਰੇ ਉਹੀ ਭਲੀ-ਭਾਂਤ ਜਾਣਦੇ ਸਨ।

ਮਹਾਤਮਾ ਗਾਂਧੀ ਨੇ ਡਾ. ਅੰਬੇਦਕਰ 'ਤੇ ਦਬਾਅ ਪਾਉਣ ਲਈ 20 ਸਤੰਬਰ 1932 ਨੂੰ ਮਰਨ ਵਰਤ ਰੱਖ ਲਿਆ। ਹਿੰਦੂ ਲੀਡਰਾਂ ਨੇ ਡਾ. ਬੀ. ਆਰ. ਅੰਬੇਦਕਰ 'ਤੇ ਵੱਖਰੇ ਵੋਟ ਦੀ ਮੰਗ ਨੂੰ ਵਾਪਸ ਲੈਣ ਲਈ ਦਬਾਅ ਪਾਇਆ ਤਾਂ ਜੋ ਮਹਾਤਮਾ ਗਾਂਧੀ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕੇ। ਅਖੀਰ ਡਾ. ਅੰਬੇਡਕਰ ਨੇ ਮਜਬੂਰਨ ਵੱਖਰੇ ਵੋਟ ਦੀ ਮੰਗ ਨੂੰ ਵਾਪਸ ਲੈ ਲਿਆ। 24 ਸਤੰਬਰ 1932 ਨੂੰ ਢਕਗਮ ਸੈਂਟਰਲ ਜੇਲ੍ਹ ਵਿਚ ਡਾ. ਅੰਬੇਦਕਰ ਤੇ ਮਹਾਤਮਾ ਗਾਂਧੀ ਦਰਮਿਆਨ ਹੋਏ ਇਸ ਸਮਝੌਤੇ ਤੇ ਹਸਤਾਖਰ ਕੀਤੇ ਗਏ। ਇਸ ਇਕਰਾਰਨਾਮੇ ਨੂੰ ਪੂਨਾ ਸਮਝੌਤਾ ਦੇ ਨਾਲ ਨਾਲ ਜਾਣਿਆ ਜਾਂਦਾ ਹੈ। ਟੈਕਸਟ ਵਿਚ ਵਰਤੀ ਗਈ ਸ਼ਬਦਾਵਲੀ ਦੱਬੇ ਕੁਚਲੇ ਵਰਗਾਂ ਬਾਰੇ ਹੈ, ਜਿਹਨਾਂ ਨੂੰ ਬਾਅਦ ਵਿਚ ਇੰਡੀਆ ਐਕਟ 1935 ਅਤੇ ਭਾਰਤੀ ਸੰਵਿਧਾਨ 1650 ਅਨੁਸਾਰ ਅਨੂਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਵਜੋਂ ਪੁਕਾਰਿਆ ਜਾਣ ਲੱਗਾ। ਇਸ ਸਮਝੌਤੇ ਦੇ ਮੁਤਾਬਕ ਇਕਰਾਰਨਾਮੇ ਵਿਚ ਚੋਣ ਹਲਕਿਆਂ ਦੀ ਰਿਜ਼ਰਵੇਸ਼ਨ ਨੂੰ ਸ਼ਾਮਲ ਕੀਤਾ ਗਿਆ, ਜਿਸ ਤਹਿਤ ਅਛੂਤਾਂ ਵਾਸਤੇ ਸਰਕਾਰੀ ਨੌਕਰੀਆਂ ਤੇ ਵਿਧਾਲ ਸਭਾਵਾਂ ਵਿਚ ਰਿਜ਼ਰਵੇਸ਼ਨ ਦਿੱਤੀ ਗਈ। ਇਸ ਸੰਧੀ ਵਿਚ ਦੱਬੇ ਕੁਚਲੇ ਵਰਗਾਂ ਲਈ ਸਪਸ਼ਟ ਤੇ ਪੱਕੀ ਸਥਿਤੀ ਬਣਾਈ ਗਈ। ਇਸ ਨਾਲ ਉਹਨਾਂ ਨੂੰ ਵਿੱਦਿਆ ਅਤੇ ਸਰਕਾਰੀ ਨੌਕਰੀਆਂ ਦੇ ਅਵਸਰ ਪ੍ਰਾਪਤ ਹੋ ਗਏ ਅਤੇ ਵੋਟ ਦਾ ਹੱਕ ਵੀ ਮਿਲ ਗਿਆ, ਪਰ ਉਹਨਾਂ ਨੇ ਆਪਣੀ ਪਛਾਣ, ਸਨਮਾਨ ਅਤੇ ਸਵੈਮਾਣ ਗਵਾ ਲਿਆ।

ਪੂਨਾ ਸਮਝੌਤੇ ਤੋਂ ਬਾਅਦ ਡਾ. ਅੰਬੇਦਕਰ ਨੇ ਵੀ ਸੰਯੁਕਤ ਚੋਣ ਹਲਕੇ ਦੀਆਂ ਬੁਰਾਈਆਂ ਵਿਰੁੱਧ ਦਲੀਲਾਂ ਦਿੱਤੀਆਂ ਕਿ ਹਿੰਦੂਆਂ ਦੇ ਦ੍ਰਿਸ਼ਟੀਕੋਣ ਮੁਤਾਬਕ ਆਮ ਮੁਹਾਵਰ ਵਿਚ, ਬਕਾਰ ਹਲਕਾ ਹੁੰਦਾ ਹੈ। ਜਿਸ ਵਿਚ ਹਿੰਦੂਆਂ ਨੂੰ ਇਕ ਅਛੂਤ ਨੂੰ ਅਛੂਤਾਂ ਦਾ ਬਰਾਏ ਨਾਮ ਪ੍ਰਤੀਨਿਧ ਨਾਮਜ਼ਦ ਕਰਨ ਦਾ ਹੱਕ ਮਿਲਦਾ ਹੈ, ਪਰ ਅਸਲ ਵਿਚ ਉਹ ਹਿੰਦੂਆਂ ਦਾ ਹੱਥ ਠੋਕਾ ਹੁੰਦਾ ਹੈ। ਇਹ ਐਲਾਨ ਕਰਕੇ ਮਹਾਤਮਾ ਗਾਂਧੀ ਨੇ ਪੂਨਾ ਸਮਝੌਤੇ ਵਿਚ ਅਛੂਤਾਂ ਨਾਲ ਧੋਖਾ ਕੀਤਾ, ਉਹਨਾਂ ਇਹ ਭੇਦ ਖੋਲ੍ਹਿਆ ਕਿ ਪੂਨਾ ਸਮਝੌਤਾ ਬੁਰਾਈਆਂ ਨਾਲ ਭਰਿਆ ਹੋਇਆ ਹੈ।

ਪੂਨਾ ਸਮਝੌਤੇ ਦੇ ਨਤੀਜੇ ਵਜੋਂ ਭਾਰਤ ਦੇ ਇਤਿਹਾਸ ਨੇ ਹੈਰਾਨ ਕਰ ਦੇਣ ਵਾਲੇ ਤੱਥ ਪ੍ਰਗਟ ਕੀਤੇ। ਡਾ. ਬੀ. ਆਰ. ਅੰਬੇਦਕਰ ਨੂੰ ਸੰਵਿਧਾਨ ਦੇ ਜਾਰੀ ਹੋਣ ਤੋਂ ਬਾਅਦ ਚੁਣੇ ਹੋਏ ਮੈਂਬਰ ਵਜੋਂ ਵੀ ਸੰਸਦ ਵਿਚ ਜਾਣ ਤੋਂ ਰੋਕਿਆ ਗਿਆ ਅਤੇ ਸਾਰੇ ਹਿੰਦੂ ਸਮਾਜ ਨੇ ਰਲ ਕੇ ਉਹਨਾਂ ਨੂੰ ਹਰਾਉਣ ਲਈ ਪੂਰਾ ਜ਼ੋਰ ਲਾਇਆ। ਜਦੋਂ ਜਾਤ ਪਾਤ ਦੇ ਖਾਤਮੇ ਦਾ ਟੈਕਸਟ ਛਪ ਗਿਆ ਤਾਂ ਸਭ ਤੋਂ ਮਹਾਨ ਹਿੰਦੂ ਕਹਾਉਣ ਵਾਲੇ ਮਹਾਤਮਾ ਗਾਂਧੀ ਨੇ ਅੰਬੇਦਕਰ ਦੇ ਗੁੱਸੇ ਅਤੇ ਉਤੇਜਨਾ ਬਾਰੇ ਸਵਾਲ-ਜਵਾਬ ਕੀਤੇ। ਉਹਨਾਂ ਦਾ ਵਾਦ- ਵਿਵਾਦ ਨਵਾਂ ਨਹੀਂ ਸੀ। ਦੋਵੇਂ ਆਪਣੀ ਪੀੜ੍ਹੀ ਦੇ ਸਮਾਜਿਕ, ਰਾਜਨੀਤਿਕ ਅਤੇ ਦਾਰਸ਼ਨਿਕ ਮਤਭੇਦਾਂ, ਜੋ ਬਹੁਤ ਪਹਿਲਾਂ ਸ਼ੁਰੂ ਹੋਏ ਸਨ ਤੇ ਅਜੇ ਵੀ ਖਤਮ ਨਹੀਂ ਹੋਏ, ਦੇ ਏਲਚੀ ਸਨ। ਗਾਂਧੀ ਜੀ ਛੂਤ-ਛਾਤ ਨੂੰ ਖਤਮ ਕਰਕੇ ਹਿੰਦੂ ਧਰਮ ਨੂੰ ਬਚਾਉਣਾ ਚਾਹੁੰਦੇ ਸਨ। ਦੂਜੇ ਪਾਸੇ ਡਾ. ਅੰਬੇਦਕਰ ਨੇ ਭਾਰਤੀਆਂ ਦੇ ਪ੍ਰਮੁੱਖ ਧਰਮ ਦੀ ਜਕੜ ਤੋਂ ਬਾਹਰ, ਸਮਾਧਾਨ ਲੱਭ ਲਿਆ ਸੀ।

ਜਾਤੀ ਆਧਾਰਿਤ ਵਿਤਕਰੇ ਉਪਰ ਕਾਬੂ ਪਾਉਣ ਲਈ ਸਾਰਾ ਜੀਵਨ ਲਾ ਕੇ ਡਾ. ਅੰਬੇਦਕਰ ਇਸ ਨਤੀਜੇ 'ਤੇ ਪਹੁੰਚੇ ਕਿ ਦਲਿਤਾਂ ਕੋਲ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਦਾ ਇਕੋ ਰਸਤਾ ਹੈ ਕਿ ਉਹਨਾਂ ਨੂੰ ਆਪਣੇ ਨੁਮਾਇੰਦੇ ਚੁਣਨ ਲਈ ਕੇਵਲ ਦਲਿਤਾਂ ਨੂੰ ਹੀ ਵੋਟ ਪਾਉਣ ਦਾ ਹੱਕ ਮਿਲੇ ਅਤੇ ਕਿਸੇ ਹੋਰ ਸਮਾਜ ਦੇ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਨਾ ਹੋਵੇ ਜਦੋਂ ਕਿ ਅੱਪਰ ਸਮਾਜ ਦੇ ਨੁਮਾਇੰਦਿਆਂ ਨੂੰ ਚੁਣਨ ਲਈ ਸਾਰੇ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਮਿਲੇ ਭਾਵ ਦਲਿਤਾਂ ਨੂੰ ਦੋਹਰੀ ਵੋਟ ਦਾ ਹੱਕ ਮਿਲੇ। ਬਾਅਦ ਵਿਚ ਆਪਣੇ ਅੰਤਿਮ ਡਾ. ਅੰ-ਬੇਦਕਰ ਨੇ ਕਿਹਾ ਕਿ ਇਹ ਉਹਨਾਂ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਸੀ ਅਤੇ ਜੇ ਉਹਨਾਂ ਨੂੰ ਉਹ ਸਭ ਕੁਝ ਦੁਬਾਰਾ ਕਰਨਾ ਪੈਂਦਾ ਤਾਂ ਉਹ ਦਲਿਤਾਂ ਦੀ ਇਕੱਲੀ ਪ੍ਰਤੀਨਿਧਤਾ ਨੂੰ ਛੱਡਣ ਤੋਂ ਇਨਕਾਰ ਕਰ ਦਿੰਦੇ ਪਾਵ ਇਸ ਦਾ ਅਰਥ ਗਾਂਧੀ ਦੀ ਮੌਤ ਹੁੰਦੀ।

ਆਜ਼ਾਦੀ ਦੇ 68 ਸਾਲਾਂ ਵਿਚ ਦਲਿਤਾਂ ਦੀ ਹਾਲਤ ਵਿਚ ਕੋਈ ਤਬਦੀਲੀ ਨਹੀਂ ਆਈ ਅਤੇ ਕੁਝ ਪੱਖਾਂ ਤੋਂ ਹਾਲਾਤ ਹੋਰ ਵੀ ਖਰਾਬ ਹੋ ਗਈ ਹੈ। ਦਲਿਤਾਂ ਨੂੰ ਆਜ਼ਾਦੀ ਕੇਵਲ ਲਫਜ਼ਾਂ ਵਿਚ ਹੀ ਪ੍ਰਾਪਤ ਹੋਈ ਹੈ। ਲਿਓ ਤੌਲਸਤੌਇ ਦਾ ਇਹ ਕਥਨ ਸਹੀ ਕਿ 'ਲੰਬੇ ਸਮੇਂ ਤੋਂ ਗੁਲਾਮੀ ਦੇ ਖਾਤਮੇ ਦਾ ਕੰਮ ਚੱਲਦਾ ਆ ਰਿਹਾ ਹੈ। ਰੋਮ ਨੇ ਗੁਲਾਮੀ ਖਤਮ ਕਰ ਦਿੱਤੀ, ਅਮਰੀਕਾ ਨੇ ਇਯ ਨੂੰ ਖਤਮ ਕਰ ਦਿੱਤਾ ਅ ਤੇ ਅਸੀਂ ਵੀ ਇਸ ਨੂੰ ਖਤਮ ਕੀਤਾ, ਪਰ ਕੇਵਲ ਗੁਲਾਮੀ ਦੇ ਲਫਜ਼ਾਂ ਨੂੰ ਖਤਮ ਕੀਤਾ ਗਿਆ ਨਾ ਕਿ ਗੁਲਾਮੀ ਨੂੰ। ਡਾ. ਬੀ. ਆਰ. ਅੰਬੇਦਕਰ ਨੇ 26 ਜਨਵਰੀ 1950 ਵਿਚ ਕਿਹਾ, ਅਸੀਂ ਅੰਤਰ ਵਿਰੋਧ ਵਾਲੇ ਜੀਵਨ ਵਿਚ ਦਾਖਲ ਹੋਣ ਜਾ ਰਹੇ ਹਾਂ। ਰਾਜਨੀਤੀ ਵਿਚ ਸਮਾਨਤਾ ਅਰਥਾਤ ਇਕ ਆਦਮੀ ਨੂੰ ਇਕ ਵੋਟ ਦੇ ਅਧਿਕਾਰ ਨੂੰ ਸਵੀਕਾਰਦੇ ਹਾਂ ਪਰ ਸਮਾਜਿਕ ਤੇ ਆਰਥਿਕ ਢਾਂਬੇ ਵਿਚ ਇਸ ਸਿਧਾਂਤ ਤੋਂ ਇਨਕਾਰ ਹੋਣਾ ਜਾਰੀ ਰੱਖਦੇ ਹਾਂ। ਰਾਜਨੀਤੀ ਵਿਚ ਸਮਾਨਤਾ ਅਰਥਾਤ ਇਕ ਆਦਮੀ ਨੂੰ ਇਕ ਵੋਟ ਦੇ ਅਧਿਕਾਰ ਨੂੰ ਸਵੀਕਾਰਦੇ ਹਾਂ ਪਰ ਸਮਾਜਿਕ ਤੇ ਆਰਥਿਕ ਢਾਂਚੇ ਵਿਚ ਇਸ ਸਿਧਾਂਤ ਤੋਂ ਇਨਕਾਰ ਹੋਣਾ ਜਾਰੀ ਰੱਖਦੇ ਹਾਂ। ਆਖਿਰ ਕਦੋਂ ਤੱਕ ਅਸੀਂ ਅੰਤਰ ਵਿਰੋਧ ਵਾਲੀ ਜ਼ਿੰਦਗੀ ਜਿਊਣਾ ਜਾਰੀ ਰੱਖਾਂਗੇ? ਕਦੋਂ ਤੱਕ ਅਸੀਂ ਆਪਣੇ ਸਮਾਜਿਕ ਅਤੇ ਆਰਥਿਕ ਜੀਵਨ ਨੂੰ ਬਰਾਬਰੀ ਤੋਂ ਵਾਂਝਾ ਰੱਖਣਾ ਜਾਰੀ ਰੱਖਾਂਗੇ? ਜੇ ਅਸੀਂ ਲੰਬੇ ਸਮੇਂ ਤੱਕ ਇਸ ਨੂੰ ਟਾਲਣਾ ਜਾਰੀ ਰੱਖਿਆ ਤਾਂ ਅਸੀਂ ਆਪਣੇ ਰਾਜਨੀਤਿਕ ਲੋਕਤੰਤਰ ਨੂੰ ਖਤਰੇ ਵਿਚ ਪਾ ਲਵਾਂਗੇ। ਸਾਨੂੰ ਇਸ ਅੰਤਰ-ਵਿਰੋਧੀ ਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੁੰਦਾ ਹੈ, ਨਹੀਂ ਤਾਂ ਜਿਹੜੇ ਨਾ ਬਰਾਬਰੀ ਦਾ ਨੁਕਸਾਨ ਝੱਲ ਰਹੇ ਹਨ, ਉਹ ਲੋਕਤੰਤਰ ਦੇ ਢਾਂਚੇ ਨੂੰ ਤਬਾਹ ਕਰ ਦੇਣਗੇ, ਜਿਸ ਨੂੰ ਸੰਵਿਧਾਨ ਸਭਾ ਨੇ ਬੜੀ ਮਿਹਨਤ ਨਾਲ ਉਸਾਰਿਆ ਸੀ।











ਸਾਰੀ ਗੱਲ ਦਾ ਨਤੀਜਾ ਇਹ ਹੈ ਕਿ ਸ਼ਾਸਨ ਨੂੰ ਚਲਾ ਰਹੀਆਂ ਉਪਰਲੀਆਂ ਜਾਤਾਂ, ਦਲਿਤਾਂ ਨਾਲ ਵਿਤਕਰਾ ਕਰਦੀਆਂ ਆ ਰਹੀਆਂ ਸਨ ਅਤੇ ਹੁਣ ਵੀ ਕਰ ਰਹੀਆਂ ਹਨ। ਕਾਰਜਕਾਰੀ ਵਿਘਾਨ ਸਭਾ ਤੇ ਨਿਆਂਪਾਲਿਕਾ ਦੀਆਂ ਸਾਰੀਆਂ ਉਪਰਲੀਆਂ ਪੁਜੀਸ਼ਨਾਂ ਤੇ ਸਮਾਜ ਦੇ ਉਪਰਲੇ ਵਰਗ ਦੇ ਲੋਕ ਬੈਠੇ ਹਨ। ਸਦੀਆਂ ਤੋਂ ਹੋ ਰਹੇ ਵਿਤਕਰਿਆਂ ਕਾਰਨ ਬਹੁਤੇ ਦਲਿਤਾਂ ਨੂੰ ਸਭ ਤੋਂ ਘੱਟ ਤਨਖਾਹਾਂ ਵਾਲੇ ਕੰਮਾਂ 'ਤੇ ਸੀਮਤ ਕਰ ਦਿੱਤਾ ਗਿਆ। ਸਥਿਤੀ ਪੂਰਨ ਤੌਰ ਤੇ ਵੱਖਰੀ ਹੋ ਸਕਦੀ ਸੀ ਜੇ 1932 ਦੇ ਅਵਾਰਡ ਦੇ ਇਕ ਇਕ ਸ਼ਬਦ ਦੀ ਭਾਵਨਾ ਨੂੰ ਲਾਗੂ ਕੀਤਾ ਗਿਆ ਹੁੰਦਾ। ਇਸ ਨਾਲ ਉਹਨਾਂ ਨੂੰ ਰਾਜਨੀਤਿਕ ਸੁਤੰਤਰਤਾ ਨਾਲ ਸਮਾਜਿਕ ਤੇ ਆਰਥਿਕ ਸੁਤੰਤਰਤਾ ਪ੍ਰਾਪਤ ਹੋ ਜਾਂਦੀ। ਇਹ ਸਪਸ਼ਟ ਨੀਤੀ, ਜਿਸ ਦਾ ਅਰਥ ਭਾਵੇਂ ਵਾਸਪ ਫਿਰਕੂ ਆਵਾਗਵਣ ਵੱਲ ਜਾਣਾ ਹੁੰਦਾ ਤਾਂ ਵੀ ਇਹ ਬਹੁਤ ਉਚਿਤ ਨੀਤੀ ਹੁੰਦੀ। ਉਹਨਾਂ ਦਲਿਤਾਂ ਨੂੰ ਤਾਕਤਵਰ ਕਰਦੀ ਜਿਹਨਾਂ ਨੂੰ ਸਮਾਜਿਕ ਆਰਥਿਕ ਵਿਕਾਸ ਦੇ ਅਵਸਰਾਂ ਤੋਂ ਵਾਂਝਾ ਰੱਖਿਆ ਗਿਆ ਹੈ।

**ਮੋਬਾਇਲ 86880-00472**

**(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ)**

# ਦੁਨੀਆਂ ਵਿੱਚ ਲੱਗਭੱਗ 03 ਕਰੋੜ ਲੋਕ ਗੁਲਾਮੀ ਵਿੱਚ ਫਸੇ ਹੋਏ ਹਨ

ਹੀ ਤਕਰੀਬਨ 2 ਕਰੋੜ ਲੋਕਾਂ ਤੋਂ ਜ਼ਬਰਦਸਤੀ ਮਜ਼ਦੂਰੀ ਕਰਵਾਈ ਜਾ ਰਹੀ ਹੈ ਅਤੇ ਹਰ ਦੇਸ਼ ਵਿੱਚ ਗੁਲਾਮੀ ਨਾਲ ਜੁੜੀਆਂ ਸਮੱਸਿਆਵਾਂ ਹਨ। ਇਸ ਰਿਪੋਰਟ ਅਨੁਸਾਰ ਏਸ਼ੀਆ ਅਤੇ ਅਫਰੀਕਾ ਵਿੱਚ ਗੁਲਾਮੀ ਨੂੰ ਖਤਮ ਕਰਨ ਦੀ ਚੁਣੌਤੀ ਸਭ ਤੋਂ ਵੱਡੀ ਹੈ। ਭਾਰਤ ਦੀ ਇਸ ਮਾੜੀ ਸਥਿਤੀ ਲਈ ਦੇਸ਼ ਵਿੱਚ ਨਾਗਰਿਕਾਂ ਦੇ ਖਰਾਬ ਹਾਲਾਤ ਜਿੰਮੇਵਾਰ ਹਨ। ਦੇਸ ਵਿੱਚ ਸਰਕਾਰਾਂ ਦੁਆਰਾ ਨਾਗਰਿਕ ਪ੍ਰਸ਼ਾਸ਼ਨ ਅਤੇ ਲੋਕਾਂ ਨੂੰ ਮੁਢਲੀਆਂ ਸੁਵਿਧਾਵਾਂ ਦੇਣ ਪ੍ਰਤੀ ਲਾਪਰਵਾਹੀ ਵਰਤੀ ਜਾ ਰਹੀ ਹੈ। ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈਆਂ ਹਨ। ਦੇਸ਼ ਵਿੱਚ ਹਰ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਕਾਰਨ ਸਰਕਾਰੀ ਸੁਵਿਧਾਵਾਂ ਦਾ ਲਾਭ ਵੀ ਅਕਸਰ ਆਮ ਲੋਕਾਂ ਤੱਕ ਨਹੀਂ ਪਹੁੰਚ ਰਿਹਾ ਹੈ। ਸਰਕਾਰਾਂ ਅਕਸਰ ਕਾਗਜ਼ਾਂ ਵਿੱਚ ਵਿਕਾਸ ਦੇ ਦਾਅਵੇ ਕਰਦੀਆਂ ਹਨ ਪਰ ਅਸਲੀਅਤ ਵਿੱਚ ਇਹ ਵਿਕਾਸ ਕੁੱਝ ਲੋਕਾਂ ਤੱਕ ਹੀ ਸੀਮਿਤ ਹੈ ਅਤੇ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਤੋਂ ਵੀ ਬਾਂਝੇ ਹਨ। ਦੇਸ਼ ਵਿੱਚ ਗਰੀਬਾਂ ਦੀ ਹਾਲਤ ਅਤਿ ਖਸਤਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਨੇ ਆਪਣੀ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 186 ਦੇਸ਼ਾਂ ਵਿੱਚ 136ਵੇਂ ਨੰਬਰ ਤੇ ਰੱਖਿਆ ਹੈ। ਤੇਜ਼ ਆਰਥਿਕ ਵਿਕਾਸ ਦਾ ਦਾਅਵਾ ਕਰਨ ਵਾਲਾ ਭਾਰਤ ਅੱਜ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਵੀਅਤਨਾਮ ਅਤੇ ਯਮਨ ਦੇ ਨੇੜੇ ਤੇੜੇ ਹੀ ਹੈ। ਇਹਨਾਂ ਵਿੱਚੋਂ ਵੀ ਵੀਅਤਨਾਮ ਅਤੇ ਉਜ਼ਬੇਕਿਸਤਾਨ ਦੇਸ਼ ਮਾਨਵ ਵਿਕਾਸ ਸੂਚਕਾਂਕ ਦੇ ਕਈ ਮਾਮਲਿਆਂ ਵਿੱਚ ਭਾਰਤ ਤੋਂ ਬਿਹਤਰ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਦੇ ਸਭ ਤੋਂ ਗਰੀਬ ਲੱਗਭੱਗ 20 ਫਿਸਦੀ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕ ਵਿਸ਼ਵ ਦੀ ਕੁੱਲ ਆਮਦਨ ਦਾ 86 ਫੀਸਦੀ ਹਿੱਸਾ ਹੜੱਪ ਰਹੇ ਹਨ। ਵਿਸ਼ਵ ਦੇ ਸਭ ਤੋਂ ਅਮੀਰ 3 ਵਿਅਕਤੀਆਂ ਦੇ ਕੋਲ ਜਿੰਨੀ ਸੰਪਤੀ ਹੈ, ਉਹ ਗਰੀਬ ਦੇਸ਼ਾਂ ਵਿੱਚ ਰਹਿਣ ਵਾਲੇ ਵਿਸ਼ਵ ਦੇ 60 ਕਰੋੜ ਲੋਕਾਂ ਦੀ ਸਾਲਾਨਾ ਆਮਦਨ ਦੇ ਬਰਾਬਰ ਹੈ। ਪਹਿਲਾਂ ਭਾਰਤ ਵਿੱਚ ਗਿਣੇ-ਚੁਣੇ ਕਰੋੜਪਤੀ ਹੁੰਦੇ ਸੀ ਪਰ ਹੁਣ ਅੰਕੜਿਆਂ ਦੇ ਮੁਤਾਬਿਕ 1 ਲੱਖ 53 ਹਜ਼ਾਰ ਕਰੋੜਪਤੀ ਹਨ। ਦੇਸ਼ ਦਾ ਸਾਰਾ ਪੈਸਾ ਅਤੇ ਸਾਧਨ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੀ ਹੈ, ਜਦਕਿ ਬਾਕੀ ਲੋਕ ਕਿਸੇ ਤਰ੍ਹਾਂ ਨਾਲ ਸਿਰਫ ਆਪਣੀ ਜਿੰਦਗੀ ਗੁਜ਼ਰ ਬਸਰ ਕਰ ਰਹੇ ਹਨ। ਇਹੀ ਅਮੀਰ ਲੋਕ ਹੀ ਇਸ ਦੇਸ਼ ਦੇ ਨੀਤੀ ਨਿਰਮਾਤਾ ਹਨ। ਸਮਾਜ ਦੀਆਂ ਨੀਤੀਆਂ ਦੇ ਨਿਰਧਾਰਨ ਵਿੱਚ ਗਰੀਬਾਂ ਦਾ ਕੋਈ ਵੀ ਯੋਗਦਾਨ ਨਹੀਂ ਹੈ। ਗਰੀਬ ਸਿਰਫ ਅੰਕੜੇ ਬਣਾਉਣ ਜਾਂ ਬਣਨ ਦੇ ਲਈ ਹੀ ਹਨ। ਦੇਸ਼ ਦੀਆਂ ਸੜਕਾਂ ਤੇ ਨਵੀਆਂ ਨਵੀਆਂ ਦੋੜਦੀਆਂ ਲਗਜ਼ਰੀ ਕਾਰਾਂ, ਲਗਾਤਾਰ ਖੁੱਲਦੇ ਮਾਲ ਅਤੇ ਅਜਿਹੀਆਂ ਹੀ ਹੋਰ ਗਤੀਵਿਧੀਆਂ ਨਿਸ਼ਚਿਤ ਤੌਰ ਤੇ ਵਿਕਾਸ ਦੀਆਂ ਸੂਚਕ ਹਨ, ਪਰ ਇਹ ਵੀ ਸੱਚ ਹੈ ਕਿ ਦੇਸ ਵਿੱਚ ਬਹੁਤੇ ਲੋਕਾਂ ਲਈ ਦੋ ਜੂਨ ਦੀ ਰੋਟੀ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੈ। ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਦੇਸ਼ ਦੇ ਕਰੋੜਾਂ ਲੋਕ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜ਼ਬੂਰ ਹਨ। ਵਿਸ਼ਵ ਬੈਂਕ ਨੇ ਭਾਰਤ ਵਿੱਚ ਗਰੀਬੀ ਦੇ ਬਾਰੇ ਜੋ ਅੰਕੜੇ ਪੇਸ਼ ਕੀਤੇ ਹਨ ਉਹ ਵੀ ਹੈਰਾਨੀਜਨਕ ਹਨ। ਇਸ ਸੰਸਥਾ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੀ ਆਬਾਦੀ ਦੇ ਅਨੁਸਾਰ ਭਾਰਤ ਦੀ ਸਥਿਤੀ ਸਿਰਫ ਅਫਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਹੀ ਬਿਹਤਰ ਹੈ। ਵਿਸ਼ਵ ਬੈਂਕ ਦੀ ਗਲੋਬਲ ਇਕਨਾਮਿਕ ਪ੍ਰਾਸਪੈਕਟਸ ਫਾਰ 2013 ਦੇ ਹੈਡਿੰਗ ਨਾਲ ਜਾਰੀ ਰਿਪੋਰਟ ਭਾਰਤ ਦੇ ਆਮ ਲੋਕਾਂ ਦੀ ਤਸਵੀਰ ਵਿਖਾਂਉਦੀ ਹੈ। ਵਿਸ਼ਵ ਬੈਂਕ ਅਨੁਸਾਰ 2015 ਤੱਕ ਭਾਰਤ ਦੀ ਇੱਕ ਤਿਹਾਈ ਆਬਾਦੀ ਬੇਹੱਦ ਗਰੀਬੀ ਵਿੱਚ ਆਪਣਾ ਗੁਜ਼ਾਰਾ ਕਰ ਰਹੀ ਹੋਵੇਗੀ। ਸਿਰਫ ਨਾਰਿਆਂ ਅਤੇ ਭਾਸ਼ਣਾਂ ਵਿੱਚ ਵਿਕਾਸ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਨੇਤਾਵਾਂ ਅਤੇ ਨੀਤੀ ਨਿਰਮਾਤਾਵਾਂ ਦੇ ਲਈ ਵਿਸ਼ਵ ਗੁਲਾਮੀ ਸੂਚਕਾਂਕ ਦੀ ਇਹ ਰਿਪੋਰਟ ਅੱਖਾਂ ਖੋਲਣ ਵਾਲੀ ਹੈ।

ਕਿਸੇ ਵੀ ਦੇਸ਼ ਦੇ ਲਈ ਇਸ ਤੋਂ ਜ਼ਿਆਦਾ ਸ਼ਰਮਨਾਕ ਸਥਿਤੀ ਹੋਰ ਕੀ ਹੋ ਸਕਦੀ ਹੈ ਕਿ ਉਸਦੇ ਕਰੋੜਾਂ ਨਾਗਰਿਕ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜ਼ਬੂਰ ਹਨ। ਅੱਜ ਦੇਸ਼ ਵਿੱਚ ਹਾਲਾਤ ਅਜਿਹੇ ਹਨ ਕਿ ਆਮ ਆਦਮੀ ਦੀ ਸੁਣਨ ਵਾਲਾ ਕੋਈ ਨਹੀਂ ਹੈ ਸਰਕਾਰੀ ਵਿਭਾਗਾਂ ਵਿੱਚ ਲਾਲ ਫੀਤਾਸ਼ਾਹੀ ਇੰਨੀ ਹਾਵੀ ਹੈ ਕਿ ਆਮ ਆਦਮੀ ਆਪਣੇ ਛੋਟੇ-ਛੋਟੇ ਕੰਮਾਂ ਅਤੇ ਦੋ ਵਕਤ ਦੀ ਰੋਟੀ ਦੇ ਲਈ ਦਰ-ਦਰ ਭਟਕਦਾ ਰਹਿੰਦਾ ਹੈ। ਦੇਸ਼ ਵਿੱਚ ਦਿਖ ਰਿਹਾ ਕਾਗਜ਼ੀ ਵਿਕਾਸ ਕਿਸਦੇ ਲਈ ਹੈ ਅਤੇ ਕਿਸਨੂੰ ਲਾਭ ਪਹੁੰਚਾ ਰਿਹਾ ਹੈ, ਇਹ ਇੱਕ ਵੱਡਾ ਪ੍ਰਸ਼ਨ ਹੈ। ਦੇਸ ਵਿੱਚ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਵੇਚ ਰਹੀਆਂ ਹਨ, ਬੱਚੇ ਪੜ੍ਹਣ ਦੀ ਬਜਾਏ ਕੰਮ ਕਰ ਰਹੇ ਹਨ, ਕੁੱਝ ਵਿਸ਼ੇਸ ਜਾਤ ਅਤੇ ਵਰਗ ਦੇ ਲੋਕਾਂ ਤੋਂ ਬੇਗਾਰ ਕਰਵਾਈ ਜਾ ਰਹੀ ਹੈ। ਵਿਸ਼ਵ ਦੇ ਸਭਤੋਂ ਵੱਡੇ ਲੋਕਤੰਤਰ ਵਿੱਚ ਵਿਸ਼ਵ ਦੇ ਸਭਤੋਂ ਵੱਧ ਗੁਲਾਮ ਹੋਣਾ ਅਤਿ ਚਿੰਤਾ ਦਾ ਵਿਸ਼ਾ ਹੈ।

ਜੇਕਰ ਅਸੀਂ ਦੇਸ਼ ਨੂੰ ਸੱਚਮੁਚ ਵਿਕਸਿਤ ਦੇਸ਼ਾਂ ਦੀ ਲੜੀ ਵਿੱਚ ਖੜ੍ਹਾ ਕਰਨਾ ਚਾਹੁੰਦੇ ਹਾਂ ਤਾਂ ਦੇਸ਼ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨਾ ਪਵੇਗਾ। ਸਾਡੇ ਦੇਸ ਵਿੱਚ ਸਮੇਂ ਸਮੇਂ ਤੇ ਸਮਾਜ ਦੇ ਚਿੰਤਕਾਂ ਅਤੇ ਸੁਧਾਰਕਾਂ ਨੇ ਗੁਲਾਮੀ ਦੇ ਇਸ ਚੁੰਗਲ ਵਿੱਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਮੁਹਿੰਮ ਚਲਾਈ ਹੈ ਪਰ ਦੇਸ ਵਿੱਚ ਸਭਤੋਂ ਵੱਡੀ ਗੁਲਾਮਾਂ ਦੀ ਗਿਣਤੀ ਇਹ ਸਾਬਿਤ ਕਰਦੀ ਹੈ ਕਿ ਉਹ ਮੁਹਿੰਮ ਸਫਲ ਨਹੀਂ ਹੋ ਸਕੀ ਹੈ। ਭਾਰਤੀ ਦੰਡ ਸਹਿੰਤਾ 1860 ਦੀ ਧਾਰਾ 374 ਅਨੁਸਾਰ ਜੇਕਰ ਕੋਈ ਵਿਅਕਤੀ ਜਾਂ ਸੰਗਠਨ ਕਿਸੇ ਵਿਅਕਤੀ ਨੂੰ ਉਸਦੀ ਮਰਜ਼ੀ ਤੋਂ ਬਿਨ੍ਹਾਂ ਕੰਮ ਕਰਨ ਲਈ ਕਨੂੰਨ ਵਿਰੁੱਧ ਮਜ਼ਬੂਰ ਕਰੇਗਾ ਤਾਂ ਉਸਨੂੰ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ। ਸਾਡੇ ਦੇਸ਼ ਦੇ ਸੰਵਿਧਾਨ ਦੀ ਧਾਰਾ 23 ਅਨੁਸਾਰ ਵੀ ਮਨੁਖੀ ਵਪਾਰ, ਜਬਰੀ ਮਜਦੂਰੀ ਅਤੇ ਬੇਗਾਰ ਤੇ ਪਬੰਦੀ ਲਗਾਈ ਗਈ ਹੈ। ਦੇਸ ਵਿੱਚ ਬੰਧੂਆ ਮਜ਼ਦੂਰੀ ਦੀ ਪ੍ਰਥਾ ਨੂੰ ਰੋਕਣ ਲਈ ਬੰਧੂਆ ਮਜ਼ਦੂਰੀ ਪ੍ਰਥਾ (ਨਿਵਾਰਣ) ਐਕਟ 1976 ਬਣਾਇਆ ਗਿਆ ਹੈ ਜਿਸ ਵਿੱਚ ਬੰਧੂਆਂ ਮਜਦੂਰੀ ਨੂੰ ਖਤਮ ਕਰਨ ਅਤੇ ਬੰਧੂਆ ਮਜ਼ਦੂਰਾਂ ਦੇ ਪੁਨਰਵਾਸ ਲਈ ਪ੍ਰਵਧਾਨ ਰੱਖਿਆ ਗਿਆ ਹੈ। ਕਨੂੰਨ ਹੋਣ ਦੇ ਬਾਬਜੂਦ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਵਿੱਚ ਸਭਤੋਂ ਵੱਧ ਗੁਲਾਮਾਂ ਦੀ ਗਿਣਤੀ ਸਾਡੀਆਂ ਸਰਕਾਰਾਂ ਲਈ ਸ਼ਰਮਨਾਕ ਹੈ ਅਤੇ ਦੇਸ ਨੂੰ ਇਸ ਕਲੰਕ ਤੋਂ ਮੁਕੱਤ ਕਰਨ ਲਈ ਗੰਭੀਰਤਾ ਨਾਲ ਕੰਮ ਕਰਨਾ ਪਵੇਗਾ।

ਦੇਸ਼ ਦੇ ਸਾਧਨਾ ਵਿਸ਼ੇਸ ਤੋਰ ਤੇ ਜੀਵਨ ਜਿਉਣ ਲਈ ਜਰੂਰੀ ਸਾਧਨਾਂ ਦੀ ਸਹੀ ਵੰਡ ਕਰਨੀ ਪਵੇਗੀ ਤਾਂ ਜੋ ਕੋਈ ਵੀ ਨਾਗਰਿਕ ਸਾਧਨਹੀਣ ਨਾਂ ਰਹੇ। ਅੱਜ ਵਿਸ਼ਵ ਗੁਲਾਮੀ ਖਾਤਮਾ ਦਿਵਸ ਮੋਕੇ ਦੇਸ਼ ਦੇ ਨੇਤਾਵਾਂ ਅਤੇ ਨੀਤੀ ਨਿਰਮਾਣ ਕਰਤਾਵਾਂ ਨੂੰ ਇਸ ਮਾਮਲੇ ਪ੍ਰਤੀ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਦੇਸ਼ ਨੂੰ ਇਸ ਕਲੰਕ ਤੋਂ ਬਚਾਉਣ ਲਈ ਕੰਮ ਕਰਨਾ ਚਾਹੀਦਾ ਹੈ।

## ਸਾਹਿਤਕ ਪੈੜਾਂ

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ















ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਮੈਂਬਰਾਨ 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਡਾ. ਜਸਵੰਤ ਰਾਏ ਸਾਹਰੀ ਦੀਆਂ ਕਿਤਾਬਾਂ 'ਕਥਾਵਾਂ ਬਿਸਤ ਦੁਆਬ ਦੀਆਂ' ਅਤੇ 'ਕੌਮ ਦਾ ਸਿਤਾਰਾ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ' ਰਿਲੀਜ਼ ਕਰਦੇ ਹੋਏ।

ਸੈਕਰਾਮੈਂਟੋ- ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਪ੍ਰਥਾਏ ਧਾਰਮਿਕ ਕਵੀ ਦਰਬਾਰ ਗੁਰੂ ਘਰ ਰੇਂਜ ਵਿਊ ਲੇਨ ਸੈਕਰਾਮੈਂਟੋ ਵਿਖੇ ਆਯੋਜਿਤ ਕੀਤਾ ਗਿਆ। ਸਵੇਰ ਦੇ 11 ਵਜੇ ਤੋਂ ਇਕ ਵਜੇ ਤੱਕ ਚੱਲੇ ਇਸ ਪ੍ਰੋਗਰਾਮ ਵਿਚ ਹਾਜ਼ਰ ਕਵੀਆਂ ਨੇ ਆਪਣੀਆਂ ਧਾਰਮਿਕ ਰਚਨਾਵਾਂ ਅਤੇ ਵਿਚਾਰਾਂ ਨਾਲ ਸਾਂਝ ਪਾਈ।

ਗਦਰ ਮੈਮੋਰੀਅਲ ਸੁਸਾਇਟੀ ਦੇ ਚਰਨ ਜੱਜ ਅਤੇ ਗੁਲਵਿੰਦਰ ਗਿੱਲ ਅਤੇ ਗੁਰੂ ਘਰ ਦੀ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਕਵੀ ਦਰਬਾਰ ਵਿਚ, ਪ੍ਰਧਾਨ ਦਿਲਵੀਰ ਦਿਲ ਨਿੱਜਰ, ਜੋਤੀ ਸਿੰਘ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਹਰਭਜਨ ਸਿੰਘ ਢੇਰੀ, ਪ੍ਰਮਿੰਦਰ ਰਾਏ, ਰਮੇਸ਼ ਕੁਮਾਰ ਬੰਗੜ, ਅਜੀਤ ਰਾਮ ਬੰਗੜ, ਪ੍ਰਗਟ ਸਿੰਘ, ਹਰਮਾਲ ਸਿੰਘ, ਫੱਗਣ ਸਿੰਘ ਧਾਮੀ, ਅਨਮੋਲ ਪ੍ਰੀਤ ਕੌਰ, ਸੁਲੱਖਣ ਸਿੰਘ ਸੰਧੂ, ਕੁਲਵੰਤ ਕੌਰ, ਕਿਰਪਾਲ ਸਿੰਘ ਢਿੱਲੋਂ, ਲਾਲ ਸਿੰਘ ਭੱਟੀ, ਮਦਨ ਲਾਲ ਸ਼ਰਮਾ, ਅਜੈਬ ਸਿੰਘ ਚੀਮਾ ਅਤੇ ਮਲਿਕ ਇਮਤਿਆਜ਼ ਨੇ ਹਾਜ਼ਰੀ ਲਵਾਈ।

ਉਪਰੰਤ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਰਿਓਲਿੰਡਾ ਦੇ ਕਮਿਊਨਿਟੀ ਹਾਲ ਵਿਚ 2 ਤੋਂ 6 ਵਜੇ ਤੱਕ ਹੋਈ। ਇਸ ਮੀਟਿੰਗ ਵਿਚ ਪਸਸਕ ਦੇ ਵਿਸਥਾਰ ਅਤੇ ਭਵਿੱਖਤ ਕੰਮਕਾਰਾਂ ਲਈ ਚਰਚਾ ਕੀਤੀ ਗਈ। ਪਸਸਕ ਵੱਲੋਂ ਸਭਾ ਦੇ ਸਾਰੇ ਮੈਂਬਰ ਕਵੀਜਨਾਂ ਦੀ ਇਕ ਸਾਂਝੀ ਰਚਨਾਵਾਂ ਦੀ ਕਿਤਾਬ ਛਪਵਾਉਣ ਲਈ ਇੱਕਮਤ ਰਾਏ ਬਣੀ। ਸਭਾ ਵੱਲੋਂ ਸਾਰੇ ਸਾਹਿਤਕਾਰਾਂ ਲਈ ਸਭਾ ਵੱਲੋਂ ਛਪਾਈ ਜਾਣ ਵਾਲੀ ਕਿਤਾਬ ਲਈ ਵੱਧ ਤੋਂ ਵੱਧ ਰਚਨਾਵਾਂ ਅਤੇ ਇਕ ਫੋਟੋ ਮੰਗੀ ਗਈ, ਜਿਸ ਦਾ ਅੰਤਿਮ ਸਮਾਂ, ਤਰੀਕ ਜਨਵਰੀ 31, 2016 ਹੈ। ਸੋ ਇਸ ਕਿਤਾਬ ਵਿਚ ਸਭਾ ਦੇ ਸਰਗਰਮ ਕਵੀਆਂ ਦੀਆਂ ਰਚਨਾਵਾਂ ਛਾਪੀਆਂ ਜਾਣਗੀਆਂ। ਸੋ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੰਜਾਬੀ ਸਾਹਿਤ ਸਭਾ ਦੇ ਉਸਾਰੂ ਕੰਮਾਂ ਪ੍ਰਤੀ ਸੁਹਿਰਦਤਾ ਨਾਲ ਵਿਚਾਰਾਂ ਕੀਤੀਆਂ ਗਈਆਂ ਅਤ ਅਪੀਲ ਕੀਤੀ ਗਈ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਸਾਹਿਤ ਰਸੀਏ ਅਤੇ ਕਲਮਕਾਰ ਜੋ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਨਾਲ ਜੁੜਨਾ ਚਾਹੁੰਦੇ ਹੋਣ ਜਾਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣਾ ਚਾਹੁੰਦੇ ਹੋਣ ਤਾਂ ਸਭਾ ਦੇ ਪ੍ਰਧਾਨ ਦਿਲ ਨਿੱਜਰ ਨਾਲ 916-628-2210 ਜਾਂ ਇੰਦਰਜੀਤ ਗਰੇਵਾਲ ਸੈਕਟਰੀ ਨਾਲ 916-248-1535 ਤੇ ਸੰਪਰਕ ਕਰ ਸਕਦੇ ਹਨ।

ਸਭਾ ਦੇ ਇਸ ਇਕੱਤਰਤਾ ਵਿਚ ਮਹਿਮਾਨ ਸੰਤੋਖ ਸਿੰਘ ਜੋ ਸਮਾਜ ਸੇਵਕ ਸਰਗਰਮੀਆਂ ਰਾਹੀਂ ਪੰਜਾਬ ਵਿਚ ਲੋੜਵੰਦਾਂ ਦੀ ਸਹਾਇਤਾ ਕਰਦੇ ਹਨ, ਵੀ ਪਹੁੰਚੇ ਸਨ ਅਤੇ ਆਪਣੇ ਕੰਮਾਂ ਪ੍ਰਤੀ ਸੰਖੇਪ ਜਾਣਕਾਰੀ ਸਾਂਝੀ ਕੀਤੀ। ਸਭਾ ਵਿਚ ਪਹਿਲੀ ਵਾਰ ਪਹੁੰਚੇ ਸੁਰਿੰਦਰ ਸਿੰਘ ਸੈਵੀ ਜੀ ਨੇ ਵੀ ਆਪਣੇ ਵਿਚਾਰਾਂ ਨਾਲ ਕੌਮੀ ਦਰਦ ਅਤੇ ਪੰਜਾਬ ਦੀ ਤ੍ਰਾਸਦੀ ਬਿਆਨ ਕੀਤੀ। ਕਹਾਣੀਕਾਰਾ ਤਤਿੰਦਰ ਕੌਰ ਦੀ ਕਹਾਣੀ ਮੈਕਡੋਲਗੰਜ ਵੀ ਕਾਫੀ ਸਰਾਹੀ ਗਈ। ਸਟੇਜ ਦੀ ਸੇਵਾ ਜੋਤੀ ਸਿੰਘ ਅਤੇ ਇੰਦਰਜੀਤ ਗਰੇਵਾਲ ਵੱਲੋਂ ਰਲ ਕੇ ਨਿਭਾਇ. ਗਈ। ਕਵੀ ਦਰਬਾਰ ਵਿਚ ਜੀਵਨ ਰੱਤੂ, ਇੰਦਰਜੀਤ ਗਰੇਵਾਲ ਥਰੀਕੇ, ਹਰਭਜਨ ਸਿੰਘ ਢੇਰੀ, ਮਹਿੰਦਰ ਸਿੰਘ ਘੱਗ, ਪ੍ਰਧਾਨ ਦਿਲਵੀਰ ਨਿੱਜਰ, ਰਮੇਸ਼ ਬੰਗੜ, ਅਜੀਤ ਰਾਮ ਬੰਗੜ, ਅਜੈਬ ਸਿੰਘ ਚੀਮਾ, ਰਾਠੇਸ਼ਵਰ ਸਿੰਘ ਸੂਰਾਪੁਰੀ, ਪ੍ਰੇਮ ਕੁਮਾਰ ਚੁੰਬਰ ਐਡੀਟਰ ਦੇਸ਼-ਦੁਆਬਾ, ਹਰਬੰਸ ਸਿੰਘ ਜਗਿਆਸੂ ਢਿੱਲੋਂ, ਮਲਿਕ ਇਮਤਿਆਜ, ਕਮਲ ਬੰਗਾ, ਜਸਵੰਤ ਜੱਸੀ ਸ਼ੀਮਾਰ ਅਤੇ ਪ੍ਰਮਿੰਦਰ ਸਿੰਘ ਰਾਏ ਨੇ ਆਪੋ-ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਭਰੀ। ਅੰਤ ਵਿਚ ਪ੍ਰਧਾਨ ਦਿਲ ਨਿੱਜਰ ਨੇ ਸਭਾ ਦੀ ਮੀਟਿੰਗ ਦੀ ਸਮਾਪਤੀ ਦਸੰਬਰ 27, 2015 ਦਿਨ ਐਤਵਾਰ ਨੂੰ ਗੁਰੂ ਘਰ ਰਿਓਲਿੰਡਾ ਦੇ ਕਮਿਊਨਿਟੀ ਹਾਲ ਵਿਚ ਮੁੜ ਮਿਲਣ ਦੇ ਵਾਅਦੇ ਨਾਲ ਕੀਤੀ। ਰਿਪੋਰਟ- ਇੰਦਰਜੀਤ ਸਿੰਘ



ਤਸਵੀਰਾਂ- ਪ੍ਰੇਮ ਚੁੰਬਰ (ਦੇਸ਼ ਦੁਆਬਾ)

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਪ੍ਰਧਾਨ ਦਲਵੀਰ 'ਦਿਲ' ਨਿੱਜਰ ਡਾ. ਜਸਵੰਤ ਰਾਏ ਦੀਆਂ ਦੋ ਕਿਤਾਬਾਂ ਬਾਰੇ ਸਭਾ ਵਿਚ ਆਪਣੇ ਵਿਚਾਰ ਸਾਂਝੇ ਕਰਦੇ ਹੋਏ।

## ਗੁਰੂ ਨਾਲ ਸੰਵਾਦ

ਗੁਰਲਾਲ ਸਿੰਘ ਬਰਾੜ
91-04635-18172

ਗੁਰੂ ਜੀ!

ਅੱਜ ਦੇ ਦਿਨ
ਚਾਂਦਨੀ ਚੌਂਕ ਵਿਚ
ਤੁਸੀਂ ਹੱਸਦੇ ਹੱਸਦੇ
ਆਪਣਾ ਸੀਸ ਦੇ ਦਿੱਤਾ ਸੀ
ਕਿਉਂਕਿ
ਧਰਮ ਨੂੰ ਖਤਰਾ ਸੀ ਉਦੋਂ।
ਪਰ
ਅੱਜ ਧਰਮ ਹੀ ਖ਼ਤਰਾ ਬਣਦਾ ਜਾ ਰਿਹੈ।
ਜਾਨਵਰਾਂ ਦੇ ਮੋਹ ਵਿਚ
ਮਨੁੱਖ ਦੀ ਬਲੀ ਦਿੱਤੀ ਜਾ ਰਹੀ ਹੈ
ਤੇ
ਢਿੱਡੋਂ ਭੁੱਖੇ ਲੋਕਾਂ 'ਤੇ
ਠੋਸਿਆ ਜਾ ਰਿਹਾ ਹੈ
'ਰਸੋਈ ਸਾਸ਼ਤਰ'

ਇਸ ਸਾਹ-ਘੁੱਟਵੇਂ ਮਾਹੌਲ
ਦੇ ਵਿਰੋਧ ਵਿਚ
ਰੁੱਸ ਗਏ ਹਨ
ਕੁਝ ਸੂਹੇ ਅੱਖਰ
ਤੇ ਉਹਨਾਂ ਨੇ
ਸ਼ਾਹੀ-ਸਨਮਾਨ ਠੁਕਰਾ ਦਿੱਤੇ ਨੇ।

ਹਾਕਮ ਤਾਂ ਹਾਕਮ ਹੀ ਹੁੰਦੈ
ਉਸਨੇ ਨਾ ਉਦੋਂ ਸੁਣਿਆ ਸੀ
ਨਾ ਹੁਣ ਸੁਣਦਾ ਹੈ।
ਸ਼ਾਇਦ।
ਇਤਿਹਾਸ ਖੁਦ ਨੂੰ ਦੁਹਰਾ ਰਿਹਾ ਹੈ।

ਗੁਰੂ ਜੀ!
ਮਾਰਗ ਦਰਸਾਓ....
ਕਿ ਰੁੱਸੇ ਹੋਏ ਸੂਹੇ ਅੱਖਰ
ਹੁਣ ਕਿਹੜੇ ਅਨੰਦਪੁਰ ਜਾਣ
ਤੇ
ਇਹ ਵੀ ਦੱਸੋ
ਕਿ ਜਦੋਂ
ਸਰਕਾਰੀ ਕੰਨ
ਕਲਮਾਂ ਦੀ ਆਵਾਜ਼ ਸੁਣਨ ਤੋਂ
ਇਨਕਾਰੀ ਹੋ ਜਾਣ
ਤਾਂ ਫਿਰ
ਕਿਹੜਾ ਰਾਹ ਬਚਦਾ ਹੈ?

## ਪ੍ਰੀਖਿਆ ਪੰਜਾਬੀਆਂ ਦੀ !

ਅੱਗੋਂ ਹੀ ਮੈਦਾਨ ਭਖ ਪਿਆ ਹੈ ਸਤਾਰਾਂ ਵਾਲਾ
ਪਤਾ ਨਹੀਂ ਹਾਲਾਤ ਹਾਲੇ ਕੈਸੇ ਕੈਸੇ ਆਉਣਗੇ।

ਸ਼ਾਤਰ ਦਿਮਾਗ ਵਾਲੇ ਮੀਸਣੇ ਬੇ-ਰਹਿਮ ਨੇਤਾ
ਰੱਬ ਜਾਣੇ ਕਿਹਨੂੰ ਕਿਹਦੇ ਨਾਲ ਉਹ ਲੜਾਉਣਗੇ।

ਕਾਗਜ਼ੀ ਵਿਕਾਸ ਵਾਲੀ ਰਾਗਣੀ ਨੂੰ ਗਾਉਣ ਵਾਲੇ
ਲਾਰੇ-ਗੱਪਾਂ ਵਾਲੇ ਮੈਨੀਫੈਸਟੋ ਲਿਖਾਉਣਗੇ।

ਪਾਣੀਆਂ ਦਾ ਰਾਖਾ ਹੋਣ ਨਾਤੇ ਕੋਈ ਵੋਟਾਂ ਮੰਗੂ
ਦਿੱਲੀ ਵਾਲੀ ਫਤਿਹ ਕੋਈ ਇੱਥੇ ਤੋਂ ਹੀ ਚਾਹੁਣਗੇ।

ਜ਼ੁਲਮੋ-ਸਿਤਮ ਸਹਿ ਸਹਿ ਗੁੱਸੇ 'ਚ ਪੰਜਾਬ ਵਾਸੀ
ਇਹ ਤਾਂ ਗੱਲ ਪੱਕੀ ਐ ਕਿ ਤੱਕੜੀ ਭਜਾਉਣਗੇ।



ਹੋਵੇਗੀ ਪ੍ਰੀਖਿਆ ਪੰਜਾਬੀਆਂ ਦੀ ਬੜੀ ਔਖੀ
ਝਾੜੂ-ਪੰਜੇ ਵਿਚੋਂ ਕਿਹਨੂੰ ਆਪਣਾ ਬਣਾਉਣਗੇ?

- ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਰਠੇਸ਼ਵਰ ਸਿੰਘ ਸੂਰਾਪੁਰੀ ਦੀਆਂ ਦੋ ਰਚਨਾਵਾਂ

### ਹੱਲ ਕਰ

ਇੰਜ ਨੀ ਗੁਜ਼ਾਰਾ ਹੋਣਾ, ਮਸਲੇ ਦਾ ਹੱਲ ਕਰ।
ਕਰਨਾ ਏ ਪੈਣਾ ਤੈਨੂੰ, ਅੱਜ ਭਾਵੇਂ ਕੱਲ੍ਹ ਕਰ।

ਪਿਆਰ ਵਿਚ ਸ਼ਿਕਵੇ, ਗਿਲੇ ਹੁੰਦੇ ਰੈਣ੍ਹ ਸਦਾ,
ਦਿਲ ਦੀ ਆਵਾਜ਼ ਸੁਣ, ਕੰਨ ਏਦ੍ਹੇ ਵੱਲ ਕਰ।

ਸਮਾਂ ਨਾ ਗਵਾਈ ਜਾ, ਹੋਰ ਨਾ ਉਡੀਕ ਹੁੰਦੀ,
ਕਰਨਾ ਜੋ ਫੈਸਲਾ ਏ, ਛੇਤੀ ਅੱਜ-ਕਲ੍ਹ ਕਰ।

ਕੀ ਤੇਰੇ ਦਿਲ ਵਿਚ, ਸਮਝ ਨਾ ਆਏ ਮੈਨੂੰ,
ਗੱਲ ਕਰ ਖੁੱਲ੍ਹ ਕੇ ਤੂੰ, ਨਾਹੀਂ ਵਲ-ਛਲ ਕਰ।

ਟੁੱਟ ਜਾਂਦੇ ਰਿਸ਼ਤੇ ਨੇ ਰੱਖੀਏ ਖਿਆਲ ਨਾ ਜੇ,
ਬਹੁਤਾ ਨਾ ਕਠੋਰ ਬਣ, ਹਊ-ਪਰ੍ਹੇ ਗੱਲ ਕਰ।

ਦਿਲ ਕਮਜ਼ੋਰ ਮੇਰਾ 'ਰਾਠੀ' ਨਾ ਸਤਾਓ ਮੈਨੂੰ,
ਇਕ ਵਾਰੀ ਫੋਨ ਕਰ, ਭਾਵੇਂ ਇਕ ਪਲ ਕਰ।



ਰਠੇਸ਼ਵਰ ਸਿੰਘ ਸੂਰਾਪੁਰੀ
(916) 969-9337

### ਮੈਂ ਜੋ ਹਾਂ

ਕਸਵੱਟੀ ਤੇ ਨਾ ਘਿਸਣਾ ਚਾਵ੍ਹਾਂ।
ਮੈਂ ਜੋ ਹਾਂ, ਉਹ ਦਿਸਣਾ ਚਾਵ੍ਹਾਂ।

ਵਾਂਗ ਨਦੀ ਦੇ, ਚਾਹੁੰਦਾ ਵਗਣਾ,
ਬੂੰਦ-ਬੂੰਦ ਨਾ, ਰਿਸਣਾ ਚਾਵ੍ਹਾਂ।

ਮੈਂ ਫੁੱਲ ਬਣਕੇ, ਖਿੜਨਾ ਲੋਚਾਂ,
ਵੰਡ ਖੁਸ਼ਬੂਆਂ, ਮਿਟਣਾ ਚਾਵ੍ਹਾਂ।

ਕਿਸੇ ਅੱਖ ਦਾ, ਬਣ ਜਾਂ ਲੋਚਨ,
ਸੁਰਮੇ ਵਾਂਗਰ, ਪਿਸਣਾ ਚਾਵ੍ਹਾਂ।

ਬੁੱਤ ਬਣਕੇ, ਲੱਗ ਜਾ ਚੁਰਾਹੇ,
ਪੂਰੀ ਹੋਏ, ਤਹਿਸ਼ਨਾ ਚਾਵ੍ਹਾਂ।

ਮਹਿਫਲ ਵਿਚ, ਆਣਕੇ 'ਰਾਠੀ'
ਮੈਂ ਸੁਣਨਾ, ਕੁਝ ਸਿੱਖਣਾ ਚਾਵ੍ਹਾਂ।




# 30 ਤੋਂ 40 ਪਾਰ ਕਰ ਗਈਆਂ, ਪਰ ਵਿਆਹ ਹਾਲੇ ਦੂਰ



### ਏਕਤਾ ਕਪੂਰ

ਏਕਤਾ ਕਪੂਰ ਦੀ ਉਮਰ 40 ਸਾਲ ਦੇ ਕਰੀਬ ਹੋ ਗਈ ਹੈ। ਏਕਤਾ ਕਪੂਰ ਨੇ ਬਤੌਰ ਪ੍ਰੋਡਿਊਸਰ ਹੁਣ ਤੱਕ ਸੈਂਕੜੇ ਸੀਰੀਅਲ ਦਿੱਤੇ ਹਨ। ਉਹਨਾਂ ਦਾ ਸੀਰੀਅਲ ਕਹਾਣੀ ਘਰ ਘਰ ਕੀ, ਕਸੌਟੀ ਜ਼ਿੰਦਗੀ ਕੀ, ਕੁਮਕੁਮ ਭਾਗ, ਇਹ ਹੈ ਮੋਹੱਬਤੋਂ ਆਦਿ ਹਨ। ਉਹਨਾਂ ਦਾ ਜਨਮ 7 ਜੂਨ 1975 ਨੂੰ ਹੋਇਆ ਸੀ।



### ਸਾਕਸ਼ੀ ਤੰਵਰ

ਸਾਕਸ਼ੀ ਤੰਵਰ ਕਈ ਸੀਰੀਅਲਾਂ ਵਿਚ ਬਹੁਤ ਚਰਚਾ ਵਿਚ ਰਹੀ ਹੈ। ਉਸ ਦੇ ਪ੍ਰਸਿੱਧ ਕਿਰਦਾਰ ਪਾਰਬਤੀ (ਕਹਾਨੀ ਘਰ ਘਰ ਕੀ) ਅਤੇ ਪ੍ਰਿਆ ਕਪੂਰ (ਬੜੇ ਅੱਛੇ ਲਗਤੇ ਹੈਂ) ਕਾਫੀ ਪ੍ਰਸਿੱਧ ਹੋਏ ਹਨ। ਸਾਕਸ਼ੀ 42 ਸਾਲ ਦੀ ਹੋ ਗਈ ਹੈ। ਉਸ ਦਾ ਜਨਮ 12 ਜਨਵਰੀ 1973 ਨੂੰ ਹੋਇਆ ਸੀ।



### ਮੋਨਾ ਸਿੰਘ

ਮੋਨਾ ਸਿੰਘ ਦਾ ਪ੍ਰਸਿੱਧ ਕਿਰਦਾਰ ਜੱਸੀ (ਜੱਸੀ ਜੈਸੀ ਕੋਈ ਨਹੀਂ) ਵਿਚ ਸਾਹਮਣੇ ਆਇਆ। ਮੋਨਾ ਸਿੰਘ ਦੀ ਉਮਰ 34 ਸਾਲ ਦੀ ਹੋ ਗਈ ਹੈ ਪਰ ਫਿਲਹਾਲ ਵਿਆਹ ਦਾ ਨਾਂ ਵੀ ਨਹੀਂ ਲੈਂਦੀ। ਮੋਨਾ ਸਿੰਘ ਦਾ ਜਨਮ 8 ਅਕਤੂਬਰ 1981 ਨੂੰ ਹੋਇਆ ਸੀ।



### ਕਵਿਤਾ ਕੌਸ਼ਕ

ਕਵਿਤਾ ਕੌਸ਼ਕ ਦੀ ਉਮਰ 34 ਸਾਲ ਦੀ ਹੋ ਗਈ ਹੈ। ਉਸ ਦਾ ਪ੍ਰਸਿੱਧ ਕਿਰਦਾਰ ਚੰਦਰਮੁਖੀ ਚੌਟਾਲਾ (ਐਫ ਆਈ ਆਰ) ਵਿਚ ਸਾਹਮਣੇ ਆਇਆ ਸੀ। ਕਵਿਤਾ ਦਾ ਜਨਮ 15 ਫਰਵਰੀ 1981 ਨੂੰ ਹੋਇਆ ਸੀ।



ਦਯਾ ਬੇਨ, ਅੰਜਲੀ, ਮਾਧਵੀ, ਕੋਮਲ ਅਤੇ ਰੌਸ਼ਲ ਇਹ ਉਹਨਾਂ ਫੀਮੇਲ ਕਰੈਕਟਰਜ਼ ਦੇ ਨਾਂ ਹਨ ਜੋ 'ਤਾਰਕ ਮਹਿਤਾ ਦਾ ਉਲਟਾ ਚਸ਼ਮਾ' ਸ਼ੋਅ ਦੀ ਗੋਕੁਲਧਾਮ ਸੁਸਾਇਟੀ ਵਿਚ ਰਹਿੰਦੀਆਂ ਹਨ। ਹਾਲ ਹੀ ਵਿਚ ਦਯਾ ਬੇਨ ਉਰਫ ਦਿਸ਼ਾ ਵਕਾਣੀ ਦਾ ਵਿਆਹ ਹੋਇਆ ਹੈ।



### ਕਰਿਸ਼ਮਾ ਤੰਨਾ

ਕਰਿਸ਼ਮਾ ਛੋਟੇ ਪਰਦੇ ਦੇ ਉਤੇ ਕਾਫੀ ਸਮੇਂ ਤੋਂ ਹਨ ਪਰ ਉਸ ਦਾ ਪ੍ਰਸਿੱਧ ਕਿਰਦਾਰ ਬਿਗ ਬਾਸ 8 ਵਿਚ ਸਾਹਮਣੇ ਆਇਆ। ਕਰਿਸ਼ਮਾ 31 ਸਾਲ ਦੀ ਹੈ। ਉਸ ਦਾ ਜਨਮ 31 ਦਸੰਬਰ 1983 ਨੂੰ ਹੋਇਆ ਸੀ।



### ਸ਼ਮਾ ਸਿਕੰਦਰ

ਸ਼ਮਾ ਸਿਕੰਦਰ ਭਿਅੰਕਰ ਪਰੀ (ਬਾਲਵੀਰ) ਵਿਚ ਪ੍ਰਸਿੱਧ ਹੋਈ ਸੀ। ਉਸ ਦੀ ਉਮਰ 34 ਸਾਲ ਹੋ ਗਈ ਹੈ। ਉਸ ਦਾ ਜਨਮ 4 ਅਗਸਤ 1981 ਨੂੰ ਹੋਇਆ ਸੀ।



### ਗੌਹਰ ਖਾਨ

ਗੌਹਰ ਖਾਨ ਦਾ ਪ੍ਰਸਿੱਧ ਕਿਰਦਾਰ ਬਿਗ ਬਾਸ7 ਅਤੇ ਇੰਡੀਆਜ਼ ਰਾਹ ਸਟਾਰ ਵਿਚ ਸਾਹਮਣੇ ਆਏ ਸਨ। ਉਸ ਦੀ ਉਮਰ 34 ਸਾਲ ਦੀ ਹੋ ਗਈ ਹੈ ਅਤੇ ਵਿਆਹ ਦਾ ਨਾਂ ਵੀ ਨਹੀਂ ਲੈਂਦੀ। ਗੌਹਰ ਖਾਨ ਦਾ ਜਨਮ 23 ਅਗਸਤ 1981 ਦਾ ਹੈ।



### ਕਿਸ਼ਵਰ ਮਰਚੈਂਟ

ਕਿਸ਼ਵਰ ਮਰਚੈਂਟ ਦਾ ਪ੍ਰਸਿੱਧ ਕਿਰਦਾਰ ਡਿੰਪੀ (ਇਤਨਾ ਕਰੋ ਨਾ ਮੁਝੇ ਪਿਆਰ) ਵਿਚ ਸਾਹਮਣੇ ਆਇਆ ਸੀ। ਕਿਸ਼ਵਰ ਮਰਚੈਂਟ 34 ਸਾਲਾਂ ਦੀ ਹੋ ਚੁੱਕੀ ਹੈ। ਉਸ ਦਾ ਜਨਮ 18 ਫਰਵਰੀ 1981 ਨੂੰ ਹੋਇਆ ਸੀ। ਵਿਆਹ ਦੇ ਨਾਂ ਤੇ ਕਿਸ਼ਵਰ ਫਿਲਹਾਲ ਕੋਈ ਜਵਾਬ ਹੀ ਨਹੀਂ ਦਿੰਦੀ।



### ਸਨਾਯਾ ਇਰਾਨੀ

ਸਨਾਯਾ ਇਰਾਨੀ ਛੋਟੇ ਪਰਦੇ ਦੀ ਚੁਲ-ਬੁਲੀ ਸਟਾਰ ਮੰਨੀ ਜਾਂਦੀ ਹੈ। ਉਸ ਦਾ ਪਾਰਬਤੀ ਕਿਰਦਾਰ (ਰੰਗਰਸੀਆ) ਵਿਚ ਸਾਹਮਣੇ ਆਇਆ ਸੀ। ਉਹ 32 ਸਾਲ ਦੀ ਹੋ ਗਈ ਹੈ। 17 ਸਤੰਬਰ 1983 ਨੂੰ ਜੰਮੀ ਸਨਾਯਾ ਵੀ ਹਾਲੇ ਕੁਆਰੀ ਹੈ।

### ਅੰਕਿਤਾ ਲੋਖੰਡੇ

ਅੰਕਿਤਾ ਲੋਖੰਡੇ 31 ਸਾਲ ਦੀ ਹੋ ਚੁੱਕੀ ਹੈ। ਉਸ ਦਾ ਪ੍ਰਸਿੱਧ ਕਿਰਦਾਰ ਅਰਚਨਾ (ਪਵਿੱਤਰ ਰਿਸ਼ਤਾ) ਵਿਚ ਸਾਹਮਣੇ ਆਇਆ ਸੀ। ਅੰਕਿਤਾ ਦਾ ਜਨਮ 19 ਦਸੰਬਰ 1984 ਨੂੰ ਹੋਇਆ ਸੀ।



## ਫਿਲਿਪ ਹਿਊਜ਼ ਨੂੰ ਪਹਿਲੀ ਬਰਸੀ 'ਤੇ ਸ਼ਰਧਾਂਜਲੀ

ਆਸਟ੍ਰੇਲੀਆਈ ਬੱਲੇਬਾਜ਼ ਫਿਲਿਪ ਹਿਊਜ਼ ਨੂੰ ਉਸ ਦੀ ਪਹਿਲੀ ਬਰਸੀ 'ਤੇ ਇੱਥੇ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿਚਾਲੇ ਖੇਡੇ ਜਾ ਰਹੇ ਪਹਿਲੇ ਡੇ-ਨਾਈਟ ਟੈਸਟ ਮੈਚ ਦੌਰਾਨ ਯਾਦ ਕੀਤਾ ਗਿਆ। ਆਸਟ੍ਰੇਲੀਆ ਲਈ 26 ਟੈਸਟ ਮੈਚ ਖੇਡਣ ਵਾਲੇ 25 ਸਾਲਾ ਹਿਊਜ਼ ਦੀ ਪਿਛਲੇ ਸਾਲ 27 ਨਵੰਬਰ ਨੂੰ ਸਿਰ 'ਚ ਸੱਟ ਲੱਗਣ ਕਾਰਨ ਮੌਤ ਹੋ ਗਈ ਸੀ। ਉਸ ਦੀ ਮੌਤ ਨਾਲ ਆਸਟ੍ਰੇਲੀਆ ਤੇ ਬਾਕੀ ਕ੍ਰਿਕਟ ਜਗਤ ਸਦਮੇ 'ਚ ਚਲਾ ਗਿਆ ਸੀ। ਹਿਊਜ਼ ਦੇ ਪਰਿਵਾਰ ਦੇ ਕਹਿਣ 'ਤੇ ਉਸ ਦੀ ਬਰਸੀ ਦਾ ਪ੍ਰੋਗਰਾਮ ਸਾਧਾਰਣ ਰੱਖਿਆ ਗਿਆ।

ਆਸਟ੍ਰੇਲੀਆ ਤੇ ਨਿਊਜ਼ੀਲੈਂਡ ਦੇ ਖਿਡਾਰੀਆਂ ਨੇ ਹਿਊਜ਼ ਦੀ ਯਾਦ 'ਚ ਬਾਂਹ 'ਤੇ ਕਾਲੀ ਪੱਟੀ ਬੰਨ੍ਹੀ। ਆਸਟ੍ਰੇਲੀਆਈ ਕਪਤਾਨ ਸਟੀਵ ਸਮਿਥ ਨੇ ਟਵੀਟ ਕੀਤਾ ਕਿ ਸਾਡੇ ਕਰੀਬੀ ਦੋਸਤ ਨੂੰ ਗਵਾਉਣ ਤੋਂ ਬਾਅਦ ਅੱਜ ਇਕ ਸਾਲ ਬੀਤ ਗਿਆ। ਅਸੀਂ ਅੱਜ ਵੀ ਹਮੇਸ਼ਾ ਵਾਂਗ ਉਸ ਨੂੰ ਯਾਦ ਕੀਤਾ। ਹੈਸ਼ਟੈਗ 63 ਨਾਟ ਆਊਟ ਹੈਸ਼ਟੈਗ 408 ਫੋਰੈਵਰ। ਐਡੀਲੇਡ ਓਵਲ ਦੇ ਸਕੋਰਬੋਰਡ ਕੋਲ ਲੱਗੀ ਵੀਡੀਓ ਸਕ੍ਰੀਨ 'ਤੇ ਟ੍ਰਿਬਿਊਟ ਦਿਖਾਇਆ ਗਿਆ। ਸਕੋਰਬੋਰਡ 'ਤੇ ਲਿਖਿਆ ਸੀ 'ਰਿਮੈਂਬਰਿੰਗ 408'। 3 ਮਿੰਟਾਂ ਦੀ ਸ਼ਰਧਾਂਜਲੀ ਦੇਖਣ ਲਈ ਆਸਟ੍ਰੇਲੀਆਈ ਖਿਡਾਰੀ ਡਰੈਸਿੰਗ ਰੂਮ ਤੋਂ ਬਾਹਰ ਨਿਕਲ ਆਏ ਸਨ।




## ਹੀਰੋ ਹਾਕੀ ਵਰਲਡ ਲੀਗ ਫਾਈਨਲਜ਼ ਦੇ ਮੁਕਾਬਲੇ 27 ਨਵੰਬਰ ਤੋਂ

ਵਿਸ਼ਵ ਦੀਆਂ ਚੋਟੀ ਦੀਆਂ 8 ਟੀਮਾਂ ਵਿਚਾਲੇ ਹੀਰੋ ਹਾਕੀ ਵਰਲਡ ਲੀਗ ਫਾਈਨਲਜ਼ ਦੇ ਮੁਕਾਬਲੇ 27 ਨਵੰਬਰ ਤੋਂ ਰਾਏਪੁਰ ਵਿਚ ਸ਼ੁਰੂ ਹੋਣਗੇ ਜਿੱਥੇ ਇਹ ਟੀਮਾਂ ਆਪਣੀ ਪੂਰੀ ਤਾਕਤ ਨਾਲ ਖੇਡਦੇ ਹੋਏ ਜਲਵਾ ਦਿਖਾਉਣ ਲਈ ਬੇਤਾਬ ਹਨ। ਛੱਤੀਸਗੜ੍ਹ ਦੇ ਰਾਏਪੁਰ ਵਿਚ ਨਵੇਂ ਬਣੇ ਸਰਦਾਰ ਵੱਲਭ ਭਾਈ ਪਟੇਲ ਕੌਮਾਂਤਰੀ ਸਟੇਡੀਅਮ ਵਿਚ 27 ਨਵੰਬਰ ਤੋਂ 6 ਦਸੰਬਰ ਤਕ ਖੇਡੇ ਜਾਣ ਵਾਲੇ ਇਸ ਵੱਕਾਰੀ ਟੂਰਨਾਮੈਂਟ ਵਿਚ ਦੁਨੀਆ ਦੀਆਂ ਚੋਟੀ ਦੀਆਂ 8 ਟੀਮਾਂ ਹਿੱਸਾ ਲੈਣਗੀਆਂ। ਇਹ ਸਾਰੀਆਂ 9 ਟੀਮਾਂ ਅਰਜਨਟੀਨਾ ਤੇ ਬੈਲਜੀਅਮ ਵਿਚ ਹੋਏ ਸੈਮੀਫਾਈਨਲਸ ਮੁਕਾਬਲਿਆਂ ਵਿਚ ਹਿੱਸਾ ਲੈਣ ਦੇ ਬਾਅਦ ਇਸ ਵੱਡੇ ਮੰਚ ਵਿਚ ਆਪਣੀ ਬਾਦਸ਼ਾਹਤ ਸਾਬਤ ਕਰਨ ਦੇ ਇਰਾਦੇ ਨਾਲ ਉਤਰਨਗੀਆਂ। ਅਗਲੇ ਸਾਲ ਰੀਓ ਓਲੰਪਿਕ ਲਈ ਪਹਿਲਾਂ ਹੀ ਕੁਆਲੀਫਾਈ ਕਰ ਚੁੱਕੀਆਂ ਇਨ੍ਹਾਂ ਸਾਰੀਆਂ ਟੀਮਾਂ ਨੂੰ ਟੂਰਨਾਮੈਂਟ ਵਿਚ 4-4 ਦੇ ਦੋ ਗਰੁੱਪਾਂ ਵਿਚ ਵੰਡਿਆ ਗਿਆ ਹੈ। ਮੇਜ਼ਬਾਨ ਭਾਰਤ ਪੂਲ-ਬੀ ਵਿਚ ਆਪਣੀ ਮੁਹਿੰਮ ਦੀ ਸ਼ੁਰੂਆਤ 27 ਨਵੰਬਰ ਨੂੰ ਅਰਜਨਟੀਨਾ ਵਿਰੁੱਧ ਮੈਚ ਨਾਲ ਕਰੇਗਾ। ਇਸ ਪੂਲ ਦੀਆਂ ਦੋ ਹੋਰ ਟੀਮਾਂ ਜਰਮਨੀ ਤੇ ਹਾਲੈਂਡ ਹਨ। ਪੂਲ-ਬੀ ਵਿਚ ਮੇਜ਼ਬਾਨ ਭਾਰਤ ਦੇ ਇਲਾਵਾ ਵਿਸ਼ਵ ਰੈਂਕਿੰਗ ਵਿਚ ਦੂਜੇ ਨੰਬਰ ਦੀ ਤੇ ਸਾਬਕਾ ਚੈਂਪੀਅਨ ਹਾਲੈਂਡ ਦੇ ਇਲਾਵਾ ਜਰਮਨੀ ਤੇ ਅਰਜਨਟੀਨਾ ਹਨ। ਭਾਰਤ ਵਿਸ਼ਵ ਰੈਂਕਿੰਗ ਵਿਚ ਛੇਵੇਂ ਸਥਾਨ 'ਤੇ ਹੈ। ਟੂਰਨਾਮੈਂਟ ਵਿਚ ਹਾਲੈਂਡ ਆਪਣੇ ਖਿਤਾਬ ਦਾ ਬਚਾਅ ਕਰਨ ਉਤਰੇਗਾ।

## ਪਿੱਚਾਂ ਨੂੰ ਲੈ ਕੇ ਵਿਵਾਦ ਭਖਿਆ




ਭਾਰਤ 'ਚ ਕ੍ਰਿਕਟ ਪਿੱਚਾਂ ਨੂੰ ਲੈ ਕੇ ਲਗਾਤਾਰ ਬਹਿਸ ਜਾਰੀ ਹੈ। ਦੱਖਣੀ ਅਫਰੀਕਾ ਦੇ ਆਫ ਸਪਿਨਰ ਸਾਈਮਨ ਹਾਰਮਰ ਨੇ ਹਾਲਾਂਕਿ ਭਾਰਤੀ ਬੱਲੇਬਾਜ਼ੀ ਕੋਚ ਸੰਜੇ ਬਾਂਗੜ ਦਾ ਸਮਰਥਨ ਕਰਦਿਆਂ ਕਿਹਾ ਕਿ ਅੱਜਕਲ ਨਤੀਜਾ ਦੇਣ ਵਾਲੀਆਂ ਪਿੱਚਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਉਸ ਨੇ ਕਿਹਾ, "ਮੈਨੂੰ ਨਹੀਂ ਲੱਗਦਾ ਕਿ ਇਨ੍ਹਾਂ ਦਿਨਾਂ 'ਚ ਪੰਜ ਦਿਨ ਲਈ ਪਿੱਚ ਤਿਆਰ ਕੀਤੀ ਜਾ ਰਹੀ ਹੈ। ਦਰਸਅਲ ਨਤੀਜਾ ਦੇਣ ਵਾਲੀ ਪਿੱਚ ਤਿਆਰ ਕੀਤੀ ਜਾ ਰਹੀ ਹੈ।"

ਹਾਰਮਰ ਨੇ ਕਿਹਾ, "ਭਾਰਤੀ ਟੀਮ ਜਦੋਂ ਦੱਖਣੀ ਅਫਰੀਕਾ ਖੇਡਣ ਆਵੇਗੀ ਤਾਂ ਅਸੀਂ ਵੀ ਅਜਿਹੀ ਵਿਕਟ ਤਿਆਰ ਕਰਾਂਗੇ, ਜਿਹੜੀ ਸਾਡੇ ਗੇਂਦਬਾਜ਼ਾਂ ਦੇ ਅਨੁਕੂਲ ਹੋਵੇਗੀ। ਇਸ ਲਈ ਇਹ ਸਾਫ ਹੈ ਕਿ ਇਥੇ ਕਿਸ ਤਰ੍ਹਾਂ ਦੀ ਪਿੱਚ ਬਣਾਈ ਜਾ ਰਹੀ ਹੈ। ਹਾਰਮਰ ਨੇ ਕਿਹਾ ਕਿ ਇਥੇ ਵੀ. ਸੀ. ਏ. ਸਟੇਡੀਅਮ ਦੀ ਪਿੱਚ ਇਕਦਮ ਪਹਿਲੇ ਮੋਹਾਲੀ ਟੈਸਟ ਮੈਚ ਦੀ ਪਿੱਚ ਵਰਗੀ ਹੀ ਹੈ।



ਸ਼੍ਰੀਮਤੀ ਸੋਨੀਆ ਗਾਂਧੀ | ਰਾਹੁਲ ਗਾਂਧੀ | ਸ. ਮਨਮੋਹਨ ਸਿੰਘ | ਸ਼੍ਰੀਮਤੀ ਅੰਬਿਕਾ ਸੋਨੀ | ਰਵਨੀਤ ਬਿੱਟੂ | ਲਾਲ ਸਿੰਘ | ਸਾਧੂ ਸਿੰਘ ਧਰਮਸੋਤ

# ਪੰਜਾਬ ਦੀ ਬੁਲੰਦ ਆਵਾਜ਼

## ਮਹਾਰਾਜਾ ਕੈਪਟਨ ਅਮਰਿੰਦਰ ਸਿੰਘ



**ਕਾਂਗਰਸ ਹਾਈ ਕਮਾਨ ਵੱਲੋਂ ਪੰਜਾਬ ਦੀ ਬੁਲੰਦ ਆਵਾਜ਼ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਦੁਬਾਰਾ ਪ੍ਰਧਾਨ ਬਣਾਉਣ ’ਤੇ ਸਮੂਹ ਕਾਂਗਰਸ ਲੀਡਰਸ਼ਿਪ ਦਾ ਧੰਨਵਾਦ ਅਤੇ ਲੱਖ-ਲੱਖ ਮੁਬਾਰਕਾਂ**

ਜਾਰੀ ਕਰਤਾ

# ਪਾਲ ਸਹੋਤਾ

ਪ੍ਰਧਾਨ, ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ

559-269-6974



# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: Info@skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154

# Golden State Truck Sales Inc.



## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ
ਬਾਇਰ (ਪਹਿਲੀ ਵਾਰ ਖਰੀਦਣ ਵਾਲੇ),
ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ
ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





**Call : Dharminder Singh**

Cell : 530-870-6600 Fax : 530-405-1429

Email: myfuturetruck@gmail.com

2535 Front St. West Sacramento, CA 95691